@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

कौमी पत्रिका
Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Wednesday, 11 November 2026

Punjabi National Daily

VISIT: www.qaumipatrika.org
Email: qpatrika@gmail.com

नवीं दिॅल्ली: बुॅधवार 11 नवंबर 2026, 27 कॅतकु नानकशा़ही संमत 555 (सफ़े-12) मुॅल 3.00 रुपऐ

R.N.I. No. 39272/81— संपादक — गुरचरन सिंघ बॅबर — साल — 45, अंक 3, qpatrika@gmail.com फॅन : 9971359517 www.qaumipatrika.org

‘राहुल तॅों पहिलां वी सी इक पुॅतर, जनम लैंदिआं ही थॅो बैठे सी उस नूॅं’; सॅोनीआ गांधी ने बिआन कीता आपणा दरद

कौमी पत्रिका
सिमी कौर बॅबर

नवीं दिॅल्ली 10 नवंबर। कांगरस नेता सॅोनीआ गांधी दी हाल ही ’च जारी हॅोई आतमकथा ’बिलॅोंगिंगः अ जरनी आफ लव’ ’च इक अजिहे बॅचे दा ज़िकर है जिस बारे जनतक जीवन ’च शा़इद ही कदे चरचा हॅोई हॅोवे। निऊज़ ऐजंसी पीटीआई अनुसार, इह बॅचा उनॉं ते उनॉं दे पती, साबका प्रधान मंतरी राजीव गांधी दा पहिला पुॅतर सी। इस जॅोड़े ने राहुल गांधी दे जनम तॅों इक साल तॅों वी वॅध समां पहिलां आपणे इस बॅचे नूॅं गुआ दिॅता सी। सॅोनीआ गांधी लिखदे हन कि इह दुखदाई घटना जनवरी 1969 ’च वापरी सी। इस तॅों कुॅझ महीने पहिलां जदों उनॉं दे गरभवती हॅोण दी ख़बर आई सी तां पूरे गांधी परिवार ’च खुशी दी लहिर दौॅड़ गई सी। जनतक तौॅर ’ते आपणीआं



भावनावां खुॅल्ह के प्रगट ना करन वाली साबका प्रधान मंतरी इंदरा गांधी ने वी इस ख़बर दा गरमजॅोशी नाल सवागत कीता सी अते आपणी नूॅंह नूॅं गले लगा लिआ सी। इंदरा गांधी ने खुशी ’च किहा सी कि इक वॅडा बॅचा हुण दूजे बॅचे नूॅं जनम देण जा रिहा है। हालांकि, इह खुशी ज़िआदा समें तॅक कायम नहीं रहि सकी। तैअ समें तॅों करीब दॅो महीने पहिलां ही सॅोनीआ गांधी नूॅं जणेपे दा दरद शुॅरू हॅो गिआ ते 18 जनवरी 1969 नूॅं उनॉं ने इक पुॅतर नूॅं जनम दिॅता। समें तॅों पहिलां जनम लैण दे बावजूद नवजंमिआ बॅचा देखण ’च सिहतमंद लॅग रिहा सी। सॅोनीआ लिखदी हन, ”जदॅों बॅचे नूॅं इनकिउबेटर ’च रॅखिआ गिआ तां मैं उस दे रॅोण दी पहिली आवाज़ सुणी। बाअद ’च राजीव मैनूॅं उस नूॅं दिखाउण लै गए। सॅंघणे काले वालां ते लंमीआं, पतलीआं उंगलां वाला इक निॅका जिहा सुंदर बॅचा सी। उस नूॅं देखदे ही सानूॅं उस नाल बेहॅद पिआर हॅो गिआ।” पर उह नंनी जान सिरफ़ कुॅझ घंटे ही जिउंदी रहि सकी। डाकटरां ने राजीव गांधी नूॅं पहिलां ही चिंतावनी दे दिॅती सी कि बॅचे दे बचन दी संभावना बहुॅत घॅट है। अगली सवेर जदॅों इस जॅोड़े नूॅं बॅचे दे ना रहिण दी ख़बर मिली तां दॅोवें डूंघे सदमे ’च चले गए। सॅोनीआ गांधी याद करदी हन कि हमेशा़ संजम ’च रहिण वाले राजीव गांधी वी आपणे हंॅझू नहीं रॅोक सके अते उनॉं दे नाल फुॅट-फुॅट के रॅोण लॅगे। उस समें दौॅरे ’ते बाहर गई इंदरा गांधी वी आपणा दौॅरा विचाले छॅड के तुरंत हसपताल पहुॅची अते नम अॅखां नाल दॅोवां नूॅं गले लगाइआ। बॅचे दे चले जाण तॅों बाअद परिवार साहमणे इह सवाल खड़ा हॅो गिआ कि उस दा अंतिम संसकार किवें कीता जावे। सॅोनीआ गांधी दॅसदे हन कि नवजंमे बॅचिआं दे रवाइती अंतिम संसकार तहित जदॅों बॅचे दी देह नूॅं नदी ’च प्रवाहित करन दी गॅल हॅोई तां उह बुरी तरां घबरा गए।

सचिन पाइलट दा वॅडा दाअवा ! वॅडे बहुमत नाल पंजाब ’च बणेगी कांगरस दी सरकार

कौमी पत्रिका

संगरूर 10 नवंबर। पंजाब कांगरस वॅलॅों अॅज संगरूर ’च राहुल गांधी दी अगवाई विच इनसाफ़ रैली दा आयॅजन करके चॅोन बिगुल वजाइआ गिआ है। इस मौॅके पंजाब कांगरस दे इंचारज अते राजसथान दे ऊॅप मुॅख मंतरी सचिन पाइलट ने संबॅधन दौॅरान वॅडा दाअवा करदिआं किहा कि पंजाब ’च कांगरस सरकार वॅडे बहुमत नाल चॅोनां विच जिॅत करके सरकार बणाएगी। उनॉं पंजाब सरकार ’ते शबदी हमले करदे किहा कि आम आदमी पारटी दी सरकार ने पंजाब दे लॅोकां नाल धॅोखा कीता है। उनॉं किहा कि आम आदमी पारटी ने चॅोनां दौॅरान इक मौॅका मंगिआ सी पर 5 साल पंजाब दे लॅोकां नाल धॅोखा कीता। सचिन पाइलट ने किहा कि मुॅख मंतरी भगवंत मान नूॅं गंभीर मुॅदिआं दी समझ नहीं है, उह सिरफ़ चुटकले सुणाउंदे हन। उनॉं ’ते गंभीर दॅोश लॅगे हन पर उह उनॉं दा जवाब नहीं दे पा रहे हन। पंजाब अते देश दे लॅोक जाणदे



हन कि राहुल गांधी ने हमेशा़ सॅचाई दी लड़ाई लड़ी है। कांगरस धरम निरपॅख पारटी है, पंजाब दे लॅोक गैंगसटरवाद, नशे अते फिरैंती तॅों परेशान हॅो चुॅके हन। उह हुण नवीं शुॅरूआत चाहुंदे हन। उनॉं वॅडा दाअवा करदे हॅोए किहा कि पंजाब विच फरवरी विच चॅोणां हॅोणीआं हन। उनॉं किहा कि 5 साल पहिलां जिंना वॅडा बहुमत पंजाब दी जनता ने आम आदमी पारटी नूॅं दिॅता सी, उसे तरां कांगरस वी वॅडे बहुमत नाल पंजाब विच जिॅत हासल करके सरकार बणाएगी।

रामॅ मंदर चड़ावा चॅोरी मामला : सुपरीम कॅोरट ने निपटाईआं पटीशनां, टरायिल ’च मदद करनगे पटीशनर

नवीं दिॅल्ली 10 नवंबर। अयुॅधिआ रामॅ मंदर चंदा चॅोरी मामले विच सुपरीम कॅोरट ने सारीआं पटीशनां दा निपटारा कर दिॅता। सॅोमवार नूॅं उॅतर प्रदेश सरकार ने सुपरीम कॅोरट नूॅं दॅोसिआ कि अयुॅधिआ विच रामॅ जनमभूमी मंदर लई मिले चंदे विच कथित हेराफेरी दे मामले विच चारजशीट दाखल कर दिॅती गई है। नाल ही कॅोरट ने पटीशनरां नूॅं मुकॅदमे दौॅरान सथानक मैजिसट?रेट दी मदद करन दी इजाज़त दे दिॅती है। चीफ़ जसटिस सूरिआकांत दी



प्रधानगी वाली बैंच ने मंदर दे चंदे दी कथित चॅोरी नाल जुड़ीआं पटीशनां दा निपटारा कर दिॅता अते निआइक मैजिसट?रेट नूॅं कानूॅन दे अनुसार मामले दी कारवाई अॅगे वधाउण दा हुकमश़ दिॅता। सुपरीम कॅोरट ने इह वी साफ़ कीता कि उनॉं ने इस पूरे मामले विच इनॉं दॅोशां दी सॅचाई जां गुण-दॅोश ’ते कॅोई राइ नहीं दिॅती है। उॅतर प्रदेश सरकार वॅलॅों पेश हॅोए सालिसिटर जनरल तुशार महिता ने अदालत नूॅं दॅोसिआ कि मंदर विच दान दी गिनती दौॅरान कथित चॅोरी हॅोई सी। उनॉं किहा कि पैसे दी गिनती विच शामल कुॅझ अधिकारी कथित तौॅर ’ते रकम लै लैंदे सन अते जां तां उस नूॅं किते हॅोर निवेश कर दिंदे सन जां फिर आपणे बैंक खातिआं विच जम?हा करवा दिंदे सन। अदालत ने पटीशनां दा निपटारा करदिआं किहा कि उस ने रामॅ मंदर विच चड़ावा चॅोरी दे मामले दे गुण-दॅोश ’ते कॅोई राइ प्रगट नहीं कीती है।

टैकस ’ते फ़ैसला लैण तॅों पहिलां विदेशी निवेशकां दी राइ सुणेगी सरकार : निरमला सीतारमन

बिज़नैॅस डैसक 10 नवंबर। भारती शेॅअर बाज़ार तॅों विदेशी पॅोरटफॅोलीॅो निवेशकां (अैॅफ. पी. आई.) दी लगातार निकासी दरमिआन सरकार ने उनॉं दीआं टैकस संबंधी चिंतावां नूॅं सुणन दा संकेत दिॅता है। वित मंतरी निरमला सीतारमन ने किहा कि संभावी टैकस बदलावां ’ते फैसला लैण तॅों पहिलां सरकार विदेशी निवेशकां दी राइ सुणेगी ते उनॉं दा पॅख समझेगी। हालांकि, उनॉं ने किसे विशेश टैकस ’च कटॅती जां छॅट दा अैलान नहीं कीता है। अैॅफ. डी. पुरसकार समारॅह ’च दिॅते गए बिआन ’च सीतारामन ने किहा कि विदेशी निवेशकां दी निकासी नूॅं लै के चिंता वधी है अते बदली हॅोई सथिती नूॅं समझणा ज़रूरी है। उनॉं ने 2023 दे मज़बूत विदेशी निवेश दा हवाला दिंदे हॅोए किहा कि सरकार पहिलां अैॅफ. पी. आईज़ दी गॅल सुणेगी अते उस तॅों बाअद विचार करेगी कि की कदम चुॅके जा सकदे हन।

‘असीं पंजाब जिॅतांगे तां पूरा भारत जिॅतांगे’, मलिॅकारुजन खड़गे दा वॅडा बिआन

कौमी पत्रिका
नवदीप सिंघ साहनी

संगरूर 10 नवंबर। इॅथे पंजाब कांगरस दी इनसाफ़ रैली नूॅं संबॅधन करदिआं कांगरस दे कौमी प्रधान मलिॅकारुजन खड़गे ने किहा कि अॅज दा दिन पंजाबीआं लई बड़ा शुॅभ है किउंकि साडा चॅोण प्रचार अॅज संगरूर तॅों शुॅरू हॅो रिहा है। उनॉं ने किहा कि लॅोकां दी एकता कायम रॅखण दी लॅोड़ है। खड़गे ने किहा कि वॅोट चॅोरी दी सरकार हर पासे चॅल रही है। उनॉं ने वॅडा अैलान करदिआं किहा कि जेकर असीं पंजाब जिॅतांगे तां पूरा भारत जिॅतांगे, इह मेरा दाअवा है। जिॅत इॅथॅों शुॅरू हॅोणी चाहीदी है अते इस लई सानूॅं मिल के रहिणा पवेगा किउंकि साडे देश ’च फुॅट पाउण वाले लॅोक



वी हन। उनॉं किहा कि पंडित जवाहर लाल नहिरू वलॅों बणाईआं गईआं चॅोगीआं संसथावां नूॅं ख़तम करन दी कॅोशि़श कीती जा रही है। उनॉं किहा कि डा. बाबा साहिब अंबेडकर ने वॅोट दा अधिकार दिॅता अते संविधान लिखिआ। उनॉं किहा कि जेकर तुहाडे कॅोल वॅोट दा अधिकार नहीं है तां तुसीं कुॅझ वी नहीं कर सकदे। खड़गे ने इस मौॅके पंजाब ’च फैले नशि़आं दा ज़िकर करदिआं सूबा सरकार ’ते तिॅखा हमला कीता। उनॉं किहा कि इस सरकार ने सॅतां ’च आउण तॅों पहिलां लॅोकां नाल नशा़ ख़तम करन दा वाअदा कीता सी पर सरकार इस ’ते पूरा नहीं उॅतर सकी। सूबे दे किसान बरबाद हॅो रहे हन, नौंजवान नशि़आं कारन मर रहे हन अते इह इक चंगी सरकार दी निशानी नहीं है। उनॉं किहा कि सॅोनीआ गांधी अते मनमॅोहन सिंघ जी ने गरीबां लई बहुॅत सारे कंम कीते हन। मनरेगा सणे हॅोर वी बहुॅत सारीआं सहूलतां दिॅतीआं।

1984 दे ज़ख़म अॅज वी हरे, कांगरस ने कदे सिॅख कौम तॅों मुआफ़ी नहीं मंगी : केवल सिंघ ढिलॅों

चंडीगड़ 10 नवंबर। भारती जनता पारटी दे पंजाब प्रधान केवल ढिलॅों ने 1984 दे सिॅख कतलेआम नूॅं लै के कांगरस पारटी ’ते तिॅखे निशाने साधे हन। उनॉं किहा कि नवंबर महीना आउंदे ही सिॅख कौम दे पुरानॅे ज़ख़म मुड़ हरे हॅो जांदे हन। 1984 ’च दिॅली समेत देश दे वॅख-वॅख शहिरां ’च सिॅखां नाल जॅो कुॅझ हॅोइआ, उस नूॅं याद करके अॅज वी रूह कंब जांदी है। केवल ढिलॅों ने किहा कि 1984 ’च सिॅखां दा कतलेआम कीता गिआ। उनॉं किहा कि इह अजिहे ज़ख़म हन, जिनॉं नूॅं सिॅख कौम ना तां कदे भुॅल सकदी है अते ना ही भुॅलणा चाहीदा है। उनॉं इस घटना लई कांगरस पारटी नूॅं ज़िमेवार ठहिराउंदिआं किहा कि अॅज तॅक गांधी परिवार वॅलॅों इस मामले ’च सिॅख कौम तॅों मुआफ़ी नहीं मंगी गई अते कांगरस आपणी ज़िमेवारी तॅों बचदी रही है। केवल ढिलॅों ने कांगरस वॅलॅों 10 नवंबर नूॅं संगरूर विॅच कीती जा रही इनसाफ़ रैली ’ते वी सवाल चुॅके। उनॉं किहा कि राहुल गांधी वॅलॅों 1 नवंबर नूॅं रैली रॅखण दी गॅल साहमणे आई सी। उनॉं सवाल कीता कि इस रैली दी तारीख़ अॅगे-पिॅछे वी कीती जा सकदी सी। उनॉं किहा कि जदॅों सिॅख कतलेआम दे ज़ख़म अॅज वी लॅोकां दे मनां विॅच ताज़ा हन तां अजिहे समें कांगरस वॅलॅों इनसाफ़ रैली करन दा की मतलब है। उनॉं किहा कि कांगरस नूॅं पहिलां 1984 दे सिॅख कतलेआम बारे आपणी ज़िमेवारी सवीकार करनी चाहीदी है। सिॅख कौम ने उस दौॅर विॅच बहुॅत वॅडा संताप हॅोंढाइआ है अते इस दरद नूॅं सिरफ़ सिआसी बिआनां नाल नहीं समझिआ जा सकदा। केवल ढिलॅों ने इह गॅलां भाजपा दे सीनीअर आगूआं अते 1984 दे पीड़त परिवारां दी मौॅजूदगी विॅच संबॅधन करदिआं कहीआं।

रामलीला मैदान रैली ’च शामल ना हॅोण ’ते 83 यूॅथ कांगरस अधिकारी मुअॅतल

नवीं दिॅली 10 नवंबर। भारती यूॅवा कांगरस ने 1 नवंबर नूॅं दिॅली दे रामलीला मैदान विॅच आयॅजित भारत गठजॅड़ वॅलॅों आयॅजित वॅोट बचाॅो, देश बचाॅो महां रैली विॅच शामल ना हॅोण ’ते तिंन राजां दे आपणे 83 अहुदेदारां नूॅं मुअॅतल कर दिॅता है। संगठन दी कारवाई दे हिॅसे वजॅों मॅध प्रदेश दे 60, हरिआना दे 10 अते हिमाचल प्रदेश दे 13 अधिकारीआं नूॅं मुअॅतल कर दिॅता गिआ है। मुअॅतल कीते गए अधिकारीआं विॅच सूबा यूॅथ कांगरस दे ऊॅप प्रधान, जनरल सकॅतर अते सकॅतर पॅधर दे आगू शामल हन। सॅोशल मीडीआ पलेटफारम ’अैकस’ ’ते जारी इॅक बिआन विॅच, मॅध प्रदेश यूॅथ कांगरस ने किहा कि इह कारवाई भारती यूॅथ कांगरस दी राशटरी लीडरशिप दे निरदेशां दी पालना विॅच कीती गई है। बिआन दे अनुसार 1 नवंबर, 2026 नूॅं नवीं दिॅली दे रामलीला मैदान विॅच आयॅजित ’वॅोट चॅोरी विरॅधी रैली’ तॅों गैरहाज़री कारन संगठनातमक अनुशासनहीनता दा मामला साहमणे आइआ सी। बिआन विॅच किहा गिआ है कि इस मामले नूॅं गंभीरता नाल लैंदे हॅोए संबंधत अहुदेदारां नूॅं अगले हुकमां तॅक तुरंत प्रभाव नाल मुअॅतल कर दिॅता गिआ है।

जंमू-राजॅौरी विॅच सीबीआई दा वॅडा अैकशन, कई थावां ’ते मारे वॅडे छापे

कौमी पत्रिका

जंमू 10 नवंबर। केंदरी जांच बिऊरॅो (सीबीआई) ने खनन निखमां दी उलंघणा अते सरकारी कंमां दी वंड विॅच बेनिखमीआं नाल संबंधत इॅक मामले दी जांच दे संबंध विॅच जंमू अते राजॅौरी जिलि्हआं विॅच चार थावां ’ते इॅकॅो समें छापेमारी कीती। जानकारी अनुसार, सीबीआई टीमां ने जंमू विॅच जिलि्हा खनिज अधिकारी (डीअैमॅो) दे दफ़तर, ताॅवी नदी दे कंढे सथित इॅक पॅथर करशॅर यूनिट अते इॅक माईनिंग बलाक तॅों इलावा राजॅौरी जिलि्हे दे नौंशहिरा खेतर विॅच लॅोक निरमाण विभाग (पीडबलयूडी) दे दफ़तर दी तलाशी लई। सूतरां अनुसार, जंमू विॅच कीती गई कारवाई उनॉं दॅोशां नाल संबंधत है कि कुॅझ सटॅोन करशॅर यूनिट अते इॅक माईनिंग बलाक बिना वैध परमिटां दे कंम कर रहे सन। दॅोश हन कि संबंधत इकाईआं लॅोड़ींदी वाताविरण प्रवानगी ना मिलण दे बावजूद आपणा कंम जारी रॅख रहीआं सन। इस दौॅरान राजॅौरी जिलि्हे दे नौंशहिरा विॅच लॅोक निरमाण विभाग दे दफ़तर दी तलाशी नूॅं सरकारी



ठेकिआं दी वंड विॅच कथित बेनिखमीआं नाल जॅोड़िआ जा रिहा है। दॅोश है कि निरधारत टैंडर प्रकिरिआ अते निखमां दी पालना कीते बिना चॅोनवीआं कंपनीआं नूॅं सरकारी कंम अलाट कर दिॅते गए। तलाशी दौॅरान सीबीआई टीमां ने विभागी फाईलां, दसतावेज़ां अते हॅोर सरकारी रिकारडां दी जांच कीती अते कई महॅतवपूरन दसतावेज़ ज़बत कीते। इनॉं दसतावेज़ां दी विसत्रित जांच राहीं इह पता लगाउण दी कॅोशि़श कीती जावेगी कि की माईनिंग निखमां, संचालन अनुमतीआं अते सरकारी ठेकिआं दी वंड लई निरधारत प्रकिरिआवां दी पालना कीती गई सी जां नहीं। जांच अैजंसी दा मुॅख उदेश़ माईनिंग अते सटॅोन करशॅर यूनिटां दे संचालन नाल संबंधत दॅोशां दी असल सथिती ते सरकारी ठेकिआं दी अलाटमैंट विॅच अपनाई गई प्रकिरिआ दा पता लगाउणा है। हालांकि, ख़बर लिखे जाण तॅक सीबीआई वॅलॅों तलाशी जां अगली कारवाई दौॅरान साहमणे आए तॅथां बारे कॅोई विसत्रित अधिकारत बिआन जारी नहीं कीता गिआ। सीबीआई दी इस कारवाई तॅों बाअद जंमू डिवीज़न विॅच माईनिंग विभाग अते सरकारी ठेकिआं दी अलाटमैंट दी प्रकिरिआ इॅक वार फिर जांच दे घेरे विॅच आ गई है।

राज पॅधरी कपालमॅोचन मेले नूॅं दिॅता जावे भव अते दिव सरुप, शरधालूआं दीआं सहूलतां विॅच ना रहे कॅोई कमी : मुॅख मंतरी सैणी

कौमी पत्रिका
तेजिंदर कौर बॅबर

चंडीगड़, 10 नवंबर। हरिआना दे मुॅख मंतरी शी नाइब सिंघ सैणी ने अधिकारीआं नूॅं निरदेश दिॅते कि यमुनानगर ज़िलि्हे दे बिलासपुर विॅच आयॅजित हॅोण वाले राज पॅधरी कपालमॅोचन मेले नूॅं शानदार, दिवफ अते आकरशक सरूप प्रदान कीता जावे। मेले विॅच आउण वाले लॅखां शरधालूआं नूॅं अधिआतमिक वाताविरण दे नाल-नाल बिहतर सहूलतां उपलबध करवाईआं जान, तां जॅो उनॉं नूॅं किसे वी प्रकार दी तकलीफ़ दा साहमणा ना करना पवे। उनॉं किहा कि इह इतिहासक मेला सूबे दी अमीर धारमिक, सॅभिआचारक अते अधिआतमिक विरासत दा प्रतीक है। इस दी गरिमा अते इतिहासक महॅतता दे अनुकूल सारीआं तिआरीआं समांबॅध ढंग नाल पूरीआं कीतीआं जान। मुॅख मंतरी शी नाइब सिंघ सैणी मंगलवार नूॅं राज पॅधरी कपालमॅोचन मेले दीआं तिआरीआं दी समीखिआ लई आयॅजित उॅच-पॅधरी मीटिंग दी प्रधानगी कर रहे सन। उनॉं किहा कि बिलासपुर विॅच लगभग 122 इॅकड़ खेतर विॅच 20 तॅों 24 नवंबर तॅक आयॅजित हॅोण वाले इस पंज रॅोज़ा मेले विॅच शरधालूआं दी सहूलत, सुरॅखिआ, सफ़ाई अते सुचारू आवाजाही नूॅं सरवउॅच पहिल दिॅती जावे। मीटिंग विॅच मुॅख सकॅतर शी अनुरागा रसतॅगी, मुॅख मंतरी दे उप प्रधान सकॅतर डा. यशपाल यादव, मुॅख मंतरी दे ऑ.अैस.डी. शी बी.बी. भारती, सूचना, लॅोक संपरक अते भाशा़ विभाग दे निरदेशक डा. आदिॅतिआ दहीआ, यमुनानगर दी डिपटी कमिशनर शी़मती प्रीती, विभाग दे वधीक निरदेशक शी विवेक काली़आ अते यमुनानगर दे वधीक डिपटी कमिशनर शी नवीन आहूजा समेत हॅोर सीनीअर अधिकारी हाज़र सन। मेले विॅच दिसेगी सिॅख गुरूआं दी गौंरवशाली विरासत, जन-कलिआणकारी यॅजनावां दी वी मिलेगी जानकारी: मुॅख मंतरी शी नाइब सिंघ सैणी ने किहा कि कपालमॅोचन मेले विॅच इॅक भव अते आकरशक प्रदरशनी लगाई जावे, जिस विॅच सिॅख धरम दे सारे दस गुरूआं दे गौंरवशाली इतिहास, उनॉं दे जीवन दरशन, सिॅखिआवां अते समाज लई यॅगदान नूॅं तसवीरां समेत प्रदरशित कीता जावे। इस दे नाल ही कें्दर अते राज सरकार दीआं वॅख-वॅख विकासमुखी अते जन-कलिआणकारी यॅजनावां दी जाणकारी वी आम लॅोकां तॅक पहुॅचाई जावे। उनॉं किहा कि प्रदरशनी विॅच पहिले आज़ादी संगराम 1857 दी याद विॅच अंबाला विॅच बणाए गए शहीदी समारक दी इतिहासक महॅतता नूॅं वी प्रमुॅखता नाल दरसाइआ जावे, तां जॅो शरधालू देश दे महान आज़ादी घुलाटीआं दे बलीदान अते संघरश़ तॅों जानूॅ हॅो सकन। इस तॅों इलावा अैल.ई.डी. सकीनां राहीं लघू फ़िलमां दा प्रदरशन करके सूबे दी विकास यातरा अते वॅख-वॅख जन-कलिआणकारी यॅजनावां दी जाणकारी दिॅती जावे। मुॅख मंतरी ने किहा कि कें्दर अते राज सरकार दे विशेश़ महिमान वी इस प्रदरशनी दा निरीखण करनगे। उनॉं दॅोसिआ कि संत-महापुरश़ सनमान अते विचार प्रसार यॅजना तहित 24 नवंबर नूॅं सिॅखां दे पहिले गुरू शी गुरू नानक देव जी दा राज पॅधरी प्रकाश़ पुरब वी बिलासपुर विॅच मनाइआ जावेगा। मुॅख मंतरी ने निरदेश दिॅते कि मेले विॅच आउण वाले शरधालूआं नूॅं इॅक यादगार अधिआतमिक अते सॅभिआचारक तजरबा प्रदान करन लई विशेश़ प्रबंध कीते जान।



इस मौॅके शी गुरू नानक देव जी दे जीवन, सिॅखिआवां अते मानवता लई उनॉं दे संदेश़ ’ते आधारित भव डरॅान शॅो अते लाइट अैंड साउंड शॅो आयॅजित कीते जान। उनॉं किहा कि मेले दे सारे मुॅख दाखला मारगां ’ते आकरशक अते भव सुआगती गेट बणाए जान। इहनां सुआगती गेटां दे नां शी गुरू नानक देव जी, बाबा बंदा सिंघ बहादर समेत हॅोर महान संतां अते महापुरशां दे नां ’ते रॅखे जान। सुआगती गेटां अते मेला परिसर विॅच गुरबाणी दे पवित्तर बॅोल गूंजदे रहिण, तां जॅो शरधालूआं नूॅं अधिआतमिक वाताविरण दी महिसूसगी हॅोवे। मुॅख मंतरी शी नाइब सिंघ सैणी ने किहा कि मेले विॅच आउण वाले शरधालूआं दी सहूलत लई विआपक पॅधर ’ते इंतज़ाम यकीनी बणाए जान। शरधालूआं लई लंगर/भंडारे, ठहिरन लई छुकवीआं थावां, साफ़ पीण वाला पाणी अते औरतां ते मरदां लई अलॅग-अलॅग पखानिआं दा प्रबंध कीता जावे। उनॉं निरदेश दिॅते कि मेला खेतर विॅच सवे-सहाइता समूहां वॅलॅों तिआर कीते सवदेशी उतपादां दी प्रदरशनी अते विकरी लई वी विशेश़ प्रबंध कीते जान। इस नाल शरधालूआं नूॅं सथानक अते सवदेशी उतपादां तॅों जानूॅ हॅोण दा मौॅका मिलेगा। इस तॅों इलावा वॅख-वॅख थावां ’ते अैल.ई.डी. सकीनां लगाईआं जान, तां जॅो शरधालू मेले दे मुॅख पॅोगरामां दा आनंद माण सकन। मुॅख मंतरी ने किहा कि कॅतक दी पूरनमाशी अते शी गुरू नानक देव जी दे प्रकाश़ पुरब दे मौॅके ’ते आयॅजित हॅोण वाला इतिहासक कपालमॅोचन मेला शरधा, अकीदत अते अधिआतमिक परंपरावां दा महॅतवपूरन कें्दर है। इस मेले विॅच हर साल हरिआना तॅों इलावा पंजाब, हिमाचल प्रदेश अते उॅतर प्रदेश समेत वॅख-वॅख राजां तॅों लॅखां शरधालू पहुॅचदे हन। उनॉं किहा कि कपालमॅोचन तीरथ दा विशेश़ पौरानिक महॅतव है। इॅथे सथित शी कपालमॅोचन, शी रिनमॅोचन अते शी सूरजकुंड सरॅोवर शरधालूआं दी डूंघी अकीदत दे कें्दर हन।

ਭੈਣ 'ਤੇ ਮਾੜੀ ਨਿਗਾਹ ਰੱਖਣ ਵਾਲੇ ਦਾ ਵੱਢ'ਤਾ ਗੁੱਟ ! ਪੁਲਸ ਵੱਲੋਂ 2 ਗ੍ਰਿਫ਼ਤਾਰ

ਕੌਮੀ ਪਤ੍ਰਿਕਾ

ਲੁਧਿਆਣਾ 10 ਨਵੰਬਰ। ਗਿੱਲ ਕਾਲੋਨੀ ਵਿਚ ਸ਼ਨੀਵਾਰ ਸਵੇਰੇ ਅੰਜਾਮ ਦਿੱਤੀ ਗਈ ਰੂਹ ਕੰਬਾਊ ਵਾਰਦਾਤ ਵਿਚ ਪੁਲਸ ਜਾਂਚ ਦੌਰਾਨ ਸਨਸਨੀਖੇਜ਼ ਖ਼ੁਲਾਸੇ ਹੋਏ ਹਨ। ਘਰ ਵਿਚ ਵੜ ਕੇ 40 ਸਾਲਾ ਸ਼ਕਤੀ ਸਿੰਘ ਉਰਫ਼ ਭੂਰਾ ਦਾ ਤਲਵਾਰ ਨਾਲ ਹੱਥ ਵੱਢ ਕੇ ਵੱਖ ਕਰਨ ਅਤੇ ਕਤਲ ਕਰਨ ਦੇ ਮਾਮਲੇ ਵਿਚ ਪੁਲਸ ਨੇ ਕਾਰਵਾਈ ਕਰਦਿਆਂ ਮੁੱਖ ਮੁਲਜ਼ਮ ਦਲਬੀਰ ਸਿੰਘ ਅਤੇ ਉਸ ਦੇ ਸਾਥੀ ਲਖਬੀਰ ਸਿੰਘ ਉਰਫ਼ ਵਿੱਕੀ ਕਾਰਪੈਂਟਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਸ ਨੇ ਮਾਮਲੇ ਵਿਚ ਕੁੱਲ 7 ਮੁਲਜ਼ਮਾਂ ਖ਼?ਲਾਫ਼ ਕਤਲ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਫ਼ਰਾਰ ਮੁਲਜ਼ਮਾਂ ਦੀ ਪਛਾਣ ਰਾਹੁਲ ਬੇਵੜਾ, ਮਾਣਾ, ਗਗਨ ਢਿੱਲੋਂ, ਲਾਡੋ ਅਤੇ ਮਨੀ ਬਾਸ਼ਾ ਵਜੋਂ ਹੋਈ ਹੈ, ਜਿਨ੍ਹਾਂ ਦੀ ਭਾਲ ਜਾਰੀ ਹੈ। ਐੱਸ. ਐੱਚ. ਓ. ਇੰਸਪੈਕਟਰ ਜਤਿੰਦਰ ਕੁਮਾਰ ਨੇ ਦੱਸਿਆ ਕਿ 4 ਹਥਿਆਰਬੰਦ ਨੌਜਵਾਨ ਗਿੱਲ ਕਾਲੋਨੀ ਸਥਿਤ ਮਕਾਨ ਵਿਚ ਦਾਖ਼ਲ ਹੋਏ ਅਤੇ ਸ਼ਕਤੀ ਸਿੰਘ 'ਤੇ ਤੇਜ਼ਧਾਰ



ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਬਚਾਅ ਸਮੇਂ ਤਲਵਾਰ ਦੇ ਵਾਰ ਨਾਲ ਉਸ ਦਾ ਗੁੱਟ ਵੱਢ ਕੇ ਵੱਖ ਹੋ ਗਿਆ। ਵਿਚ-ਬਚਾਅ ਕਰਨ ਆਏ ਮਕਾਨ ਮਾਲਕ ਨਾਲ ਵੀ ਕੁੱਟਮਾਰ ਕੀਤੀ ਗਈ। ਹਮਲਾਵਰ ਵੱਢਿਆ ਹੱਥ ਪਲਾਸਟਿਕ ਦੇ ਲਿਫ਼ਾਫ਼ੇ ਵਿਚ ਪਾ ਕੇ ਬਾਈਕ 'ਤੇ ਫ਼ਰਾਰ ਹੋ ਗਏ। ਜ਼ਿਆਦਾ ਖ਼ੂਨ ਵਹਿਣ ਕਾਰਨ ਹਸਪਤਾਲ ਵਿਚ ਭੂਰਾ ਦੀ ਮੌਤ ਹੋ ਗਈ ਸੀ। ਉਨ੍ਹਾਂ ਦੱਸਿਆ ਕਿ ਵਾਰਦਾਤ ਤੋਂ ਬਾਅਦ ਮੁਲਜ਼ਮ 800 ਮੀਟਰ ਦੂਰ ਸਥਿਤ ਇਕ ਕਰਿਆਨਾ ਸਟੋਰ 'ਤੇ ਪਹੁੰਚੇ ਅਤੇ ਦੁਕਾਨਦਾਰ ਨੂੰ ਡਰਾ-ਧਮਕਾ ਕੇ ਵੱਢੇ ਹੱਥ ਵਾਲਾ ਲਿਫ਼ਾਫ਼ਾ ਕਾਊਂਟਰ 'ਤੇ ਰੱਖਦਿਆਂ ਕਿਹਾ ਕਿ ਇਸ ਨੂੰ ਭੂਰਾ ਦੇ ਘਰ ਪਹੁੰਚਾ ਦੇਣਾ। ਭੱਜਦੇ ਹੋਏ ਬਦਮਾਸ਼ਾਂ ਦੀ ਇਕ ਸੀ. ਸੀ. ਟੀ. ਵੀ. ਫ਼ੁਟੇਜ ਵੀ ਸਾਹਮਣੇ ਆਈ ਹੈ, ਜਿਸ ਵਿਚ ਇਕ ਮੁਲਜ਼ਮ ਦੇ ਹੱਥ ਵਿਚ ਨੰਗੀ ਤਲਵਾਰ ਦਿਖਾਈ ਦੇ ਰਹੀ ਹੈ। ਪੁਲਸ ਪੁੱਛਗਿੱਛ ਦੌਰਾਨ ਮੁੱਖ ਮੁਲਜ਼ਮ ਦਲਬੀਰ ਨੇ ਦਾਅਵਾ ਕੀਤਾ ਕਿ ਮ੍ਰਿਤਕ ਉਸ ਦੀ ਭੈਣ 'ਤੇ ਮਾੜੀ ਨਜ਼ਰ ਰੱਖਦਾ ਸੀ, ਜਿਸ ਕਾਰਨ ਇਹ ਵਾਰਦਾਤ ਕੀਤੀ ਗਈ। ਦੂਜੇ ਪਾਸੇ ਪੁਲਸ ਜਾਂਚ 'ਚ ਇਹ ਵੀ ਸਾਹਮਣੇ ਆਇਆ ਹੈ ਕਿ ਮ੍ਰਿਤਕ ਸ਼ਕਤੀ ਸਿੰਘ ਭੂਰਾ ਖ਼ੁਦ ਵੀ ਅਪਰਾਧਿਕ ਪਿਛੋਕੜ ਵਾਲਾ ਸੀ ਅਤੇ ਕੁਝ ਦਿਨ ਪਹਿਲਾਂ ਹੀ ਜੇਲ 'ਚੋਂ ਬਾਹਰ ਆਇਆ ਸੀ। ਉਸ ਖ਼?ਲਾਫ਼ ਵੱਖ-ਵੱਖ ਥਾਣਿਆਂ 'ਚ 12 ਅਪਰਾਧਿਕ ਮਾਮਲੇ ਦਰਜ ਸਨ।ਸੂਤਰਾਂ ਅਨੁਸਾਰ ਚੋਰੀ ਦੇ ਸਾਮਾਨ ਨੂੰ ਵੇਚ ਕੇ ਆਏ ਪੈਸਿਆਂ ਦੀ ਵੰਡ-ਵੰਡਾਈ ਨੂੰ ਲੈ ਕੇ ਵੀ ਇਨ੍ਹਾਂ ਵਿਚਕਾਰ ਵਿਵਾਦ ਚੱਲ ਰਿਹਾ ਸੀ। ਸ਼ੁੱਕਰਵਾਰ ਰਾਤ ਤੋਂ ਹੀ ਘਰ ਅੰਦਰ ਬਹਿਸ ਹੋ ਰਹੀ ਸੀ, ਜੋ ਸਵੇਰੇ ਖ਼ੂਨੀ ਖੇਡ 'ਚ ਬਦਲ ਗਈ। ਮੁਲਜ਼ਮਾਂ ਨੇ ਕਰੀਬ 10 ਮਿੰਟ ਤੱਕ ਘਰ ਵਿਚ ਮੌਤ ਦਾ ਤਾਂਡਵ ਮਚਾਇਆ ਅਤੇ ਬਾਹਰ ਖੜ੍ਹੇ ਲੋਕਾਂ ਨੂੰ ਪੁਲਸ ਨੂੰ ਦੱਸਣ 'ਤੇ ਅਜਿਹਾ ਹੀ ਹਸ਼ਰ ਕਰਨ ਦੀਆਂ ਧਮਕੀਆਂ ਦਿੱਤੀਆਂ। ਸਾਹਮਣੇ ਵਾਲੇ ਘਰ ਦੇ ਲੋਕਾਂ ਵਲੋਂ ਵੀਡੀਓ ਬਣਾਉਣ ਦੇ ਸ਼ੱਕ 'ਚ ਮੁਲਜ਼ਮਾਂ ਨੇ ਉਨ੍ਹਾਂ ਦੇ ਗੇਟ 'ਤੇ ਵੀ ਦਾਤਰ ਮਾਰਿਆ, ਜਿਸ ਨਾਲ ਇਲਾਕੇ 'ਚ ਭਾਰੀ ਦਹਿਸ਼ਤ ਫੈਲ ਗਈ। ਪੁਲਸ ਅਧਿਕਾਰੀਆਂ ਅਨੁਸਾਰ ਬਾਕੀ ਮੁਲਜ਼ਮਾਂ ਨੂੰ ਜਲਦ ਗ੍ਰਿਫ਼ਤਾਰ ਕਰ ਕੇ ਹਥਿਆਰ ਬਰਾਮਦ ਕਰ ਲਏ ਜਾਣਗੇ।

ਨਗਰ ਨਿਗਮ ਚੋਣਾਂ ਲਈ ਸਰਗਰਮ ਹੋਈ ਭਾਜਪਾ ਸਾਰੇ 35 ਵਾਰਡ ਜਿੱਤਣ ਦਾ ਟੀਚਾ

ਕੌਮੀ ਪਤ੍ਰਿਕਾ

ਚੰਡੀਗੜ੍ਹ 10 ਨਵੰਬਰ। ਨਗਰ ਨਿਗਮ ਚੋਣਾਂ ਦੇ ਮੱਦੇਨਜ਼ਰ ਭਾਜਪਾ ਚੰਡੀਗੜ੍ਹ ਨੇ ਸੰਗਠਨਾਤਮਕ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਸੈਕਟਰ-33 ਸਥਿਤ ਪਾਰਟੀ ਦਫ਼ਤਰ ਕਮਲਮ ਵਿਖੇ ਪ੍ਰਧਾਨ ਜਤਿੰਦਰ ਪਾਲ ਮਲਹੋਤਰਾ ਦੀ ਪ੍ਰਧਾਨਗੀ ਹੇਠ ਹੋਈ ਸੂਬਾ ਕਾਰਜਕਾਰਨੀ ਦੀ ਮੀਟਿੰਗ 'ਚ ਸਾਰੇ 35 ਵਾਰਡਾਂ 'ਚ ਜਿੱਤ ਹਾਸਲ ਕਰਨ ਦੇ ਟੀਚੇ ਨਾਲ ਕੰਮ ਕਰਨ ਦਾ ਸੰਕਲਪ ਲਿਆ ਗਿਆ। ਪਾਰਟੀ ਦੇ ਨਵ-ਨਿਯੁਕਤ ਇੰਚਾਰਜ ਮਹਿੰਦਰ ਪਾਂਡੇ ਨੇ ਵਰਕਰਾਂ ਨੂੰ ਬੂਥ ਅਤੇ ਸ਼ਕਤੀ ਕੇਂਦਰ ਪੱਧਰ ਤੱਕ ਸੰਗਠਨ ਮਜ਼ਬੂਤ ਕਰਨ ਅਤੇ ਲੋਕਾਂ ਨਾਲ ਸੰਪਰਕ ਵਧਾਉਣ ਦਾ ਸੱਦਾ ਦਿੱਤਾ। ਮੀਟਿੰਗ 'ਚ 'ਰਾਸ਼ਟਰ ਨਿਰਮਾਣ, ਸੁਸ਼ਾਸਨ ਅਤੇ ਵਿਕਸਤ ਚੰਡੀਗੜ੍ਹ' ਸਿਰਲੇਖ ਹੇਠ ਸਿਆਸੀ ਮਤਾ ਪੇਸ਼ ਕੀਤਾ ਗਿਆ, ਜਿਸ 'ਚ ਸਿੱਖਿਆ, ਸਿਹਤ, ਆਵਾਜਾਈ ਅਤੇ ਵਾਤਾਵਰਣ ਨਾਲ ਸਬੰਧਿਤ ਮੁੱਦਿਆਂ ਦੇ ਨਾਲ ਪੀ.ਜੀ.ਆਈ . ਦੀਆਂ ਸਿਹਤ ਸਹੂਲਤਾਂ, ਜੀ.ਐੱਮ.ਸੀ.ਐੱਚ.-32 'ਚ ਐੱਮ.ਬੀ.ਬੀ.ਐੱਸ. ਸੀਟਾਂ 150 ਤੋਂ ਵਧਾ ਕੇ 200 ਕਰਨ ਦੀ ਪਹਿਲ, ਇਲੈਕਟ੍ਰਿਕ ਬੱਸਾਂ ਅਤੇ ਡੱਡੂਮਾਜਰਾ ਡੰਪ ਦੀ ਸਮੱਸਿਆ ਦਾ



ਜ਼ਿਕਰ ਕੀਤਾ ਗਿਆ। ਚੰਡੀਗੜ੍ਹ ਹਾਊਸਿੰਗ ਬੋਰਡ ਦੇ ਮਕਾਨਾਂ 'ਚ ਲੋੜ ਅਨੁਸਾਰ ਤਬਦੀਲੀਆਂ ਕਰਨ ਦਾ ਮੁੱਦਾ ਵੀ ਮਤੇ 'ਚ ਸ਼ਾਮਲ ਕੀਤਾ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 25 ਸਾਲਾਂ ਦੀ ਜਨਤਕ ਸੇਵਾ ਦਾ ਜ਼ਿਕਰ ਕਰਦਿਆਂ ਆਰਥਿਕ ਵਿਕਾਸ, ਬੁਨਿਆਦੀ ਢਾਂਚੇ, ਡਿਜੀਟਲ ਤਕਨਾਲੋਜੀ, ਸਵਦੇਸ਼ੀ ਉਤਪਾਦਨ, ਰੱਖਿਆ ਅਤੇ ਪੁਲਾੜ ਵਿਗਿਆਨ ਦੇ ਖੇਤਰਾਂ ਵਿੱਚ ਹੋਈ ਤਰੱਕੀ ਨੂੰ ਉਭਾਰਿਆ ਗਿਆ। ਨਾਲ ਹੀ ਚੰਡੀਗੜ੍ਹ ਨੂੰ ਸਾਫ਼-ਸੁਥਰਾ, ਸੁਰੱਖਿਅਤ ਅਤੇ ਆਧੁਨਿਕ ਬਣਾਉਣ ਲਈ ਸੁਸ਼ਾਸਨ, ਪਾਰਦਰਸ਼ਤਾ ਅਤੇ ਜਵਾਬਦੇਹੀ 'ਤੇ ਜ਼ੋਰ ਦਿੱਤਾ ਗਿਆ।

ਲੁਧਿਆਣਾ 'ਚ 5 ਸਾਲਾ ਬੱਚੀ ਦੀ ਸੜਕ ਹਾਦਸੇ 'ਚ ਦਰਦਨਾਕ ਮੌਤ

ਲੁਧਿਆਣਾ 10 ਨਵੰਬਰ। ਬੱਸ ਸਟੈਂਡ ਦੇ ਬਾਹਰ ਐਤਵਾਰ ਨੂੰ ਇਕ ਦਰਦਨਾਕ ਸੜਕ ਹਾਦਸੇ ਵਿਚ 5 ਸਾਲਾ ਮਾਸੂਮ ਬੱਚੀ ਦੀ ਜਾਨ ਚਲੀ



ਗਈ। ਬੱਚੀ ਆਪਣੇ ਦਾਦੇ ਨਾਲ ਉੱਤਰ ਪ੍ਰਦੇਸ਼ ਸਥਿਤ ਆਪਣੇ ਜੱਦੀ ਪਿੰਡ ਜਾਣ ਲਈ ਬੱਸ ਸਟੈਂਡ ਪਹੁੰਚੀ ਸੀ। ਮੇਨ ਰੋਡ ਪਾਰ ਕਰਦੇ ਸਮੇਂ ਇਕ ਤੇਜ਼ ਰਫ਼ਤਾਰ ਛੋਟੇ ਹਾਥੀ ਨੇ ਬੱਚੀ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ, ਜਿਸ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਾਦਸੇ ਤੋਂ ਬਾਅਦ ਮਾਸੂਮ ਦੀ ਲਾਸ਼ ਦੇਖ ਕੇ ਪਰਿਵਾਰਕ ਮੈਂਬਰਾਂ ਵਿਚ ਚੀਕ-ਚਿਹਾੜਾ ਪੈ ਗਿਆ। ਸੂਚਨਾ ਮਿਲਦਿਆਂ ਹੀ ਚੌਕੀ ਕੋਚਰ ਮਾਰਕੀਟ ਦੀ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦਿਆਂ ਮੋਨੂ ਯਾਦਵ ਨੇ ਦੱਸਿਆ ਕਿ ਉਹ ਤਾਜਪੁਰ ਰੋਡ ਮੱਛੀ ਅੱਡਾ ਵਿਖੇ ਮਜ਼ਦੂਰੀ ਦਾ ਕੰਮ ਕਰਦਾ ਹੈ। ਉਸ ਦੇ ਪਿਤਾ ਬੱਚਿਆਂ ਨੂੰ ਆਪਣੇ ਨਾਲ ਪਿੰਡ ਲੈ ਕੇ ਜਾਣ ਲਈ ਲੁਧਿਆਣਾ ਆਏ ਸਨ। ਪਰਿਵਾਰ ਵਿਚ ਪਹਿਲਾਂ ਛੋਟੀ ਧੀ ਨੂੰ ਪਿੰਡ ਭੇਜਣ ਦੀ ਯੋਜਨਾ ਸੀ ਪਰ 5 ਸਾਲਾ ਵੱਡੀ ਧੀ ਅਨੰਨਿਆ ਵੀ ਆਪਣੇ ਦਾਦੇ ਨਾਲ ਪਿੰਡ ਜਾਣ ਦੀ ਜ਼ਿੱਦ ਫੜ ਕੇ ਬੈਠ ਗਈ ਤਾਂ ਅਸੀਂ ਉਸ ਨੂੰ ਦਾਦੇ ਨਾਲ ਜਾਣ ਦਿੱਤਾ। ਮੈਂ ਖ਼ੁਦ ਆਪਣੀ ਲਾਡਲੀ ਨੂੰ ਆਟੋ ਵਿਚ ਬੈਠਾ ਕੇ ਬੱਸ ਸਟੈਂਡ ਛੱਡ ਕੇ ਆਇਆ ਸੀ। ਦਾਦਾ ਆਪਣੀ ਪੋਤੀ ਅਨੰਨਿਆ ਦਾ ਹੱਥ ਫੜ ਕੇ ਬੱਸ ਫੜਨ ਲਈ ਬੱਸ ਸਟੈਂਡ ਦੇ ਸਾਹਮਣੇ ਵਾਲੀ ਮੁੱਖ ਸੜਕ ਪਾਰ ਕਰ ਰਹੇ ਸਨ, ਜਦੋਂ ਉਕਤ ਹਾਦਸਾ ਵਾਪਰ ਗਿਆ। ਹਾਦਸੇ ਤੋਂ ਬਾਅਦ ਚਾਲਕ ਵਾਹਨ ਫ਼ਰਾਰ ਹੋ ਗਿਆ। ਜਾਂਚ ਅਧਿਕਾਰੀ ਹਰਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਘਟਨਾ ਸਥਾਨ ਅਤੇ ਆਸ-ਪਾਸ ਦੇ ਰਸਤਿਆਂ 'ਤੇ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਰਿਕਾਰਡਿੰਗ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ, ਤਾਂ ਜੋ ਲੋਡਿੰਗ ਵਾਹਨ ਦੇ ਨੰਬਰ ਅਤੇ ਫ਼ਰਾਰ ਚਾਲਕ ਦੀ ਪਛਾਣ ਕੀਤੀ ਜਾ ਸਕੇ।

ਕੌਂਸਲਰ ਦੀ ਮਾਂ ਨਾਲ 30 ਲੱਖ ਰੁਪਏ ਦੀ ਠੱਗੀ ! 15 ਸਾਲਾਂ ਤਕ ਭਰਦੀ ਰਹੀ ਕਿਸ਼ਤਾਂ

ਕੌਮੀ ਪਤ੍ਰਿਕਾ

ਲੁਧਿਆਣਾ 10 ਨਵੰਬਰ। ਡਾਕਖਾਨੇ ਵਿਚ ਪੀੜਤਾ ਦੇ 3 ਖਾਤਿਆਂ ਵਿਚ ਹਰ ਮਹੀਨੇ ਪੈਸੇ ਜਮ?ਹਾਂ ਕਰਵਾਉਣ ਦਾ ਝਾਂਸਾ ਦੇ ਕੇ ਇਕ ਦੋਸ਼ੀ ਨੇ ਬਜ਼ੁਰਗ ਔਰਤ ਤੋਂ ਲਗਭਗ 30 ਲੱਖ ਰੁਪਏ ਠੱਗ ਲਏ। ਪੀੜਤ ਬਜ਼ੁਰਗ ਔਰਤ ਕੁਲਵੰਤ ਕੌਰ ਵਾਰਡ ਨੰ. 86 ਦੇ ਮੌਜੂਦਾ ਕੌਂਸਲਰ ਮਨਜੀਤ ਸਿੰਘ ਢਿੱਲੋਂ ਦੀ ਮਾਤਾ ਜੀ ਹਨ। ਧੋਖੇਬਾਜ਼ ਦੋਸ਼ੀ ਦੀ ਪਛਾਣ ਰੋਸ਼ਨ ਲਾਲ ਕਾਲੜਾ ਨਿਵਾਸੀ ਲੱਕੀ ਐਨਕਲੇਵ, ਬਸਤੀ ਚੌਂਕ ਵਜੋਂ ਹੋਈ ਹੈ। ਪੀੜਤ ਬਜ਼ੁਰਗ ਔਰਤ ਕੁਲਵੰਤ ਕੌਰ ਨੇ ਦੱਸਿਆ ਕਿ 1998 ਵਿਚ ਦੋਸ਼ੀ ਰੋਸ਼ਨ ਲਾਲ ਨੇ ਡਾਕਖਾਨੇ ਵਿਚ ਆਰ. ਡੀ. ਖਾਤਾ ਖੋਲ੍ਹਣ ਦੀ ਗੱਲ ਕਹੀ ਸੀ। 3 ਆਰ. ਡੀ. ਖਾਤਿਆਂ ਵਿਚ ਪੈਸੇ ਜਮ?ਹਾਂ ਕਰਵਾਉਣ ਦੇ ਨਾਂ 'ਤੇ ਦੋਸ਼ੀ ਰੋਸ਼ਨ ਲਾਲ 1998 ਤੋਂ 2012 ਤੱਕ ਹਰ ਮਹੀਨੇ 3 ਤੋਂ 5 ਹਜ਼ਾਰ ਰੁਪਏ ਨਕਦ ਲੈ ਕੇ ਜਾਂਦਾ ਰਿਹਾ। ਇਨ੍ਹਾਂ 15 ਸਾਲਾਂ ਵਿਚ ਉਨ੍ਹਾਂ ਦੇ 3 ਆਰ. ਡੀ. ਖਾਤੇ ਤਿੰਨ ਵਾਰ ਮੈਚਿਓਰ ਹੋਏ, ਪਰ



ਦੋਸ਼ੀ ਰੋਸ਼ਨ ਲਾਲ ਉਨ੍ਹਾਂ ਨੂੰ ਗੁੰਮਰਾਹ ਕਰਦਾ ਰਿਹਾ। ਹਰ ਵਾਰ 5 ਸਾਲ ਬਾਅਦ ਮੈਚਿਓਰ ਹੋਣ ਵਾਲੀ ਰਕਮ ਦੀ ਹੋਰ ਆਰ. ਡੀ. ਖੋਲ੍ਹਣ ਦੀ ਗੱਲ ਕਰਦਾ ਰਿਹਾ। 2025 ਵਿਚ ਜਦੋਂ ਉਨ੍ਹਾਂ ਨੇ ਰੋਸ਼ਨ ਲਾਲ ਕਾਲੜਾ ਤੋਂ ਡਾਕਖਾਨੇ ਦੇ ਆਰ. ਡੀ. ਖਾਤੇ ਵਿਚ ਜਮ?ਹਾਂ ਰਾਸ਼ੀ ਕਢਵਾਉਣ ਦੀ ਗੱਲ ਕਹੀ ਤਾਂ ਦੋਸ਼ੀ ਆਨਾ-ਕਾਨੀ ਕਰਨ ਲੱਗ ਪਿਆ। ਸ਼ੱਕ ਹੋਣ 'ਤੇ ਜਦੋਂ ਡਾਕਖਾਨੇ ਜਾ ਕੇ ਸੰਪਰਕ ਕੀਤਾ ਤਾਂ ਪਤਾ ਲੱਗਾ ਕਿ ਉਨ੍ਹਾਂ ਦੇ ਨਾਮ 'ਤੇ ਡਾਕਖਾਨੇ ਵਿੱਚ ਕੋਈ ਆਰ. ਡੀ. ਖਾਤਾ ਖੁੱਲ੍ਹਿਆ ਹੀ ਨਹੀਂ ਸੀ। ਦੋਸ਼ੀ ਡਾਕਖਾਨੇ ਦੇ ਜਾਲੀ ਕਾਰਡ ਦਿਖਾ ਕੇ ਉਨ੍ਹਾਂ ਨੂੰ ਗੁੰਮਰਾਹ ਕਰਦਾ ਰਿਹਾ। 1998 ਤੋਂ ਲੈ ਕੇ 2012 ਤੱਕ ਦੋਸ਼ੀ ਰੋਸ਼ਨ ਲਾਲ ਨੇ ਉਨ੍ਹਾਂ ਤੋਂ ਲਏ ਲੱਖਾਂ ਰੁਪਏ ਬੜੀ ਆਸਾਨੀ ਨਾਲ ਹੜੱਪ ਲਏ। ਦੋਸ਼ੀ ਨੇ ਉਨ੍ਹਾਂ ਨੂੰ ਆਰਥਿਕ ਹੀ ਨਹੀਂ ਬਲਕਿ ਮਾਨਸਿਕ ਤੌਰ 'ਤੇ ਵੀ ਕਾਫੀ ਚੋਟ ਪਹੁੰਚਾਈ ਹੈ। ਇਸ ਸਬੰਧੀ ਜਾਂਚ ਅਧਿਕਾਰੀ ਤਰਸੇਮ ਸਿੰਘ ਨੇ ਦੱਸਿਆ ਕਿ ਪੀੜਤ ਔਰਤ ਕੁਲਵੰਤ ਕੌਰ ਨਿਵਾਸੀ ਨਿਊ ਸ਼ਿਵਪੁਰੀ ਦੇ ਬਿਆਨਾਂ 'ਤੇ ਰੋਸ਼ਨ ਲਾਲ ਕਾਲੜਾ ਖ਼?ਲਾਫ਼ ਸਾਜ਼ਿਸ਼ ਅਤੇ ਧੋਖਾਧੜੀ ਦੇ ਦੋਸ਼ਾਂ ਹੇਠ ਕੇਸ ਦਰਜ ਕਰ ਲਿਆ ਗਿਆ ਹੈ। ਜਲਦ ਹੀ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਮੋਗਾ 'ਚ ਅੰਨ੍ਹੇਵਾਹ ਗੋਲੀਬਾਰੀ, ਦੋ ਨੌਜਵਾਨਾਂ ਦੀ ਮੌਤ, ਮੌਕੇ 'ਤੇ ਪਹੁੰਚੇ ਡੀ. ਜੀ. ਪੀ.

ਮੋਗਾ 10 ਨਵੰਬਰ। ਦੇਰ ਰਾਤ ਮੋਗਾ ਦੇ ਅੰਗਦਪੁਰਾ ਮਹੱਲਾ ਵਿਚ ਕਾਲੀ ਸਕਾਰਪੀਓ 'ਚ ਆਏ ਅਣਪਛਾਤੇ ਵਿਅਕਤੀਆਂ ਵੱਲੋਂ ਚਾਰ ਨੌਜਵਾਨਾਂ 'ਤੇ ਤਾਬੜ ਤੋੜ ਗੋਲੀਆਂ ਚਲਾ ਦਿੱਤੀਆਂ। ਇਸ ਗੋਲੀਬਾਰੀ ਵਿਚ ਦੋ ਦੀ ਮੌਤ ਹੋ ਗਈ, ਜਦਕਿ ਦੋ ਨੌਜਵਾਨ ਜ਼ਖਮੀ ਹਨ। ਇਸ ਵਾਰਦਾਤ ਮਗਰੋਂ ਡੀ. ਜੀ. ਪੀ. ਗੌਰਵ ਯਾਦਵ ਵੱਲੋਂ ਪੀੜਤ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਮੌਕੇ ਵਾਰਦਾਤ ਵਾਲੀ ਜਗ?ਹਾ ਦੀ ਜਾਇਜ਼ਾ ਲਿਆ। ਜਾਣਕਾਰੀ ਦਿੰਦੇ ਹੋਏ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਦੇਰ ਰਾਤ ਆਪਸੀ ਰੰਜਿਸ਼ ਕਾਰਨ ਨੌਜਵਾਨਾਂ ਨੇ ਚਾਰ ਨੌਜਵਾਨਾਂ ਉੱਪਰ ਫਾਇਰਿੰਗ ਕੀਤੀ ਗਈ ਜਿਸ ਵਿਚ ਦੋ ਦੀ ਮੌਤ ਹੋ ਗਈ। ਪੁਲਸ ਵੱਲੋਂ ਕਾਰਵਾਈ ਕਰਦੇ ਹੋਏ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾਵੇਗੀ। ਉੱਥੇ ਹੀ ਉਨ੍ਹਾਂ ਕਿਹਾ ਕਿ ਪੁਰਾਣੀ ਰੰਜਿਸ਼ ਕਾਰਨ ਇਹ ਘਟਨਾ ਨੂੰ ਅੰਜਾਮ ਦਿੱਤਾ ਗਿਆ ਹੈ। ਇਸ ਘਟਨਾ ਵਿਚ ਛੇ ਚੱਲੇ ਹੋਏ ਖੋਲ੍ਹ ਮਿਲੇ ਹਨ ਅਤੇ ਪੁਲਸ ਵੱਲੋਂ ਪੂਰੀ ਜਾਂਚ ਕੀਤੀ ਜਾ ਰਹੀ ਹੈ।

ਅਵਾਰਾ ਪਸ਼ੂਆਂ ਅਤੇ ਕੁੱਤਿਆਂ ਦੇ ਦਾਖ਼ਲੇ 'ਤੇ ਲੱਗੀ ਮੁਕੰਮਲ ਰੋਕ

ਚੰਡੀਗੜ੍ਹ 10 ਨਵੰਬਰ। ਚੰਡੀਗੜ੍ਹ ਨਗਰ ਨਿਗਮ ਦੇ ਵਾਰਡ ਨੰਬਰ-30 ਦੇ ਕੌਂਸਲਰ ਹਰਦੀਪ ਸਿੰਘ ਬੁਟੇਰਲਾ ਦੇ ਯਤਨਾਂ ਸਦਕਾ ਸੈਕਟਰ 41-ਏ 'ਚ ਪਾਰਕ ਦੇ ਮੁੱਖ ਦੁਆਰ 'ਤੇ ਇੱਕ ਘੁੰਮਣਯੋਗ (ਰੋਟੇਟਿੰਗ) ਗੇਟ ਸਥਾਪਿਤ ਕੀਤਾ ਗਿਆ ਹੈ। ਇਸ ਨਵੇਂ ਗੇਟ ਦਾ ਉਦਘਾਟਨ ਸਾਬਕਾ



ਕੌਂਸਲਰ ਮਲਕੀਅਤ ਸਿੰਘ ਬੁਟੇਰਲਾ ਦੀ ਪਤਨੀ ਸਤਨਾਮ ਕੌਰ ਵੱਲੋਂ ਇਲਾਕੇ ਦੇ ਪਤਵੰਤਿਆਂ ਦੀ ਹਾਜ਼ਰੀ 'ਚ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਹਿਲਾਂ ਪਾਰਕ 'ਚ ਕੁੱਤੇ ਆਸਾਨੀ ਨਾਲ ਵੜ ਜਾਂਦੇ ਸਨ, ਜਿਸ ਕਾਰਨ ਸੈਰ ਕਰਨ ਆਉਣ ਵਾਲੇ ਬਜ਼ੁਰਗਾਂ ਨੂੰ ਹਮੇਸ਼ਾ ਖ਼ਤਰਾ ਬਣਿਆ ਰਹਿੰਦਾ ਸੀ। ਉਨ੍ਹਾਂ ਨੇ ਕੌਂਸਲਰ ਹਰਦੀਪ ਸਿੰਘ ਬੁਟੇਰਲਾ ਦਾ ਵਿਸ਼ੇਸ਼ ਤੌਰ ''ਤੇ ਧੰਨਵਾਦ ਕਰਦਿਆਂ ਕਿਹਾ ਕਿ ਇਸ ਘੁੰਮਣਯੋਗ ਗੇਟ ਦੇ ਲੱਗਣ ਨਾਲ ਹੁਣ ਪਾਰਕ 'ਚ ਸਿਰਫ਼ ਲੋਕ ਹੀ ਦਾਖ਼ਲ ਹੋ ਸਕਣਗੇ। ਕੌਂਸਲਰ ਹਰਦੀਪ ਸਿੰਘ ਬੁਟੇਰਲਾ ਨੇ ਦੱਸਿਆ ਕਿ ਵਾਰਡ ਦੇ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਆਉਣ ਵਾਲੇ ਸਮੇਂ 'ਚ ਸਾਰੇ ਪਾਰਕਾਂ ਦੇ ਬਾਹਰ ਅਜਿਹੇ ਹੀ ਘੁੰਮਣਯੋਗ ਗੇਟ ਲਾਏ ਜਾਣਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਅੱਜ ਇਸ ਪਾਰਕ 'ਚ ਪਹਿਲਾ ਗੇਟ ਲਾ ਕੇ ਇਸ ਵਿਸ਼ੇਸ਼ ਮੁਹਿੰਮ ਦੀ ਬਕਾਇਦਾ ਸ਼ੁਰੂਆਤ ਕਰ ਦਿੱਤੀ ਗਈ ਹੈ। ਇਸ ਮੌਕੇ ਮਾਸਟਰ ਸੰਜੀਵ ਕੁਮਾਰ, ਸੁਖਚੈਨ ਸਿੰਘ ਢਿੱਲੋਂ, ਰਾਮ ਬਿਲਾਸ ਗਰਗ, ਕਮਲੇਸ਼ ਤਿਵਾੜੀ, ਸੁਰਜੀਤ ਸਿੰਘ, ਵਿਨੋਦ ਵਾਲੀਆ, ਮਮਤਾ ਕੰਵਰ, ਲਕਸ਼ਮੀ, ਮਨੀਸ਼ਾ, ਜਸਵਿੰਦਰ ਰੱਤੂ ਅਤੇ ਚੈਰੀ ਸਮੇਤ ਵੱਡੀ ਗਿਣਤੀ 'ਚ ਇਲਾਕਾ ਵਾਸੀ ਹਾਜ਼ਰ ਸਨ।

ਜੱਸੀਆਂ ਰੋਡ 'ਤੇ ਝੁੱਗੀਆਂ 'ਚ ਲੱਗੀ ਭਿਆਨਕ ਅੱਗ, ਦਰਜਨ ਤੋਂ ਵੱਧ ਝੁੱਗੀਆਂ ਸੜ ਕੇ ਸੁਆਹ

ਲੁਧਿਆਣਾ 10 ਨਵੰਬਰ। ਜੱਸੀਆਂ ਰੋਡ ਸਥਿਤ ਪ੍ਰੇਮ ਵਿਹਾਰ ਵਿਚ ਸੋਮਵਾਰ ਦੇਰ ਰਾਤ ਕਬਾੜ ਦੇ ਗੋਦਾਮ ਵਿਚ ਲੱਗੀ ਅੱਗ ਨੇ ਨਾਲ ਲੱਗਦੀਆਂ ਝੁੱਗੀਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਇਸ ਹਾਦਸੇ ਵਿਚ ਕਰੀਬ ਦਰਜਨ ਝੁੱਗੀਆਂ ਜਲ ਕੇ ਰਾਖ ਹੋ ਗਈਆਂ। ਸੂਚਨਾ ਮਿਲਦਿਆਂ ਹੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅਤੇ ਪੁਲਸ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਅੱਗ 'ਤੇ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ। ਜਾਣਕਾਰੀ ਦਿੰਦਿਆਂ ਫਾਇਰ ਅਫਸਰ ਰਾਜਿੰਦਰ ਕੁਮਾਰ ਨੇ ਦੱਸਿਆ ਕਿ ਅੱਗ ਰਾਤ ਕਰੀਬ 10:50 ਵਜੇ ਲੱਗੀ। ਸੂਚਨਾ ਮਿਲਦਿਆਂ ਹੀ ਫਾਇਰ ਬ੍ਰਿਗੇਡ ਦੀਆਂ 5 ਗੱਡੀਆਂ ਤੁਰੰਤ ਮੌਕੇ 'ਤੇ ਪਹੁੰਚ ਗਈਆਂ ਅਤੇ ਅੱਗ ਬੁਝਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਅੱਗ ਇੰਨੀ ਭਿਆਨਕ ਸੀ ਕਿ ਇਲਾਕੇ ਵਿੱਚ ਦਹਿਸ਼ਤ ਫੈਲ ਗਈ ਅਤੇ ਲੋਕ ਆਪਣੀ ਜਾਨ ਬਚਾਉਣ ਲਈ ਇੱਧਰ-ਉੱਧਰ ਭੱਜਣ ਲੱਗੇ। ਅਸਮਾਨ ਨੂੰ ਛੂਹਦੀਆਂ ਅੱਗ ਦੀਆਂ ਲਪਟਾਂ ਬਹੁਤ ਹੀ ਭਿਆਨਕ ਦਿਖਾਈ ਦੇ ਰਹੀਆਂ ਸਨ। ਮੌਕੇ 'ਤੇ ਮੌਜੂਦ ਫਾਇਰ ਬ੍ਰਿਗੇਡ ਦੀਆਂ ਟੀਮਾਂ ਨੇ ਦੱਸਿਆ ਕਿ ਪਾਣੀ ਵਾਲੀਆਂ 6 ਗੱਡੀਆਂ ਤਾਇਨਾਤ ਕੀਤੀਆਂ ਗਈਆਂ ਸਨ, ਜਿਨ੍ਹਾਂ ਦੀ ਮਦਦ ਨਾਲ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਫਾਇਰ ਅਫਸਰ ਨੇ ਦੱਸਿਆ ਕਿ ਫਿਲਹਾਲ ਇਹ ਦੱਸਣਾ ਮੁਸ਼ਕਲ ਹੈ ਕਿ ਕੋਈ ਜਾਨੀ ਨੁਕਸਾਨ ਹੋਇਆ ਹੈ ਜਾਂ ਨਹੀਂ, ਕਿਉਂਕਿ ਇਸ ਪਲਾਟ ਵਿੱਚ ਕਬਾੜ ਦੇ ਨਾਲ-ਨਾਲ ਕਈ ਝੁੱਗੀਆਂ ਵੀ ਹਨ। ਇਨ੍ਹਾਂ ਝੁੱਗੀਆਂ ਵਿੱਚ ਪ੍ਰਵਾਸੀ ਮਜ਼ਦੂਰ ਰਹਿੰਦੇ ਹਨ, ਜੋ ਕੂੜਾ-ਕਰਕਟ ਅਤੇ ਕਬਾੜ ਇਕੱਠਾ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ। ਸਥਾਨਕ ਲੋਕਾਂ ਅਨੁਸਾਰ ਇਹ ਥਾਂ ਨਿਰੰਜਨ ਸਿੰਘ ਨਾਮੀ ਵਿਅਕਤੀ ਦੀ ਹੈ, ਜਿਸ ਨੇ ਕਬਾੜ ਦੇ ਗੋਦਾਮ ਲਈ ਕਿਰਾਏ 'ਤੇ ਦਿੱਤੀ ਹੋਈ ਸੀ। ਗੋਦਾਮ ਦੀ ਆੜ ਵਿਚ ਇਥੇ ਕਰੀਬ 40 ਝੁੱਗੀਆਂ ਬਣੀਆਂ ਹੋਈਆਂ ਸਨ। ਅੱਗ ਇੰਨੀ ਤੇਜ਼ੀ ਨਾਲ ਫੈਲੀ ਕਿ ਲੋਕਾਂ ਦਾ ਸਾਰਾ ਸਾਮਾਨ ਸੜ ਗਿਆ ਪਰ ਖ਼ੁਸ਼ਕਿਸਮਤੀ ਨਾਲ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਲੋਕਾਂ ਨੇ ਦੱਸਿਆ ਕਿ ਪ੍ਰਸ਼ਾਸਨ ਨੂੰ ਪਹਿਲਾਂ ਵੀ ਕਈ ਵਾਰ ਸ਼ਿਕਾਇਤਾਂ ਦਿੱਤੀਆਂ ਗਈਆਂ ਸਨ ਪਰ ਕੋਈ ਕਾਰਵਾਈ ਨਹੀਂ ਹੋਈ। ਘਟਨਾ ਤੋਂ ਬਾਅਦ ਇਲਾਕੇ ਦੇ ਲੋਕਾਂ ਵਿਚ ਭਾਰੀ ਰੋਸ ਹੈ।

ਅਜੇ ਅਟਵਾਲ ਕਤਲ ਮਾਮਲੇ 'ਚ ਐੱਸ.ਸੀ./ਐੱਸ.ਟੀ. ਐਕਟ ਦੀਆਂ ਧਾਰਾਵਾਂ ਜੋੜੀਆਂ ਜਾਣ: ਵਿਜੇ ਸਾਂਪਲਾ

ਚੰਡੀਗੜ੍ਹ 10 ਨਵੰਬਰ। ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਤੇ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਅਬੋਹਰ ਦੇ ਅਜੇ ਅਟਵਾਲ ਕਤਲ ਮਾਮਲੇ 'ਚ ਐੱਫ.ਆਈ.ਆਰ. ਅੰਦਰ ਐੱਸ.ਸੀ/ਐੱਸ.ਟੀ ਐਕਟ ਦੀਆਂ ਧਾਰਾਵਾਂ ਜੋੜਨ ਤੇ ਸ਼ਿਵ ਲਾਲ ਡੋਡਾ ਦਾ ਨਾਂ ਦਰਜ ਕਰਨ ਦੀ ਮੰਗ ਕੀਤੀ ਹੈ। ਉਹ ਅਬੋਹਰ 'ਚ ਇਕ ਹਫ਼ਤੇ ਤੋਂ ਧਰਨਾ ਦੇ ਰਹੇ ਅਜੇ ਦੇ ਪਰਿਵਾਰ ਨੂੰ ਮਿਲਣ ਪਹੁੰਚੇ। ਇਸ ਮੌਕੇ ਵਿਧਾਇਕ ਸੰਦੀਪ ਜਾਖੜ, ਸਾਬਕਾ ਵਿਧਾਇਕ ਸ਼ੀਤਲ ਅਨੁਰਾਗ ਤੇ ਭਾਜਪਾ ਦੇ ਜ਼ਿਲਾ ਪ੍ਰਧਾਨ ਵੀ ਮੌਜੂਦ ਸਨ। ਸਾਂਪਲਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਇਆ ਜਾਵੇ ਤੇ ਮਾਮਲੇ 'ਚ ਬਣਦੀ ਕਾਰਵਾਈ ਕੀਤੀ ਜਾਵੇ। ਸਾਂਪਲਾ ਨੇ ਦਾਅਵਾ ਕੀਤਾ ਕਿ ਅਜੇ ਅਟਵਾਲ 2015 ਦੇ ਭੀਮ ਟਾਂਕ ਕਤਲ ਕੇਸ ਦਾ ਗਵਾਹ ਸੀ।



ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਇਸ ਮਾਮਲੇ 'ਚ ਅਸਲ ਦੋਸ਼ੀਆਂ ਖ਼?ਲਾਫ਼ ਕਾਰਵਾਈ ਕਰਨ 'ਚ ਨਾਕਾਮ ਰਹੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਪਰਿਵਾਰ ਨੂੰ ਇਨਸਾਫ਼ ਨਾ ਮਿਲਿਆ ਤਾਂ ਇਹ ਅੰਦੋਲਨ ਪੂਰੇ ਪੰਜਾਬ 'ਚ ਫੈਲ ਸਕਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਅਜੇ ਅਟਵਾਲ ਦੇ ਪਰਿਵਾਰ ਨਾਲ ਖੜ੍ਹੀ ਹੈ ਅਤੇ ਦਲਿਤ ਭਾਈਚਾਰੇ ਦੇ ਸਬਰ ਦਾ ਇਮਤਿਹਾਨ ਨਾ ਲਿਆ ਜਾਵੇ।

ਫਲਿਪਕਾਰਟ ਮੁਲਾਜ਼ਮ ਤੋਂ 4.27 ਲੱਖ ਲੁੱਟਣ ਵਾਲੇ 3 ਮੁਲਜ਼ਮ ਗ੍ਰਿਫ਼ਤਾਰ

ਕੌਮੀ ਪਤ੍ਰਿਕਾ

ਫ਼ਰੀਦਕੋਟ 10 ਨਵੰਬਰ। ਫ਼ਰੀਦਕੋਟ ਪੁਲਸ ਨੇ ਲੁੱਟ-ਖੋਹ ਦੀਆਂ ਵਾਰਦਾਤਾਂ ਖ਼?ਲਾਫ਼ ਕਾਰਵਾਈ ਕਰਦਿਆਂ ਫਲਿਪਕਾਰਟ ਮੁਲਾਜ਼ਮ ਤੋਂ 4.27 ਲੱਖ ਰੁਪਏ ਦੀ ਨਕਦੀ ਵਾਲਾ ਬੈਗ ਖੋਹਣ ਦੇ ਮਾਮਲੇ ਵਿਚ 3 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਮੁਲਜ਼ਮਾਂ ਕੋਲੋਂ ਖੋਹੀ ਗਈ ਨਕਦੀ ਵਿਚੋਂ 4 ਲੱਖ 11 ਹਜ਼ਾਰ ਰੁਪਏ ਅਤੇ ਵਾਰਦਾਤ ਵਿਚ ਵਰਤੇ ਗਏ 2 ਮੋਟਰਸਾਈਕਲ ਬਰਾਮਦ ਕੀਤੇ ਹਨ। ਇਸ ਸਬੰਧੀ ਐੱਸ.ਪੀ. (ਇਨਵੈਸਟੀਗੇਸ਼ਨ) ਨਰਿੰਦਰ ਸਿੰਘ ਨੇ ਪ੍ਰੈੱਸ ਕਾਨਫ਼ਰੰਸ ਦੌਰਾਨ ਜਾਣਕਾਰੀ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਗੁਰਜੋਤ ਸਿੰਘ ਵਾਸੀ ਡੋਗਰ ਬਸਤੀ, ਬਿਕਰਮਜੀਤ ਸਿੰਘ ਵਾਸੀ ਨਿਊ ਕੈਂਟ ਰੋਡ ਅਤੇ ਮਨੀਸ਼ ਸਿੰਘ ਵਾਸੀ ਦਸ਼ਮੇਸ਼ ਨਗਰ, ਫ਼ਰੀਦਕੋਟ ਵਜੋਂ ਹੋਈ ਹੈ। ਐੱਸ.ਪੀ. ਨਰਿੰਦਰ ਸਿੰਘ ਨੇ ਦੱਸਿਆ ਕਿ 21 ਅਕਤੂਬਰ 2026 ਨੂੰ ਫਲਿਪਕਾਰਟ ਦਾ ਇਕ ਮੁਲਾਜ਼ਮ



4,27,800 ਰੁਪਏ ਦੀ ਇਕੱਠੀ ਹੋਈ ਨਕਦੀ ਬੈਂਕ ਵਿਚ ਜਮ?ਹਾ ਕਰਵਾਉਣ ਲਈ ਸਕੂਟਰੀ 'ਤੇ ਜਾ ਰਿਹਾ ਸੀ ਜਦੋਂ ਉਹ ਕੋਟਕਪੂਰਾ ਰੋਡ 'ਤੇ ਘੋੜਾ ਚੌਕ ਨੇੜੇ ਪਹੁੰਚਿਆ ਤਾਂ ਪਿੱਛੋਂ ਮੋਟਰਸਾਈਕਲਾਂ 'ਤੇ ਆਏ ਮੁਲਜ਼ਮਾਂ ਨੇ ਉਸ ਨੂੰ ਸਕੂਟਰੀ ਤੋਂ ਹੇਠਾਂ ਸੁੱਟ ਦਿੱਤਾ ਅਤੇ ਨਕਦੀ ਵਾਲਾ ਬੈਗ ਖੋਹ ਕੇ ਫ਼ਰਾਰ ਹੋ ਗਏ। ਇਸ ਸਬੰਧੀ ਥਾਣਾ ਸਿਟੀ ਫ਼ਰੀਦਕੋਟ ਵਿਖੇ ਮੁਕੱਦਮਾ ਦਰਜ ਕਰਕੇ ਜਾਂਚ ਸ਼ੁਰੂ ਕੀਤੀ ਗਈ ਸੀ। ਜਾਂਚ ਦੌਰਾਨ ਮੁਕੱਦਮੇ ਵਿਚ ਧਾਰਾ 317(2) ਬੀ.ਐੱਨ.ਐੱਸ. ਦਾ ਵਾਧਾ ਵੀ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਜਾਂਚ ਦੌਰਾਨ ਸਹਾਇਕ ਥਾਣੇਦਾਰ ਹਰਚਰਨ ਸਿੰਘ ਨੇ ਪੁਲਸ ਪਾਰਟੀ ਸਮੇਤ ਕਾਰਵਾਈ ਕਰਦਿਆਂ ਤਿੰਨਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਸ ਨੇ ਮੁਲਜ਼ਮਾਂ ਕੋਲੋਂ 4,11,000 ਰੁਪਏ ਦੀ ਨਕਦੀ ਬਰਾਮਦ ਕਰਨ ਤੋਂ ਇਲਾਵਾ ਵਾਰਦਾਤ ਵਿਚ ਵਰਤੇ ਗਏ 2 ਮੋਟਰਸਾਈਕਲ ਵੀ ਕਬਜ਼ੇ ਵਿਚ ਲਏ ਹਨ। ਐੱਸ.ਪੀ. ਨੇ ਦੱਸਿਆ ਕਿ ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਨ ਦੀ ਕਾਰਵਾਈ ਕੀਤੀ ਜਾ ਰਹੀ ਹੈ। ਰਿਮਾਂਡ ਦੌਰਾਨ ਕੀਤੀ ਜਾਣ ਵਾਲੀ ਪੁੱਛਗਿੱਛ ਵਿਚ ਹੋਰ ਵਾਰਦਾਤਾਂ ਸਬੰਧੀ ਅਹਿਮ ਖ਼ੁਲਾਸੇ ਹੋਣ ਦੀ ਉਮੀਦ ਹੈ। ਜ਼ਿਕਰਯੋਗ ਹੈ ਕਿ ਫ਼ਰੀਦਕੋਟ ਰੇਂਜ ਦੀ ਆਈ.ਜੀ. ਜੱਗਦਲੇ ਨਿਲਾਬਰੀ ਵਿਜੇ ਦੀ ਅਗਵਾਈ ਅਤੇ ਐੱਸ.ਐੱਸ.ਪੀ. ਗੁਰਬੰਸ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਫ਼ਰੀਦਕੋਟ ਪੁਲਸ ਵੱਲੋਂ ਲੁੱਟ-ਖੋਹ ਅਤੇ ਸਟ?ਰੀਟ ਕ੍ਰਾਈਮ ਦੀਆਂ ਵਾਰਦਾਤਾਂ ਨੂੰ ਠੱਲ੍ਹ ਪਾਉਣ ਲਈ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ।

ਸ਼ਾਹਕੋਟ 'ਚ ਨਵੇਂ ਬਣੇ ਟੈਂਟ ਹਾਊਸ ਦੇ ਗੋਦਾਮ 'ਚ ਮਚੇ ਅੱਗ ਦੇ ਭਾਂਬੜ !

ਜਲੰਧਰ/ਸ਼ਾਹਕੋਟ 10 ਨਵੰਬਰ। ਜਲੰਧਰ ਜ਼ਿਲ੍ਹੇ ਦੇ ਸ਼ਾਹਕੋਟ ਨੇੜਲੇ ਪਿੰਡ ਨੰਗਲ ਅੰਬੀਆਂ 'ਚ ਦੇਰ ਰਾਤ ਰਣਜੀਤ ਕੁਮਾਰ ਬਿੱਲਾ ਦੇ 'ਬਿੱਲਾ ਟੈਂਟ ਐਂਡ ਸਾਊਂਡ ਸਰਵਿਸ' ਦੇ ਗੋਦਾਮ 'ਚ ਅਚਾਨਕ ਭਿਆਨਕ ਅੱਗ ਲੱਗ ਗਈ। ਇਸ ਅੱਗ ਲੱਗਣ ਦੀ ਘਟਨਾ 'ਚ ਗੋਦਾਮ ਅੰਦਰ ਰੱਖੀਆਂ 1300 ਕੁਰਸੀਆਂ, ਮੇਜ਼, 10 ਕੂਲਰ, ਪੱਖੇ, ਟੈਂਟ ਦਾ ਸਾਮਾਨ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਏ। ਅੱਗ ਨਾਲ ਗੋਦਾਮ ਦਾ ਸ਼ੈੱਡ ਵੀ ਤਬਾਹ ਹੋ ਗਿਆ ਅਤੇ ਕਰੀਬ 20 ਲੱਖ ਰੁਪਏ ਦਾ ਭਾਰੀ ਆਰਥਿਕ ਨੁਕਸਾਨ ਹੋਇਆ ਹੈ। ਟੈਂਟ ਹਾਊਸ ਮਾਲਕ ਰਣਜੀਤ ਕੁਮਾਰ ਬਿੱਲਾ ਨੇ ਦੱਸਿਆ ਕਿ ਇਹ ਗੋਦਾਮ ਮਹਿਜ਼ ਇਕ ਮਹੀਨਾ ਪਹਿਲਾਂ ਹੀ ਤਿਆਰ ਕੀਤਾ ਗਿਆ ਸੀ।


ਨਾਬਾਲਗ ਕੁੜੀ ਵੱਲੋਂ ਖੁਦਕੁਸ਼ੀ, ਸਮਲਿੰਗੀ ਵਿਆਹ ਲਈ ਦਬਾਅ ਪਾਉਣ ਦੇ ਦੋਸ਼

ਲੁਧਿਆਣਾ 10 ਨਵੰਬਰ। ਇੱਕ ਦੁਖਦਾਈ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ 15 ਸਾਲਾ ਨਾਬਾਲਗ ਕੁੜੀ ਨੇ ਮਾਨਸਿਕ ਤੌਰ 'ਤੇ ਪਰੇਸ਼ਾਨ ਹੋ ਕੇ ਖੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਕੁੜੀ 'ਤੇ ਲਗਾਤਾਰ ਸਮਲਿੰਗੀ ਵਿਆਹ ਲਈ ਦਬਾਅ ਬਣਾਇਆ ਜਾ ਰਿਹਾ ਸੀ, ਜਿਸ ਕਾਰਨ ਉਹ ਕਾਫੀ ਸਮੇਂ ਤੋਂ ਮਾਨਸਿਕ ਤਸ਼ੱਦਦ 'ਚੋਂ ਗੁਜ਼ਰ ਰਹੀ ਸੀ। ਇਸ ਤੋਂ ਤੰਗ ਆ ਕੇ ਉਸਨੇ ਇਹ ਖੌਫਨਾਕ ਕਦਮ ਚੁੱਕ ਲਿਆ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੀ ਪਛਾਣ 15 ਸਾਲਾ ਗ੍ਰਿਤਿਕਾ ਵਜੋਂ ਹੋਈ ਹੈ। ਮ੍ਰਿਤਕ ਦੇ ਪਰਿਵਾਰ ਦਾ ਦੋਸ਼ ਹੈ ਕਿ ਇੱਕ ਕੁੜੀ ਈਸ਼ੂ, ਉਨ੍ਹਾਂ ਦੀ ਧੀ ਨੂੰ ਸਮਲਿੰਗੀ ਵਿਆਹ ਲਈ ਲਗਾਤਾਰ ਤੰਗ ਕਰ ਰਹੀ ਸੀ, ਜਿਸ ਕਾਰਨ ਉਸਨੇ ਇਹ ਭਿਆਨਕ ਕਦਮ ਚੁੱਕਿਆ। ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮੁਕੱਦਮੇ ਸੰਬੰਧੀ ਜਾਣਕਾਰੀ ਦਿੰਦੇ ਹੋਏ, ਸ਼ਿਕਾਇਤਕਰਤਾ ਨੇ ਪੁਲਸ ਨੂੰ ਦਿੱਤੇ ਆਪਣੇ ਬਿਆਨ ਵਿੱਚ ਕਿਹਾ ਕਿ 31 ਅਕਤੂਬਰ ਨੂੰ ਸ਼ਾਮ 5 ਵਜੇ ਦੇ ਕਰੀਬ, ਉਸਦੀ 15 ਸਾਲਾ ਧੀ, ਗ੍ਰਿਤਿਕਾ ਨੇ ਆਪਣੇ ਕਮਰੇ ਵਿੱਚ ਫਾਹਾ ਲੈ ਲਿਆ। ਪੀੜਤਾ ਦੇ ਪਿਤਾ ਨੇ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਉਂਦਿਆਂ ਕਿਬਾ ਕਿ ਦੋਸ਼ੀ ਈਸ਼ੂ ਉਸਦੀ ਨਾਬਾਲਗ ਧੀ ਨੂੰ ਲੰਬੇ ਸਮੇਂ ਤੋਂ ਮਾਨਸਿਕ ਤੌਰ 'ਤੇ ਪਰੇਸ਼ਾਨ ਕਰ ਰਹੀ ਸੀ ਕਿ ਉਸ ਨਾਲ ਸਮਲਿੰਗੀ ਵਿਆਹ ਕਰਵਾਏ। ਇਸ ਦਬਾਅ 'ਚ ਆ ਕੇ ਗ੍ਰਿਤਿਕਾ ਨੇ ਇਹ ਖੌਫਨਾਕ ਕਦਮ ਚੁੱਕਿਆ । ਘਟਨਾ ਦੀ ਜਾਣਕਾਰੀ ਮਿਲਦੇ ਹੀ ਸਬੰਧਤ ਥਾਣੇ ਦੀ ਪੁਲਸ ਤੁਰੰਤ ਮੌਕੇ 'ਤੇ ਪਹੁੰਚੀ ਅਤੇ ਘਟਨਾ ਸਥਾਨ ਦਾ ਮੁਆਇਨਾ ਕੀਤਾ। ਪੁਲਸ ਨੇ ਨਾਬਾਵਗ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮ੍ਰਿਤਕ ਦੇ ਪਰਿਵਾਰ ਦੇ ਬਿਆਨਾਂ ਦੇ ਆਧਾਰ 'ਤੇ, ਦੋਸ਼ੀ ਈਸ਼ੂ ਵਿਰੁੱਧ ਖੁਦਕੁਸ਼ੀ ਲਈ ਉਕਸਾਉਣ ਸਮੇਤ ਸਬੰਧਤ ਕਾਨੂੰਨੀ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ

ਅੱਧੀ ਰਾਤ ਨੂੰ ਪੈਟਰੋਲ ਪੰਪ ਦੇ ਬਾਥਰੂਮ 'ਚ ਵੜਿਆ ਮੁੰਡਾ, ਸਵੇਰ ਤਕ ਨਾ ਨਿਕਲਿਆ ਬਾਹਰ ਤਾਂ...

ਕੌਮੀ ਪਤ੍ਰਿਕਾ

ਲੁਧਿਆਣਾ 10 ਨਵੰਬਰ। ਤਾਜਪੁਰ ਰੋਡ ਸਥਿਤ ਇਕ ਪੈਟਰੋਲ ਪੰਪ ਦੇ ਬਾਥਰੂਮ ਵਿਚੋਂ ਇਕ ਅਣਪਛਾਤੇ ਨੌਜਵਾਨ ਦੀ ਲਾਸ਼ ਮਿਲਣ ਨਾਲ ਇਲਾਕੇ ਵਿਚ ਸਨਸਨੀ ਫੈਲ ਗਈ। ਨੌਜਵਾਨ ਬਾਥਰੂਮ ਗਿਆ ਸੀ ਅਤੇ ਦਰਵਾਜ਼ਾ ਅੰਦਰੋਂ ਬੰਦ ਸੀ। ਸਵੇਰੇ ਕਾਫ਼ੀ ਦੇਰ ਤੱਕ ਦਰਵਾਜ਼ਾ ਨਾ ਖੁੱਲ੍ਹਣ 'ਤੇ ਜਦੋਂ ਕਰਮਚਾਰੀਆਂ ਨੇ ਉਸ ਨੂੰ ਤੋੜਿਆ ਤਾਂ ਅੰਦਰ ਨੌਜਵਾਨ ਮ੍ਰਿਤਕ ਹਾਲਤ ਵਿਚ ਪਿਆ ਮਿਲਿਆ। ਘਟਨਾ ਸਥਾਨ ਤੋਂ ਨਸ਼ੇ ਨਾਲ ਸਬੰਧਤ ਸ਼ੱਕੀ ਸਮੱਗਰੀ ਮਿਲਣ ਤੋਂ ਬਾਅਦ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਨੌਜਵਾਨ ਦੀ ਜਾਨ ਨਸ਼ੇ ਦੀ ਓਵਰਡੋਜ਼ ਕਾਰਨ ਗਈ ਹੈ। ਸੂਚਨਾ ਮਿਲਣ ਤੋਂ ਬਾਅਦ ਥਾਣਾ ਡਵੀਜ਼ਨ ਨੰ. 7 ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿਚ ਲੈ ਲਿਆ ਅਤੇ ਸ਼ਨਾਖ਼ਤ ਲਈ ਸਿਵਲ ਹਸਪਤਾਲ ਦੀ ਮੋਰਚਰੀ ਵਿਚ ਰੱਖਵਾ ਦਿੱਤਾ ਹੈ। ਪੈਟਰੋਲ ਪੰਪ ਦੇ ਮਾਲਕ ਜਸਵੀਰ ਸਿੰਘ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ, ਅਣਪਛਾਤਾ ਨੌਜਵਾਨ ਸ਼ੁੱਕਰਵਾਰ ਦੇਰ ਰਾਤ ਪੈਟਰੋਲ ਪੰਪ ਵਿਚ ਬਣੇ ਬਾਥਰੂਮ ਦੀ ਵਰਤੋਂ ਕਰਨ ਲਈ ਅੰਦਰ ਗਿਆ ਸੀ। ਸ਼ਨੀਵਾਰ ਸਵੇਰੇ ਜਦੋਂ ਪੰਪ ਦੇ ਮੁਲਾਜ਼ਮਾਂ ਨੇ ਬਾਥਰੂਮ ਦੀ ਵਰਤੋਂ ਕਰਨ ਲਈ ਕੁੰਡੀ ਖੋਲ੍ਹਣ ਦੀ ਕੋਸ਼ਿਸ਼ ਕੀਤੀ ਤਾਂ ਦਰਵਾਜ਼ਾ ਅੰਦਰੋਂ ਬੰਦ ਪਾਇਆ ਗਿਆ। ਕਾਫ਼ੀ ਦੇਰ ਤੱਕ ਦਰਵਾਜ਼ਾ ਖੜਕਾਉਣ ਅਤੇ ਆਵਾਜ਼ਾਂ ਦੇਣ ਦੇ ਬਾਵਜੂਦ ਜਦੋਂ ਅੰਦਰੋਂ ਕੋਈ ਪ੍ਰਤੀਕਿਰਿਆ ਜਾਂ ਹਲਚਲ ਨਾ ਹੋਈ ਤਾਂ ਕਰਮਚਾਰੀਆਂ ਨੂੰ ਅਣਹੋਣੀ ਦਾ ਖ਼ਦਸ਼ਾ ਹੋਇਆ। ਇਸ ਤੋਂ ਬਾਅਦ ਕਰਮਚਾਰੀਆਂ ਨੇ ਮਿਲ ਕੇ ਦਰਵਾਜ਼ਾ ਤੋੜ ਦਿੱਤਾ। ਅੰਦਰ ਕਦਮ ਰੱਖਦਿਆਂ ਹੀ ਦੇਖਿਆ ਕਿ ਨੌਜਵਾਨ ਫ਼ਰਸ਼ 'ਤੇ ਬੇਹੋਸ਼ ਪਿਆ ਸੀ ਅਤੇ ਉਸ ਦੇ ਸਾਹ



ਰੁਕ ਚੁੱਕੇ ਸਨ। ਪੰਪ ਮਾਲਕ ਮੁਤਾਬਕ ਜਿਸ ਬਾਥਰੂਮ ਵਿਚ ਨੌਜਵਾਨ ਮ੍ਰਿਤਕ ਪਿਆ ਸੀ, ਉੱਥੋਂ ਨਸ਼ੇ ਦੇ ਸੇਵਨ ਨਾਲ ਸਬੰਧਤ ਕੁਝ ਸ਼ੱਕੀ ਸਮੱਗਰੀ ਵੀ ਮਿਲੀ ਹੈ, ਜਿਸ ਨੂੰ ਦੇਖ ਕੇ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਨੌਜਵਾਨ ਨੇ ਬਾਥਰੂਮ ਦੇ ਅੰਦਰ ਨਸ਼ੀਲੇ ਪਦਾਰਥ ਦਾ ਸੇਵਨ ਕੀਤਾ ਹੋਵੇਗਾ ਅਤੇ ਓਵਰਡੋਜ਼ ਹੋਣ ਕਾਰਨ ਉਸ ਦੀ ਉਥੇ ਹੀ ਮੌਤ ਹੋ ਗਈ ਹਾਲਾਂਕਿ ਪੁਲਸ ਪ੍ਰਸ਼ਾਸਨ ਨੇ ਅਜੇ ਮੌਤ ਦੇ ਕਾਰਨਾਂ ਦੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਅਤੇ ਮਾਮਲੇ ਦੀ ਵੱਖ-ਵੱਖ ਪਹਿਲੂਆਂ ਤੋਂ ਛਾਣਬੀਨ ਕੀਤੀ ਜਾ ਰਹੀ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਡਵੀਜ਼ਨ ਨੰ. 7 ਦੀ ਪੁਲਸ ਪਾਰਟੀ ਤੁਰੰਤ ਮੌਕੇ 'ਤੇ ਪਹੁੰਚੀ ਅਤੇ ਘਟਨਾ ਸਥਾਨ ਦਾ ਜਾਇਜ਼ਾ ਲਿਆ। ਜਾਂਚ ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕ ਕੋਲੋਂ ਕੋਈ ਪਛਾਣ ਪੱਤਰ ਜਾਂ ਦਸਤਾਵੇਜ਼ ਬਰਾਮਦ ਨਹੀਂ ਹੋਇਆ ਹੈ, ਜਿਸ ਕਰ ਕੇ ਉਸ ਦੀ ਸ਼ਨਾਖ਼ਤ ਅਜੇ ਤੱਕ ਨਹੀਂ ਹੋ ਸਕੀ ਹੈ। ਨੌਜਵਾਨ ਦੀ ਪਛਾਣ ਲਈ ਆਸ-ਪਾਸ ਦੇ ਇਲਾਕਿਆਂ ਅਤੇ ਥਾਣਿਆਂ ਜ਼ਰੀਏ ਜਾਣਕਾਰੀ ਜੁਟਾਈ ਜਾ ਰਹੀ ਹੈ। ਪੁਲਸ ਨੇ ਲਾਸ਼ ਨੂੰ 72 ਘੰਟਿਆਂ ਲਈ ਸਿਵਲ ਹਸਪਤਾਲ ਦੇ ਮੁਰਦਾਘਰ ਵਿਚ ਸੁਰੱਖਿਅਤ ਰੱਖਵਾ ਦਿੱਤਾ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰੀਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

ਏਸ਼ੀਅਨ ਹਾਕੀ ਚੈਂਪੀਅਨਸ਼ਿਪ ਦੇ ਵਿਚਕਾਰ ਸ਼ਹਿਰ ਦੀਆਂ ਵਧੇਰੇ ਟਰੈਫਿਕ ਲਾਈਟਾਂ ਖ਼ਰਾਬ, ਚੌਰਾਹਿਆਂ 'ਤੇ ਲੱਗ ਰਹੇ ਜਾਮ


ਕੌਮੀ ਪਤ੍ਰਿਕਾ

ਜਲੰਧਰ 10 ਨਵੰਬਰ। ਸਥਾਨਕ ਬਰਲਟਨ ਪਾਰਕ ਵਿਚ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਸ਼ੁਰੂ ਹੋ ਚੁੱਕੀ ਹੈ ਅਤੇ ਵੱਖ-ਵੱਖ ਦੇਸ਼ਾਂ ਦੀਆਂ ਟੀਮਾਂ ਦੇ ਖਿਡਾਰੀ ਜਲੰਧਰ ਪਹੁੰਚਣ ਲੱਗੇ ਹਨ। ਪ੍ਰਤੀਯੋਗਿਤਾ ਨੂੰ ਵੇਖਦੇ ਹੋਏ ਸ਼ਹਿਰ ਵਿਚ ਸਾਫ਼-ਸਫ਼ਾਈ ਅਤੇ ਹੋਰ ਪ੍ਰਬੰਧਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਪਰ ਸ਼ਹਿਰ ਦਾ ਟ?ਰੈਫਿਕ ਲਾਈਟ ਸਿਸਟਮ ਇਸ ਸਮੇਂ ਵੱਡੀ ਪ੍ਰੇਸ਼ਾਨੀ ਬਣਿਆ ਹੋਇਆ ਹੈ। ਸ਼ਹਿਰ ਵਿਚ ਪਿਛਲੇ ਲੰਮੇ ਸਮੇਂ ਤੋਂ ਟ?ਰੈਫਿਕ ਲਾਈਟਾਂ ਦੀ ਹਾਲਤ ਖ਼ਰਾਬ ਹੈ। ਹਾਲਾਂਕਿ ਨਗਰ ਨਿਗਮ ਪ੍ਰਸ਼ਾਸਨ ਨੇ ਮੋਹਾਲੀ ਦੀ ਇਕ ਕੰਪਨੀ ਨੂੰ ਲਗਭਗ 14 ਕਰੋੜ ਰੁਪਏ ਦਾ ਠੇਕਾ ਦਿੱਤਾ ਹੋਇਆ ਹੈ, ਜਿਸ ਤਹਿਤ ਸ਼ਹਿਰ ਵਿਚ ਆਧੁਨਿਕ ਤਕਨੀਕ ਵਾਲੀਆਂ ਨਵੀਆਂ ਟ?ਰੈਫਿਕ ਲਾਈਟਾਂ ਲਾਈਆਂ ਜਾ ਰਹੀਆਂ ਹਨ ਪਰ ਇਹ ਕੰਮ ਬੇਹੱਦ ਮੱਠੀ ਰਫ਼ਤਾਰ ਨਾਲ ਚੱਲ ਰਿਹਾ ਹੈ। ਅਜੇ ਤੱਕ ਕੁਝ ਹੀ ਥਾਵਾਂ 'ਤੇ ਨਵੀਆਂ ਲਾਈਟਾਂ ਲੱਗ ਪਾਈਆਂ ਹਨ, ਜਦਕਿ ਬਾਕੀ ਟ?ਰੈਫਿਕ ਲਾਈਟ ਜੰਕਸ਼ਨਾਂ ਦੀ ਹਾਲਤ ਖ਼ਰਾਬ ਬਣੀ ਹੋਈ ਹੈ। ਸ਼ਹਿਰ ਦੀਆਂ ਵਧੇਰੇ ਟ?ਰੈਫਿਕ ਲਾਈਟਾਂ ਜਾਂ ਤਾਂ ਬੰਦ ਪਈਆਂ ਹਨ ਜਾਂ ਸਹੀ ਤਰ੍ਹਾਂ ਕੰਮ ਨਹੀਂ ਕਰ ਰਹੀਆਂ। ਕਈ ਥਾਵਾਂ 'ਤੇ ਲਾਈਟਾਂ ਗਲਤ ਸਿਗਨਲ ਦੇ ਰਹੀਆਂ ਹਨ, ਜਿਸ ਨਾਲ ਵਾਹਨ ਚਾਲਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਏਸ਼ੀਅਨ ਹਾਕੀ ਚੈਂਪੀਅਨਸ਼ਿਪ ਕਾਰਨ ਸ਼ਹਿਰ ਵਿਚ ਹੋਰ ਪ੍ਰਬੰਧ ਜੰਗੀ ਪੱਧਰ 'ਤੇ ਕੀਤੇ ਜਾ ਰਹੇ ਹਨ ਪਰ ਟ?ਰੈਫਿਕ ਲਾਈਟਾਂ ਦੀ ਖਰਾਬ ਹਾਲਤ ਕਾਰਨ ਲਗਭਗ ਸਾਰੇ ਪ੍ਰਮੁੱਖ ਚੌਰਾਹਿਆਂ 'ਤੇ ਜਾਮ ਦੀ ਸਥਿਤੀ ਬਣ ਰਹੀ ਹੈ। ਇਸ ਨਾਲ ਆਮ ਸ਼ਹਿਰ ਵਾਸੀਆਂ ਨੂੰ ਪ੍ਰੇਸ਼ਾਨੀ ਹੋ ਰਹੀ ਹੈ। ਨਾਲ ਹੀ, ਦੂਜੇ ਦੇਸ਼ਾਂ ਤੋਂ ਆਉਣ ਵਾਲੇ ਖਿਡਾਰੀਆਂ ਅਤੇ ਪ੍ਰਤੀਨਿਧੀਆਂ ਦੇ ਸਾਹਮਣੇ ਵੀ ਸ਼ਹਿਰ ਦਾ ਅਕਸ ਪ੍ਰਭਾਵਿਤ ਹੋਣ ਦਾ ਖ਼ਤਰਾ ਹੈ। ਟ?ਰੈਫਿਕ ਲਾਈਟਾਂ ਬੰਦ ਹੋਣ ਕਾਰਨ ਟ?ਰੈਫਿਕ ਪੁਲਸ ਨੂੰ ਚੌਰਾਹਿਆਂ 'ਤੇ ਆਵਾਜਾਈ ਸੰਭਾਲਣ ਲਈ ਵਾਧੂ ਮਿਹਨਤ ਕਰਨੀ ਪੈ ਰਹੀ ਹੈ। ਉੱਥੇ ਹੀ, ਸ਼ਹਿਰ ਵਾਸੀਆਂ ਨੂੰ ਵੀ ਜਾਮ ਵਿਚ ਫਸ ਕੇ ਆਪਣਾ ਸਮਾਂ ਗੁਆਉਣਾ ਪੈ ਰਿਹਾ ਹੈ। ਅਜਿਹੇ ਵਿਚ ਨਗਰ ਨਿਗਮ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਆਗਾਮੀ ਦਿਨਾਂ ਵਿਚ ਟ?ਰੈਫਿਕ ਲਾਈਟ ਸਿਸਟਮ ਨੂੰ ਠੀਕ ਕਰਵਾਉਣ ਲਈ ਜੰਗੀ ਪੱਧਰ 'ਤੇ ਕੰਮ ਕਰਵਾਇਆ ਜਾਵੇ, ਤਾਂ ਜੋ ਸਾਰੀਆਂ ਲਾਈਟਾਂ ਸੁਚਾਰੂ ਰੂਪ ਨਾਲ ਚੱਲ ਸਕਨ ਅਤੇ ਸ਼ਹਿਰ ਵਿਚ ਆਵਾਜਾਈ ਵਿਵਸਥਾ ਬਿਹਤਰ ਹੋ ਸਕੇ।



ਜਾਇਦਾਦ ਦੇ ਝਗੜੇ 'ਚ ਭਤੀਜੇ ਨੇ ਕੀਤਾ ਆਪਣੇ ਹੀ ਚਾਚਾ-ਚਾਚੀ ਦਾ ਕਤਲ

ਹਿੰਗੋਲੀ 10 ਨਵੰਬਰ। ਐਤਵਾਰ ਸਵੇਰੇ ਮਹਾਰਾਸ਼ਟਰ ਦੇ ਹਿੰਗੋਲੀ ਜ਼ਿਲੇ 'ਚ ਜਾਇਦਾਦ ਦੇ ਵਿਵਾਦ ਨੂੰ ਲੈ ਕੇ ਇਕ ਵਿਅਕਤੀ ਨੇ ਆਪਣੇ ਚਾਚੇ ਅਤੇ ਚਾਚੀ ਦਾ ਕਥਿਤ ਤੌਰ 'ਤੇ ਕਤਲ ਕਰ ਦਿੱਤਾ। ਇਸ ਦੀ ਜਾਣਕਾਰੀ ਪੁਲਸ ਵੱਲੋਂ ਪ੍ਰਾਪਤ ਹੋਈ ਹੈ। ਪੁਲਸ ਦੇ ਅਨੁਸਾਰ, ਦੋਸ਼ੀ ਦੇਵੇਂਦਰ ਚੋਪੜੇ ਦਾ ਆਪਣੇ ਚਾਚੇ ਅਤੇ ਚਾਚੀ ਨਾਲ ਵਾਦਾਦ ਪਿੰਡ 'ਚ ਖੇਤ ਦੀ ਮਾਲਕੀ ਅਤੇ ਸਾਂਝੇ ਖੂਹ ਦੇ ਪਾਣੀ ਦੀ ਵਰਤੋਂ ਨੂੰ ਲੈ ਕੇ ਅਕਸਰ ਝਗੜਾ ਹੁੰਦਾ ਰਹਿੰਦਾ ਸੀ।



ਰਿਸ਼ਤੇਦਾਰਾਂ ਨੇ ਪਹਿਲਾਂ ਵੀ ਦੋਵਾਂ ਪਰਿਵਾਰਾਂ ਵਿਚਕਾਰ ਮਤਭੇਦ ਸੁਲਝਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਤਣਾਅ ਬਣਿਆ ਰਿਹਾ। ਇਸ ਦੌਰਾਨ ਔਂਧਾ ਪੁਲਸ ਸਟੇਸ਼ਨ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਐਤਵਾਰ ਸਵੇਰੇ ਦੇਵੇਂਦਰ ਨੇ ਆਪਣੇ ਚਾਚੇ, ਤ੍ਰਿੰਬਕ ਚੋਪੜੇ, ਜੋ ਖੇਤਾਂ 'ਚ ਕੰਮ ਕਰ ਰਿਹਾ ਸੀ, ਨੂੰ ਚਾਕੂ ਮਾਰ ਦਿੱਤਾ, ਜਿਸ ਨਾਲ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਤੋਂ ਬਾਅਦ ਉਹ ਤ੍ਰਿੰਬਕ ਦੇ ਘਰ ਗਿਆ ਅਤੇ ਆਪਣੀ ਚਾਚੀ ਮੰਗਲਾਬਾਈ (49), ਜੋ ਉੱਥੇ ਇਕੱਲੀ ਸੀ, ਨੂੰ ਚਾਕੂ ਮਾਰ ਕੇ ਮਾਰ ਦਿੱਤਾ। ਇਸ ਦੋਹਰੇ ਕਤਲ ਦੀ ਸੂਚਨਾ ਮਿਲਣ 'ਤੇ, ਸੀਨੀਅਰ ਪੁਲਸ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ। ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਜਵਾਲਾ ਬਾਜ਼ਾਰ ਸਥਿਤ ਪ੍ਰਾਇਮਰੀ ਸਿਹਤ ਕੇਂਦਰ ਭੇਜ ਦਿੱਤਾ ਗਿਆ ਹੈ। ਔਂਧਾ ਪੁਲਸ ਮਾਮਲੇ ਦੀ ਹੋਰ ਜਾਂਚ ਕਰ ਰਹੀ ਹੈ।

ਸੰਤ ਨਿਰੰਜਨ ਦਾਸ ਖ਼ਿਲਾਫ਼ ਇਤਰਾਜ਼ਯੋਗ ਪੋਸਟ ਦਾ ਦੋਸ਼, ਜਲੰਧਰ 'ਚ ਥਾਣੇ ਬਾਹਰ ਪ੍ਰਦਰਸ਼ਨ

ਜਲੰਧਰ/ਆਦਮਪੁਰ 10 ਨਵੰਬਰ। ਜਲੰਧਰ 'ਚ ਡੇਰਾ ਸੱਚਖੰਡ ਬੱਲਾਂ ਨਾਲ ਜੁੜੇ ਇਕ ਮਾਮਲੇ ਨੂੰ ਲੈ ਕੇ ਬੀਤੀ ਰਾਤ ਆਦਮਪੁਰ ਥਾਣੇ ਦੇ ਬਾਹਰ ਲੋਕਾਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ। ਲਗਭਗ ਡੇਢ ਘੰਟੇ ਤੱਕ ਚੱਲੇ ਇਸ ਧਰਨੇ ਤੋਂ ਬਾਅਦ ਲੋਕ ਉੱਥੋਂ ਚਲੇ ਗਏ। ਪ੍ਰਦਰਸ਼ਨਕਾਰੀਆਂ ਨੇ 'ਬਿੱਲਾ' ਨਾਮ ਦੇ ਇਕ ਵਿਅਕਤੀ 'ਤੇ ਸੋਸ਼ਲ ਮੀਡੀਆ 'ਤੇ ਡੇਰੇ ਅਤੇ ਸੰਤ ਨਿਰੰਜਨ ਦਾਸ ਖ਼?ਲਾਫ਼ ਇਤਰਾਜ਼ਯੋਗ ਟਿੱਪਣੀਆਂ ਕਰਨ ਦੇ ਦੋਸ਼ ਲਾਏ ਹਨ। ਐੱਸ. ਐੱਚ. ਓ. ਪਰਵਿੰਦਰ ਸਿੰਘ ਮੁਤਾਬਕ ਕਰਤਾਰਪੁਰ ਖੇਤਰ ਅਧੀਨ ਆਉਂਦੇ ਪ੍ਰਸਿੱਧ ਡੇਰਾ ਸੱਚਖੰਡ ਬੱਲਾਂ ਨਾਲ ਜੁੜੇ ਕੁਝ ਵਿਅਕਤੀਆਂ ਅਤੇ ਧੜਿਆਂ ਵਿਚਾਲੇ ਆਪਸੀ ਮਤਭੇਦ ਦਾ ਮਾਮਲਾ ਸਾਹਮਣੇ ਆਇਆ ਸੀ। ਇਸੇ ਵਿਵਾਦ ਦੌਰਾਨ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਕੁਝ ਪੋਸਟਾਂ ਸਾਂਝੀਆਂ ਕੀਤੀਆਂ ਗਈਆਂ। ਪਿੰਡ ਚਮੋ ਦੇ ਰਹਿਣ ਵਾਲੇ ਅਤੇ ਡੇਰੇ ਦੇ ਸ਼ਰਧਾਲੂ ਬਲਵੀਰ ਸਿੰਘ ਵੱਲੋਂ ਦਿੱਤੀ ਸ਼ਿਕਾਇਤ 'ਚ ਦੋਸ਼ ਲਾਇਆ ਗਿਆ ਹੈ ਕਿ ਇਨ੍ਹਾਂ ਪੋਸਟਾਂ ਰਾਹੀਂ ਡੇਰੇ ਦੀਆਂ ਧਾਰਮਿਕ ਮਾਨਤਾਵਾਂ ਖ਼?ਲਾਫ਼ ਟਿੱਪਣੀਆਂ ਕੀਤੀਆਂ ਗਈਆਂ ਹਨ ਅਤੇ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸ਼ਿਕਾਇਤ ਮਿਲਣ ਤੋਂ ਬਾਅਦ ਰਵਿਦਾਸੀਆ ਭਾਈਚਾਰਾ ਅਤੇ ਸਥਾਨਕ ਜਥੇਬੰਦੀਆਂ ਦੇ ਲੋਕ ਥਾਣੇ ਦੇ ਬਾਹਰ ਇਕੱਠੇ ਹੋਏ ਸਨ। ਪੁਲਸ ਪ੍ਰਸ਼ਾਸਨ ਨਾਲ ਹੋਈ ਗੱਲਬਾਤ ਅਤੇ ਤੁਰੰਤ ਦਖ਼ਲ ਤੋਂ ਬਾਅਦ ਇਹ ਪ੍ਰਦਰਸ਼ਨ ਸ਼ਾਂਤੀਪੂਰਨ ਢੰਗ ਨਾਲ ਸਮਾਪਤ ਹੋ ਗਿਆ। ਐੱਸ. ਐੱਚ. ਓ. ਨੇ ਸਪੱਸ਼ਟ ਕੀਤਾ ਕਿ ਸ਼ਿਕਾਇਤ ਦਰਜ ਕਰ ਲਈ ਗਈ ਹੈ ਪਰ ਅਜੇ ਤੱਕ ਸ਼ਿਕਾਇਤ ਕਰਤਾਵਾਂ ਵੱਲੋਂ ਦੋਸ਼ਾਂ ਨਾਲ ਜੁੜੇ ਕੋਈ ਲਿਖਤੀ ਜਾਂ ਡਿਜੀਟਲ ਠੋਸ ਸਬੂਤ ਪੇਸ਼ ਨਹੀਂ ਕੀਤੇ ਗਏ ਹਨ। ਪੁਲਸ ਮੁਤਾਬਕ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਕੰਟਰੋਲ ਹੇਠ ਹੈ। ਦਿੱਤੀ ਗਈ ਦਰਖ਼ਾਸਤ ਦੇ ਆਧਾਰ 'ਤੇ ਮਾਮਲੇ ਦੀ ਨਿਰਪੱਖ ਜਾਂਚ ਕੀਤੀ ਜਾ ਰਹੀ ਹੈ ਅਤੇ ਸਬੂਤਾਂ ਦੇ ਆਧਾਰ 'ਤੇ ਹੀ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

NAME CHANGE

I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

NAME CHANGE

I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

NAME CHANGE

I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

NAME CHANGE

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

NAME CHANGE

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

PUBLIC NOTICE

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

NAME CHANGE

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

NAME CHANGE

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

PUBLIC NOTICE

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

NAME CHANGE

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

NAME CHANGE

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

NAME CHANGE

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

PUBLIC NOTICE

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

NAME CHANGE

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

NAME CHANGE

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

NAME CHANGE

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

NAME CHANGE

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

NAME CHANGE

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

NAME CHANGE

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

NAME CHANGE

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

NAME CHANGE

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

NAME CHANGE

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

PUBLIC NOTICE

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

PUBLIC NOTICE

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

ARJUN BIDHURI Advocate
CH. NO.536, Saket Courts
New Delhi-110017.

NAME CHANGE

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

PUBLIC NOTICE

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

NAME CHANGE

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE

I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

NAME CHANGE

It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

PUBLIC NOTICE

Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

[RUPESH KUMAR ROUSHAN]
Advocate
D-803, Nandgram,
Ghaziabad,
Uttar Pradesh 201003
roushan.rupesh@gmail.com

NAME CHANGE

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

NAME CHANGE

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

NAME CHANGE

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE

My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

Shyam Sharma (Adv)

PUBLIC NOTICE

I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

NAME CHANGE

I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

NAME CHANGE

I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

NAME CHANGE

I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

NAME CHANGE

I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

NAME CHANGE

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

NAME CHANGE

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

NAME CHANGE

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

NAME CHANGE

I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

NAME CHANGE

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

NAME CHANGE

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

NAME CHANGE

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

NAME CHANGE

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

NAME CHANGE

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

PUBLIC NOTICE

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

PINKI LAMBA MANN
ADVOCATE
OFF. A-205A, NORTH
EX.MALL, SECTOR-9,
ROHINI, NEW DELHI

ਉੱਤਰ ਰੇਲਵੇ

ਈ-ਨੀਲਾਮੀ ਸੂਚਨਾ

ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ਜੀ, ਉੱਤਰ ਰੇਲਵੇ, ਦਿੱਲੀ ਮੰਡਲ, ਨਵੀਂ ਦਿੱਲੀ ਹੇਠਾਂ ਲਿਖਤ ਰੇਲਵੇ ਸਟੇਸ਼ਨਾਂ ਉਤੇ ਐਨਐਫਆਰ ਦੇ ਵਖ-ਵਖ ਕਾਂਟਰੈਕਟਾਂ ਦੇ ਅਲਾਟਮੈਂਟ ਦੇ ਲਈ ਈ-ਨਿਵਿਦਾ ਮੰਗ ਕੀਤੀ ਹੈ

ਈ-ਕੈਟਲਾਗ ਨੰ.	ਪਰਿਸੰਪਤੀ ਦਾ ਪ੍ਰਕਾਰ	ਰੇਲਵੇ ਸਟੇਸ਼ਨ	ਈ-ਨੀਲਾਮੀ ਦੇ ਲਈ ਮਿਤੀ ਅਤੇ ਸਮਾਂ
Advt-Nov-2026-5	ਵਿਨਾਇਲ ਸਿਟਕਰ/ ਬਾਹਰੀ ਰੈਪਿੰਗ	ਟ੍ਰੇਨ ਨੰਬਰ 22479/80 ਅਤੇ 22485/86	ਸ਼ੁਰੂ ਹੋਣ ਦਾ ਸਮਾਂ: 26.11.2026 ਨੂੰ 11:00 ਵਜੇ
Advt-Nov-2026-5	ਯੂਨਿਪੋਲ	ਮੋਦੀਨਗਰ।	ਸ਼ੁਰੂ ਹੋਣ ਦਾ ਸਮਾਂ: 26.11.2026 ਨੂੰ 11:00 ਵਜੇ
Advt-Nov-2026-5	ਯੂਨਿਪੋਲ (OOH)	ਕਲਸਟਰ- C,E,F ਅਤੇ D	ਸ਼ੁਰੂ ਹੋਣ ਦਾ ਸਮਾਂ: 26.11.2026 ਨੂੰ 11:00 ਵਜੇ
Advt-Nov-2026-5	ਡੁਅਲ ਡਿਸਪਲੇ ਇਨਫਾਰਮੇਸ਼ਨ ਸਿਸਟਮ ਯੂਟੀਐਸ (DDIS)	290 ਯੂਟੀਐਸ ਕਾਊਂਟਰ ਦਿੱਲੀ ਮੰਡਲ ਦੇ ਵਖ-ਵਖ ਰੇਲਵੇ ਸਟੇਸ਼ਨਾਂ ਉਤੇ।	ਸ਼ੁਰੂ ਹੋਣ ਦਾ ਸਮਾਂ: 26.11.2026 ਨੂੰ 11:00 ਵਜੇ
Advt-Nov-2026-5	ਡੁਅਲ ਡਿਸਪਲੇ ਇਨਫਾਰਮੇਸ਼ਨ ਸਿਸਟਮ ਪੀਆਰਐਸ (DDIS)	165 ਪੀਆਰਐਸ ਕਾਊਂਟਰ ਦਿੱਲੀ ਮੰਡਲ ਦੇ ਵਖ-ਵਖ ਰੇਲਵੇ ਸਟੇਸ਼ਨਾਂ ਉਤੇ।	ਸ਼ੁਰੂ ਹੋਣ ਦਾ ਸਮਾਂ: 26.11.2026 ਨੂੰ 11:00 ਵਜੇ
Advt-Nov-2026-5	ਸਟੇਸ਼ਨ ਪਰਿਸਰ ਵਿਚ ਵਿਗਿਆਪਨ (ਡਿਜਿਟਲ)	ਸ਼ਕੂਰਬਸਤੀ	ਸ਼ੁਰੂ ਹੋਣ ਦਾ ਸਮਾਂ: 26.11.2026 ਨੂੰ 11:00 ਵਜੇ
Advt-Nov-2026-5	ਸਟੇਸ਼ਨ ਪਰਿਸਰ ਵਿਚ ਵਿਗਿਆਪਨ (ਗੈਰ ਡਿਜਿਟਲ)	ਸ਼ਕੂਰਬਸਤੀ	ਸ਼ੁਰੂ ਹੋਣ ਦਾ ਸਮਾਂ: 26.11.2026 ਨੂੰ 11:00 ਵਜੇ
Advt-Nov-2026-5	ਵੇਟਿੰਗਹਾਲ	ਪਾਨੀਪਤ, ਕਰਨਾਲ, ਖੇਕੜਾ, ਬਾਗਪਤ ਰੋਡ ਅਤੇ ਮਨਸਾ, ਰੇਲਵੇ ਸਟੇਸ਼ਨ	ਸ਼ੁਰੂ ਹੋਣ ਦਾ ਸਮਾਂ: 26.11.2026 ਨੂੰ 11:00 ਵਜੇ
Advt-Nov-2026-5	ਯਾਤਰੀ ਐਲਾਨ ਪ੍ਰਣਾਲੀ (PAS)	ਨਵੀਂ ਦਿੱਲੀ, ਦਿੱਲੀ, ਹਜ਼ਰਤ ਨਿਜ਼ਾਮੁਦੀਨ, ਆਨੰਦ ਵਿਹਾਰ ਟਰਮੀਨਲ, ਦਿੱਲੀ ਸਰਾਏ ਰੋਹਿਲਾ ਕਰਨਾਲ, ਕੁਰੂਕਸ਼ੇਤਰ, ਪਾਨੀਪਤ, ਸੋਨੀਪਤ, ਮੇਰਠ ਕੈਂਟ, ਮੇਰਠ ਸਿਟੀ, ਮੁਜ਼ਫਰਨਗਰ, ਸ਼ਾਹਿਬਾਬਾਦ, ਗਾਜ਼ੀਆਬਾਦ, ਰੋਹਤਕ, ਦਿੱਲੀ ਸ਼ਾਹਦਰਾ, ਫਰੀਦਾਬਾਦ, ਪਲਵਲ।	ਸ਼ੁਰੂ ਹੋਣ ਦਾ ਸਮਾਂ: 26.11.2026 ਨੂੰ 11:00 ਵਜੇ
Advt-Nov-2026-5	ਹੇਡਰੇਸਟ ਕਵਰ	ਟ੍ਰੇਨ ਨੰਬਰ 22439/40, 22435/36, 22447/48, 22469/7 ਅਤੇ 22425/26	ਸ਼ੁਰੂ ਹੋਣ ਦਾ ਸਮਾਂ: 26.11.2026 ਨੂੰ 11:00 ਵਜੇ
Advt-Nov-2026-5	ਐਮਰਜੈਂਸੀ ਮੈਡੀਕਲ ਰੂਮ (EMR)	ਨਵੀਂ ਦਿੱਲੀ, ਆਨੰਦ ਵਿਹਾਰ ਟਰਮੀਨਲ, ਹਜ਼ਰਤ ਨਿਜ਼ਾਮੁਦੀਨ, ਦਿੱਲੀ ਰੇਲਵੇ ਸਟੇਸ਼ਨ ਉਤੇ।	ਸ਼ੁਰੂ ਹੋਣ ਦਾ ਸਮਾਂ: 26.11.2026 ਨੂੰ 11:00 ਵਜੇ

ਵੈਬਸਾਈਟ ਵੇਰਵਾ ਜਿਥੇ ਈ-ਨੀਲਾਮੀ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ https://ireps.gov.in/ (E-Auction-Leasing)

ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ਜੀ, ਉੱਤਰ ਰੇਲਵੇ, ਦਿੱਲੀ ਮੰਡਲ, ਨਵੀਂ ਦਿੱਲੀ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3922/2026

ਸਾਹਿਤ ਸਿਰਜਣਾ ਮੇਰੀ ਰੂਹ ਨੂੰ ਸਕੂਨ ਬਖ਼ਸ਼ਦੀ ਹੈ

ਹਰਕੀਰਤ ਕੌਰ ਚਹਿਲ

ਰੂਬਰੂ



• ਤਰਸੇਮ ਗੋਪੀ ਕਾ
8146200063

ਹਰਕੀਰਤ ਕੌਰ ਚਹਿਲ ਦਾ ਨਾਂ ਇਕ ਲੇਖਿਕਾ ਦੇ ਤੌਰ 'ਤੇ ਉਦੋਂ ਉੱਭਰ ਕੇ ਸਾਹਮਣੇ ਆਇਆ, ਜਦੋਂ ਉਸ ਦੀ ਪਲੇਠੀ ਪੁਸਤਕ 'ਪਰੀਆਂ ਸੰਗ ਪਰਵਾਜ਼' ਛਪ ਕੇ ਪੰਜਾਬੀ ਪਾਠਕਾਂ ਦੇ ਹੱਥਾਂ ਵਿਚ ਪਹੁੰਚੀ ਸੀ। ਹਰਕੀਰਤ ਉਨ੍ਹਾਂ ਪਰਵਾਸੀ ਲੇਖਕਾਂ ਵਿੱਚੋਂ ਹੈ, ਜਿਨ੍ਹਾਂ ਦੇ ਮਨਾਂ 'ਤੇ ਪੱਛਮੀ ਦੇਸ਼ਾਂ ਦੀ ਸੱਭਿਅਤਾ ਕਬਜ਼ਾ ਨਹੀਂ ਕਰ ਪਾਉਂਦੀ ਤੇ ਉਹ ਵਿਦੇਸ਼ਾਂ ਵਿਚ ਰਹਿੰਦੇ ਹੋਏ ਵੀ ਆਪਣੇ ਵਤਨ ਦੀ ਮਿੱਟੀ ਨਾਲ ਜੁੜੇ ਰਹਿੰਦੇ ਹਨ। ਹਰਕੀਰਤ ਦੀ ਕਲਮ ਵਿੱਚੋਂ ਅਨੇਕਾਂ ਕਹਾਣੀਆਂ, ਗੀਤ ਤੇ ਦੋ ਨਾਵਲ ਉਪਜੇ ਹਨ। ਬੇਸ਼ੱਕ ਹਰਕੀਰਤ ਨੇ ਹਾਲੇ ਸਿਰਫ਼ ਦੋ ਨਾਵਲ ਲਿਖੇ ਨੇ ਪਰ ਉਸ ਦੀ ਪਰਪੱਕ ਲੇਖਣੀ ਨੇ ਹਰਕੀਰਤ ਨੂੰ ਪੰਜਾਬ ਦੇ ਸਿਰਮੌਰ ਨਾਵਲਕਾਰਾਂ ਦੀ ਕਤਾਰ ਵਿਚ ਲਿਜਾ ਖੜ੍ਹਾ ਕੀਤਾ ਹੈ। ਉਸ ਦੇ ਹਾਲ ਹੀ ਵਿਚ ਛਪੇ ਨਾਵਲ 'ਥੋਹਰਾਂ ਦੇ ਫੁੱਲ' ਦੀ ਮਕਬੂਲੀਅਤ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਹਰਕੀਰਤ ਨਾਵਲ ਵਿਧਾ 'ਤੇ ਆਪਣੀ ਪਕੜ ਮਜ਼ਬੂਤ ਕਰ ਚੁੱਕੀ ਹੈ। ਪਾਠਕਾਂ ਦੇ ਸਨਮੁੱਖ ਹੈ ਹਰਕੀਰਤ ਕੌਰ ਚਹਿਲ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :-

• ਹਰਕੀਰਤ ਜੀ ਆਪਣੇ ਜਨਮ ਤੇ ਪੜ੍ਹਾਈ ਬਾਰੇ ਦੱਸੋ?

ਮੇਰਾ ਜਨਮ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਖੇੜਾ ਵਿਖੇ ਹੋਇਆ। ਮੇਰੇ ਪਿਤਾ ਜੀ ਸ਼ੇਰ ਸਿੰਘ ਇਲੈਕਟ੍ਰੀਕਲ ਇੰਜੀਨੀਅਰ ਤੇ ਮਾਤਾ ਹਰਪ੍ਰੀਤ ਕੌਰ ਇਕ ਘਰੇਲੂ ਔਰਤ ਹਨ। ਪਿਤਾ ਨੇ ਜਿੱਥੇ ਹੋਰ ਵਿਸ਼ੇ ਪੜ੍ਹਾਏ, ਉਥੇ ਮਾਂ ਨੇ ਬੋਲੀ ਨਾਲ ਸਾਂਝ ਪੁਆਈ। ਮੈਂ ਤਿੰਨ ਭੈਣ ਭਰਾਵਾਂ ਵਿੱਚੋਂ ਸਭ ਤੋਂ ਵੱਡੀ ਹਾਂ। ਛੋਟੇ ਭੈਣ ਤੇ ਭਰਾ ਦੋਨੋਂ ਆਸਟ੍ਰੇਲੀਆ ਵਿਚ ਡਾਕਟਰ ਹਨ। ਮੁੱਢਲੀ ਸਿੱਖਿਆ ਅਹਿਮਦਗੜ੍ਹ ਮੰਡੀ ਤੋਂ ਲੈਣ ਉਪਰੰਤ ਮੈ ਨੌਵੀਂ-ਦਸਵੀਂ ਲੁਧਿਆਣੇ ਖ਼ਾਲਸਾ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਤੋਂ ਕੀਤੀ। ਚੰਗੇ ਅੰਕ ਪ੍ਰਾਪਤ ਕਰਨ 'ਤੇ ਮੈਂ ਸਿਰਫ਼ 13 ਸਾਲ ਦੀ ਉਮਰ ਵਿਚ ਖੇਤੀਬਾੜੀ ਯੂਨੀਵਰਸਿਟੀ ਦਾ ਦਾਖ਼ਲਾ ਇਮਤਿਹਾਨ ਵੀ ਪਾਸ ਕਰ ਗਈ। 1983 ਵਿਚ ਮੈਂ ਬੀ ਐੱਸ ਸੀ ਹੋਮ ਸਾਇੰਸ ਕੀਤੀ ਅਤੇ 1988 ਵਿਚ ਖੇਤੀਬਾੜੀ ਕਾਲਜ ਤੋਂ ਬੀਐੱਡ ਕੀਤੀ। ਡਿਗਰੀ ਖ਼ਤਮ ਹੋਣ ਸਾਰ ਹੀ ਮੇਰਾ ਵਿਆਹ ਡਾਕਟਰ ਕੁਲਦੀਪ ਸਿੰਘ ਚਹਿਲ ਨਾਲ ਹੋ ਗਿਆ। ਵੱਡੀ ਬੇਟੀ ਜੈਸਮੀਨ ਤੇ ਬੇਟੇ ਕੰਵਰ ਦੇ ਜਨਮ ਬਾਅਦ ਮੈਂ ਘਰ ਬੈਠਣਾ ਮੁਨਾਸਿਬ ਨਾ ਸਮਝਿਆ ਅਤੇ ਨਾਭਾ ਸ਼ਹਿਰ ਦੇ ਇਕ ਪ੍ਰਾਈਵੇਟ ਸਕੂਲ ਵਿਚ ਬਤੌਰ ਸਾਇੰਸ ਅਧਿਆਪਕਾ ਪੜ੍ਹਾਉਣਾ ਸ਼ੁਰੂ ਕੀਤਾ। ਪਟਿਆਲੇ ਦੀ ਬਦਲੀ ਹੋਣ 'ਤੇ ਮੈਂ ਬੁੱਢਾ ਦਲ ਪਬਲਿਕ ਸਕੂਲ ਵਿਚ ਦੋ ਸਾਲ ਹੀ ਪੜ੍ਹਾਇਆ ਸੀ ਕਿ ਮੈਨੂੰ ਪ੍ਰਾਇਮਰੀ ਸਕੂਲ ਦੀ ਪ੍ਰਿੰਸੀਪਲ ਬਣਾ ਦਿੱਤਾ ਗਿਆ। ਉੱਥੇ ਕੁੱਲ ਮਿਲਾ ਕੇ 5 ਸਾਲ ਮੈਂ ਪੜ੍ਹਾਇਆ। 2005 ਵਿਚ ਕੈਨੇਡਾ ਦੀ ਇਮੀਗਰੇਸ਼ਨ ਲੈ ਲਈ ਤੇ ਪਰਿਵਾਰ ਸਮੇਤ ਦੇਸ਼ ਛੱਡ ਕੇ ਆ ਗਈ। ਕੁਝ ਚਿਰ ਜੱਦੋ-ਜਹਿਦ ਬਾਅਦ ਕੈਨੇਡਾ ਵਿਚ ਵੀ ਅਧਿਆਪਕ ਦਾ ਲਾਇਸੰਸ ਮਿਲ ਗਿਆ। 6 ਸਾਲ ਇੱਥੇ ਵੀ ਅਧਿਆਪਨ ਕਿੱਤੇ ਵਿਚ ਬਿਤਾਏ। ਹੁਣ ਪਿਛਲੇ 6 ਸਾਲ ਤੋਂ ਆਪਣੇ ਪਤੀ ਦੇ ਬਣਾਏ ਹਸਪਤਾਲ ਵਿਚ ਬਤੌਰ ਮੈਨੇਜਿੰਗ ਡਾਇਰੈਕਟਰ ਕੰਮ ਕਰਦੀ ਹਾਂ। ਦੋਵੇਂ ਬੱਚੇ ਡਾਕਟਰੀ ਦੀ ਪੜ੍ਹਾਈ ਮੁਕੰਮਲ ਕਰ ਚੁੱਕੇ ਹਨ। ਜ਼ਿੰਦਗੀ ਦੇ ਰੁਝੇਵੇਂ ਕੁਝ ਘਟੇ ਤਾਂ ਮੈਂ ਸ਼ਬਦਾਂ ਨਾਲ ਦੋਸਤੀ ਗੂੜ੍ਹੀ ਕਰ ਲਈ।

• ਤੁਹਾਡੇ ਲਿਖਣ ਦੀ ਸ਼ੁਰੂਆਤ ਕਦੋਂ ਤੇ ਕਾਹਦੇ ਨਾਲ ਹੋਈ?

2006 ਵਿਚ ਜਦੋਂ ਮੈਂ ਕੈਨੇਡਾ ਆਈ ਤਾਂ ਬ੍ਰੂ ਹੇਰਵੇ ਤਹਿਤ ਕੁਝ ਕਵਿਤਾਵਾਂ ਲਿਖਦੀ ਸੀ ਪਰ ਉਸ ਵਿਧਾ ਨੇ ਮੇਰੀ ਰੂਹ ਦੀ ਭਰਪਾਈ ਨਹੀਂ ਕੀਤੀ। ਅਧੂਰੇਪਣ ਨੂੰ ਪੂਰਨ ਲਈ ਕਹਾਣੀ ਅਤੇ ਕਹਾਣੀ ਤੋਂ ਨਾਵਲ ਤਕ ਦਾ ਸਫ਼ਰ ਪਤਾ ਨਹੀਂ ਕਿਵੇਂ ਤੈਅ ਹੋ ਗਿਆ।

• ਤੁਹਾਡੇ ਕਹਾਣੀ ਸੰਗ੍ਰਹਿ 'ਪਰੀਆਂ ਸੰਗ ਪਰਵਾਜ਼' ਦੀਆਂ ਕਹਾਣੀਆਂ ਦਾ ਵਿਸ਼ਾ ਵਸਤੂ ਕੀ ਹੈ?

ਮੇਰੇ ਪਲੇਠੇ ਕਾਵਿ ਸੰਗ੍ਰਹਿ 'ਪਰੀਆਂ ਸੰਗ ਪਰਵਾਜ਼' ਵਿਚ ਬਹੁਤੀਆਂ ਕਹਾਣੀਆਂ ਮੇਰੇ ਇਰਦ-ਗਿਰਦ ਘੁੰਮਦੇ ਤੇ ਵਿਚਰੇ ਕਿਰਦਾਰਾਂ ਨਾਲ ਸਬੰਧਤ ਹਨ। ਦਾਜ ਦੀ ਲਾਹਨਤ, ਵਹਿਮਾਂ-ਭਰਮਾਂ, ਰਿਸ਼ਤਿਆਂ ਦੀ ਅਹਿਮੀਅਤ ਤੇ ਮੇਰੀਆਂ ਨਿੱਜੀ ਯਾਦਾਂ ਨਾਲ ਜੁੜੀਆਂ ਹੋਈਆਂ ਕਹਾਣੀਆਂ ਨੇ ਸਮਾਜ ਦੇ ਖ਼ੂਬਸੂਰਤ ਤੇ ਮਾਡਲ ਪਰਿਵਾਰਾਂ ਨੂੰ ਮੈਂ ਆਪਣੀ ਲਿਖਤ ਰਾਹੀਂ ਪਾਠਕਾਂ ਦੇ ਰੂਬਰੂ ਕਰਨ ਦੀ ਕੋਸ਼ਿਸ਼ ਕੀਤੀ ਹੈ।

• ਕਹਾਣੀ ਤੋਂ ਨਾਵਲ ਵੱਲ ਆਉਣ ਦਾ ਸਬੱਬ ਕਿਵੇਂ ਬਣਿਆ?

ਨਾਵਲ 'ਤੇਰੇ ਬਾਝੋਂ' ਕਹਾਣੀ ਦੇ ਰੂਪ ਵਿਚ ਹੀ ਸ਼ੁਰੂ ਕੀਤਾ ਸੀ ਪਰ ਕਈ ਕਹਾਣੀਆਂ ਦੇ ਪਲਾਟ ਕਹਾਣੀ ਦੇ ਸਾਂਚੇ ਵਿਚ ਫਿੱਟ ਨਹੀਂ ਆਉਂਦੇ। ਜਦੋਂ ਮੈਂ ਉਸ ਨੂੰ ਵਿਸਥਾਰ ਦੇ ਕੇ ਲਿਖਣਾ ਸ਼ੁਰੂ ਕੀਤਾ, ਉਹ ਨਾਵਲ ਦਾ ਰੂਪ ਧਾਰਨ ਕਰ ਗਿਆ। ਇਸੇ ਕਰਕੇ 'ਤੇਰੇ ਬਾਝੋਂ' ਨਾਵਲ ਇਕਹਿਰੀ ਕਹਾਣੀ ਦਾ ਸੀ ਪਰ ਜਦੋਂ ਪਾਠਕਾਂ ਤੇ ਸਾਹਿਤਕਾਰਾਂ ਵੱਲੋਂ ਉਸ ਨੂੰ ਭਰਪੂਰ ਹੁੰਗਾਰਾ ਮਿਲਿਆ ਤਾਂ ਮੈਂ ਨਾਵਲ ਦੀ ਵਿਧਾ ਨੂੰ ਵਿਚਾਰ ਕੇ ਲਿਖਣਾ ਸ਼ੁਰੂ ਕਰ ਦਿੱਤਾ। 'ਥੋਹਰਾਂ ਦੇ ਫੁੱਲ' ਮੇਰੀ ਨਾਵਲ ਵਿਧਾ 'ਤੇ ਅਪਣਾਈ ਪਹਿਲੀ ਕੋਸ਼ਿਸ਼ ਸੀ।

• ਤੁਹਾਡੇ ਪਹਿਲੇ ਨਾਵਲ 'ਤੇਰੇ ਬਾਝੋਂ' ਦੇ ਧਰਾਤਲ ਤੇ ਵਿਸ਼ੇ ਬਾਰੇ ਵਿਸਥਾਰ ਪੂਰਵਕ ਦੱਸੋ?

ਪੰਜਾਬ ਦੀ ਧਰਤੀ 'ਤੇ ਵਾਪਰਦਾ ਇਹ ਨਾਵਲ ਇਕ ਮਾਡਲ ਪਰਿਵਾਰ ਦੀ ਕਹਾਣੀ ਹੈ, ਜਿਸ ਵਿੱਚੋਂ ਸਮਾਜ ਦੀਆਂ ਕਦਰਾਂ-ਕੀਮਤਾਂ ਦੀ ਲਾਸਾਨੀ ਮਿਸਾਲ ਮਿਲਦੀ ਹੈ। ਹਰ ਰਿਸ਼ਤਾ ਮੋਹ-ਮੁਹੱਬਤ ਨਿਛਾਵਰ ਕਰਦਾ ਔਖੇ ਵੇਲੇ ਆਪਣੀ ਸਾਂਝ ਦਾ ਸਬੂਤ ਦਿੰਦਾ ਹੈ। ਇਕ ਪਤੀ ਕਿਸ ਤਰ੍ਹਾਂ ਆਪਣੀ ਪਤਨੀ ਨਾਲ ਕੀਤੇ ਵਾਅਦੇ ਤੋਂ ਆਪਣੀਆਂ ਖ਼ੁਸ਼ੀਆਂ ਕੁਰਬਾਨ ਕਰਦਾ ਹੈ ਤੇ ਦੂਜਾ ਵਿਆਹ ਕਰਵਾ ਕੇ ਆਈ ਪਤਨੀ ਬੱਚਿਆਂ ਦੀ ਮਤਰੇਈ ਮਾਂ ਹੁੰਦੇ ਹੋਏ ਬੱਚਿਆਂ ਨੂੰ ਸਕੀ ਮਾਂ ਤੋਂ ਵਧ ਕੇ ਮੋਹ ਕਰਦੀ ਹੈ ਤੇ ਪਤੀ ਨੂੰ ਮਾਂ ਨਾ ਬਣਨ ਦਾ ਵਾਅਦਾ ਦੇ ਕੇ ਸਾਰੀ ਉਮਰ ਆਪਣੀ ਕੁੱਖ ਸੁੰਨ੍ਹੀ ਰੱਖਦੀ ਹੈ। ਇਸ ਤੋਂ ਵੱਡੀ ਕੁਰਬਾਨੀ ਇਕ ਔਰਤ ਲਈ ਕੀ ਹੋ ਸਕਦੀ ਹੈ।

• ਤੁਹਾਡਾ ਨਾਵਲ 'ਥੋਹਰਾਂ ਦੇ ਫੁੱਲ' ਕਾਫੀ ਮਕਬੂਲ ਹੋਇਆ ਹੈ, ਇਸ ਦੇ ਵਿਸ਼ੇ ਬਾਰੇ ਵਿਸਥਾਰ ਪੂਰਵਕ ਦੱਸੋ?

ਸਭ ਤੋਂ ਵੱਡੀ ਗੱਲ ਨਾਵਲ ਦੀ ਸ਼ੈਲੀ ਤੇ ਇਸ ਦਾ ਬਹੁ-ਧਰਤੀ 'ਤੇ ਵੱਡ-ਅਕਾਰੀ ਹੋਣਾ ਤੇ ਸਾਰੇ ਵਿਸ਼ਿਆਂ ਨੂੰ ਬਾਖ਼ੂਬੀ ਨਿਭਾ ਪਾਉਣਾ ਮੇਰੀ ਸਫਲਤਾ ਰਹੀ ਏ। ਦੂਜਾ ਕਾਰਨ ਇਹ ਤਿੰਨ ਦਹਾਕਿਆਂ ਦੀਆਂ ਪੀੜ੍ਹੀਆਂ ਨੂੰ ਆਪਣੇ ਨਾਲ ਜੋੜਨ ਵਿਚ ਸਮਰਥ ਰਿਹਾ ਹੈ। ਜਿੱਥੇ ਇਹ ਕਿਰਸਾਨੀ ਜੀਵਨ ਦੀਆਂ ਆਰਥਿਕ ਤੰਗੀਆਂ, ਰਿਸ਼ਤਿਆਂ ਦੀਆਂ ਅੰਤਰ ਤਹਿਆਂ ਖੋਲ੍ਹਦਾ ਹੈ, ਉਥੇ ਹੀ ਧਾਰਮਿਕ, ਰਾਜਨੀਤਕ ਪੱਖਾਂ ਨੂੰ ਉਭਾਰ ਕੇ ਪਾਠਕਾਂ ਦੇ ਸਨਮੁੱਖ ਕਰਦਾ ਹੈ। ਕਹਾਣੀ ਦਿਲਚਸਪ ਹੋ ਕੇ ਪਾਠਕਾਂ ਨੂੰ ਉਂਗਲੀ ਫੜ ਕੇ ਨਾਲ ਤੋਰਨ ਵਿਚ ਸਫਲ ਰਹੀ ਹੈ। ਵਾਪਰਦੇ ਸਾਰੇ ਕਾਂਡ ਹੀ ਯਥਾਰਥ ਦੇ ਨੇੜੇ ਹੋਣ ਕਰਕੇ ਧੁਰ ਰੂਹ ਤਕ ਉਤਰਦੇ ਹਨ।

• ਤੁਹਾਡੇ ਨਾਵਲ ਅਤੇ ਕਹਾਣੀਆਂ ਦੇ ਪਾਤਰ ਆਮ ਜ਼ਿੰਦਗੀ ਵਿੱਚੋਂ ਹੁੰਦੇ ਨੇ। ਪਾਤਰ ਚਿਤਰਣ ਵੇਲੇ ਪਾਤਰ ਦੀ ਅਸਲ ਜ਼ਿੰਦਗੀ ਨੂੰ ਕਿੰਨਾ ਕੁ ਨੇੜੇ ਹੋ ਵੇਖਦੇ ਹੋ?

ਮੇਰੀਆਂ ਕਹਾਣੀਆਂ ਅਤੇ ਨਾਵਲਾਂ ਦੇ ਬਹੁਤੇ ਪਾਤਰ ਅਸਲ ਜ਼ਿੰਦਗੀ ਵਿੱਚੋਂ ਹੀ ਲਏ ਹੁੰਦੇ ਹਨ। ਜੇ ਪੂਰਾ ਨਹੀਂ ਤਾਂ ਮੂੰਹ ਮੁਹਾਂਦਰਾ ਇੰਨ ਬਿੰਨ ਉਵੇਂ ਦਾ ਹੁੰਦਾ ਹੈ ਪਰ ਸਥਿਤੀ ਮੁਤਾਬਕ ਘੜੇ ਕਾਲਪਨਿਕ ਪਾਤਰ ਨੂੰ ਮੈਂ ਆਪਣੀ ਸੋਚ ਮੁਤਾਬਕ ਰੰਗ ਦਿੰਦੀ ਹਾਂ। ਸਮਾਂ, ਸਥਾਨ ਦੀ ਅਦਲਾ ਬਦਲੀ ਭਾਵੇਂ ਸੁਭਾਵਿਕ ਕੀਤੀ ਜਾਂਦੀ ਹੈ ਪਰ ਕਿਰਦਾਰਾਂ ਦਾ ਅਸਲੀ ਵਜੂਦ ਜਿਉਂਦਾ ਰੱਖਣਾ ਲਿਖਤ ਨੂੰ ਪਕਿਆਈ ਬਖ਼ਸ਼ਦਾ ਹੈ।

• ਪੰਜਾਬੀ ਪਾਠਕ ਨਾਵਲਾਂ ਵਿਚ ਟਕਸਾਲੀ ਬੋਲੀ ਦਾ ਪ੍ਰਭਾਵ ਜ਼ਿਆਦਾ ਕਬੂਲਦੇ ਹਨ ਜਾਂ ਠੇਠ ਬੋਲੀ ਦਾ?

ਦੋਵੇਂ ਹੀ ਬੋਲੀਆਂ ਸਹੀ ਸਮੇਂ ਇਸਤੇਮਾਲ ਹੋਣ, ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ। ਕਿਰਦਾਰ ਦੀ ਬੋਲੀ ਸਮੇਂ ਪਾਠਕ ਦੀ ਮੰਗ ਹੋਰ ਹੁੰਦੀ ਹੈ ਤੇ ਲੇਖਕ ਦੀ ਭਾਸ਼ਾ ਦਾ ਅੰਦਾਜ਼ਾ ਉਹ ਟਕਸਾਲੀ ਬੋਲੀ ਦੀ ਪ੍ਰਪੱਕਤਾ ਤੋਂ ਲਾਉਂਦਾ ਹੈ। ਬਾਕੀ ਪਾਠਕ ਦੇ ਮਨ ਨੂੰ ਠੇਠ ਖੇਤਰੀ ਭਾਸ਼ਾ ਦੇ ਡਾਇਲਾਗ ਖ਼ਾਸ ਤੌਰ 'ਤੇ ਟੁੰਬਦੇ ਹਨ, ਬਸ਼ਰਤੇ ਉਹ ਧੁਰ ਰੂਹ ਤੋਂ ਲਿਖੇ ਹੋਣ।

• ਹਰਕੀਰਤ ਜੀ ਮੈਂ ਸੁਣਿਆ ਤੁਸੀਂ ਗੀਤ ਲਿਖਣ ਦੇ ਨਾਲ-ਨਾਲ ਗਾ ਵੀ ਲੈਂਦੇ ਹੋ?

ਮੈਂ ਨਹੀਂ ਮੰਨਦੀ ਕਿ ਮੈਨੂੰ ਗਾਉਣਾ ਆਉਂਦਾ ਹੈ, "ਬਸ ਸ਼ੌਕੀਆ ਤੌਰ 'ਤੇ ਥੋੜ੍ਹਾ ਗੁਨਗੁਣਾ ਲੈਂਦੀ ਹਾਂ। ਸ਼ਬਦਾਂ ਨਾਲ ਸਾਂਝ ਹੋਣ ਕਰਕੇ ਕਈ ਗੀਤ ਵੀ ਲਿਖੇ ਨੇ। ਇਕੱਲੀ ਬੈਠੀ ਉਨ੍ਹਾਂ ਨੂੰ ਜ਼ੁਬਾਨ ਦੇਣ ਦੀ ਕੋਸ਼ਿਸ਼ ਕਰਦੀ ਹਾਂ। ਪ੍ਰਸਿੱਧ ਪੰਜਾਬੀ ਲੋਕ ਨਾਚ ਗਿੱਧੇ ਦੀ ਟੀਮ ਦੀ ਮੈਂਬਰ ਹੋਣ ਕਰਕੇ ਲੰਮੀ ਹੇਕ ਦੇ ਗੀਤ ਅਤੇ ਬੋਲੀਆਂ ਮੈਨੂੰ ਬਹੁਤ ਪਸੰਦ ਹਨ। ਫਿਲਹਾਲ ਲਿਖਣਾ ਹੀ ਹਿੱਸੇ ਆਇਆ ਹੈ। ਗਾਉਣ ਬਾਰੇ ਕੋਈ ਬਹੁਤਾ ਗਿਆਨ ਨਹੀਂ। ਬਸ ਸ਼ੌਕ ਪੂਰਾ ਕਰਦੀ ਹਾਂ।

• ਆਪਣੇ ਆਉਣ ਵਾਲੇ ਪ੍ਰਾਜੈਕਟ ਬਾਰੇ ਦੱਸੋ?

ਪੰਦਰਾਂ ਕੁ ਕਹਾਣੀਆਂ ਦਾ ਗੁਲਦਸਤਾ ਲਗਪਗ ਤਿਆਰ ਹੈ, ਜਿਸ ਦੀ ਲਿਪਾਪੋਚੀ ਹੋ ਰਹੀ ਹੈ। ਉਨ੍ਹਾਂ ਕਹਾਣੀਆਂ ਦੀ ਪਿੱਠ ਭੂਮੀ ਕੈਨੇਡਾ ਦੀ ਧਰਤੀ ਹੈ, ਇੱਥੋਂ ਦੀਆਂ ਸਮੱਸਿਆਵਾਂ ਜਿਵੇਂ ਤਲਾਕ, ਬਜ਼ੁਰਗ ਮਾਪੇ, ਅਧੂਰੇ ਵਿਆਹ, ਆਰਥਿਕ ਤੰਗੀਆਂ-ਤੁਰਸ਼ੀਆਂ, ਔਰਤ ਦੀ ਦਸ਼ਾ, ਨਸ਼ੇ ਆਦਿ ਮੁੱਦਿਆਂ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਜੋ ਜਲਦ ਹੀ ਪਾਠਕਾਂ ਦੇ ਹੱਥਾਂ ਵਿਚ ਹੋਵੇਗੀ।

• ਪਰਵਾਸੀ ਜ਼ਿੰਦਗੀ ਬਹੁਤ ਬਿਜ਼ੀ ਹੈ। ਇਨ੍ਹਾਂ ਰੁਝੇਵਿਆਂ ਵਿੱਚੋਂ ਲਿਖਣ ਲਈ ਟਾਇਮ ਕਿਵੇਂ ਕੱਢਦੇ ਹੋ?

ਪੱਛਮੀ ਦੇਸ਼ਾਂ ਵਿਚ ਜ਼ਿੰਦਗੀ ਦੀ ਰਫ਼ਤਾਰ ਤੇਜ਼ ਤਰਾਰ ਹੈ। ਮਸ਼ੀਨਾਂ ਵਰਗੇ ਇਨਸਾਨ ਰੋਬੋਟ ਵਾਂਗ ਸਾਰਾ ਦਿਨ ਭੱਜੇ ਫਿਰਦੇ ਟਾਈਮਪੀਸ ਦੀ ਸੂਈ ਵਾਂਗ ਘੁੰਮਦੇ ਹਨ ਪਰ ਮਨ ਦੇ ਵਲਵਲੇ ਜਦੋਂ ਜਵਾਰਭਾਟੇ ਵਰਗੇ ਹੋਣ ਤਾਂ ਨਿੱਜੀ ਕੰਮਾਂ ਨੂੰ ਸੀਮਤ ਕਰ ਕੇ ਮਨੋਰੰਜਨ ਤੇ ਛੁੱਟੀ ਦਾ ਸਮਾਂ ਮੈਂ ਕਲਮ ਦੇ ਲੇਖੇ ਲਾਉਂਦੀ ਹਾਂ। ਪਰਿਵਾਰ ਦਾ ਵੀ ਖ਼ਾਸ ਤੌਰ 'ਤੇ ਸਾਥ ਹੈ ਮੇਰੀ ਇਸ ਲਗਨ ਵਿਚ, ਉਨ੍ਹਾਂ ਦੇ ਹਿੱਸੇ ਦਾ ਟਾਇਮ ਮੈਂ ਲਿਖਣ ਲਈ ਉਧਾਰਾ ਮੰਗ ਲੈਂਦੀ ਹਾਂ। ਉਹ ਖਿੜੇ ਮੱਥੇ ਸਾਥ ਦਿੰਦੇ ਨੇ, ਫਿਰ ਵੀ ਸਮੇਂ ਦੀ ਤਰੁੱਟੀ ਰਹਿੰਦੀ ਹੈ। ਕਦੇ-ਕਦੇ ਦਿਲ ਕਰਦਾ, ਕਿਤੇ ਦੂਰ ਜਾ ਕੇ ਇਕਾਂਤ ਵਿਚ ਬੈਠ ਕੇ ਨਿਰਵਿਘਨ ਇਕ ਰਚਨਾ ਕਰਾਂ। ਜੇ ਸਮੇਂ ਨੇ ਸਾਥ ਦਿੱਤਾ ਤਾਂ ਇਹ ਸੁਪਨਾ ਵੀ ਸਾਕਾਰ ਕਰਾਂਗੀ।

• ਆਪਣੇ ਸਮਕਾਲੀ ਪਰਵਾਸੀ ਲੇਖਕਾਂ ਬਾਰੇ ਕੀ ਕਹਿਣਾ ਚਾਹੋਗੇ?

ਕਾਫੀ ਕਲਮਾਂ ਸਰਗਰਮ ਹਨ ਖ਼ਾਸ ਕਰਕੇ ਗ਼ਜ਼ਲ ਤੇ ਕਵਿਤਾ ਦੇ ਖੇਤਰ ਵਿਚ। ਕ੍ਰਿਸ਼ਨ ਭਨੋਟ, ਦਵਿੰਦਰ ਚਾਂਦ, ਇੰਦਰਜੀਤ ਧਾਮੀ, ਸੁਰਿੰਦਰਪਾਲ ਬੰਗੜ, ਇੰਦਰਜੀਤ ਕੌਰ ਸਿੱਧੂ, ਸੁਰਜੀਤ ਕਲਸੀ ਆਦਿ ਪ੍ਰਮੁੱਖ ਨਾਂ ਹਨ। ਕਹਾਣੀ ਤੇ ਨਾਵਲ ਦੇ ਖੇਤਰ ਵਿਚ ਨਦੀਮ ਪਰਮਾਰ, ਜਰਨੈਲ ਸੇਖਾ, ਪਰਵੇਜ਼ ਸੰਧੂ, ਗੁਰਮੀਤ ਪਨਾਗ ਵਗੈਰਾ ਪ੍ਰਮੁੱਖ ਲੇਖਕਾਂ ਵਜੋਂ ਭੂਮਿਕਾ ਨਿਭਾ ਰਹੇ ਹਨ। ਬਹੁਤ ਹੀ ਉੱਤਮ ਸਾਹਿਤ ਰਚਿਆ ਜਾ ਰਿਹਾ ਹੈ, ਜਿਸ ਦਾ ਆਉਂਦੀਆਂ ਪੀੜ੍ਹੀਆਂ ਨੂੰ ਮਾਣ ਰਹੇਗਾ।

• ਪੰਜਾਬੀਆਂ ਨੂੰ ਕਿਤਾਬਾਂ ਦੇ ਦੋਸਤ ਬਣਨ ਲਈ ਹੋਰ ਕਿੰਨਾ ਸਮਾਂ ਲੱਗੇਗਾ?

ਇਹ ਸਵਾਲ ਬਹੁਤ ਔਖਾ ਹੈ। ਸਿੱਖਿਆ ਦੇ ਢਾਂਚੇ ਵਿਚ ਕੋਈ ਤਬਦੀਲੀ ਆਵੇ ਕਿ ਅਸੀਂ ਪੱਛਮੀ ਦੇਸ਼ਾਂ ਵਾਂਗ ਬੱਚਿਆਂ ਦੀ ਬਹੁਪੱਖੀ ਵਿਕਾਸ ਵਾਲੀ ਯੋਗਤਾ ਪੈਦਾ ਕਰਨ ਵਾਲੀ ਸਿੱਖਿਆ ਪ੍ਰਣਾਲੀ ਬਣਾਈਏ। ਵਰਨਾ ਸਕੂਲ ਦੇ ਬਸਤਿਆਂ ਦਾ ਬੋਝ ਚੁੱਕਣਾ ਹੀ ਦੁੱਭਰ ਹੋਇਆ ਪਿਆ ਹੈ। ਦੂਜਾ ਨਸ਼ਿਆਂ ਦੇ ਰੁਝਾਨ ਤੋਂ ਮੁਕਤੀ ਮਿਲੇ ਤਾਂ ਨੌਜਵਾਨ ਵਰਗ ਕਿਤਾਬਾਂ ਵਾਲੇ ਪਾਸੇ ਮੋੜਾ ਪਾ ਸਕਦਾ ਹੈ। ਮਾਪਿਆਂ ਨੂੰ ਵੀ ਇਸ ਉੱਦਮ ਵਿਚ ਸਾਥ ਦੇਣ ਦੀ ਲੋੜ ਹੈ। ਫਿਲਹਾਲ ਆਸ ਦੀ ਕਿਰਨ ਤਾਂ ਹਾਲੇ ਫਿੱਕੀ ਹੈ ਪਰ ਉਮੀਦ ਰੱਖਣ ਵਿਚ ਕੀ ਹਰਜ਼ ਹੈ। ਦੁਆ ਹੈ ਕਿ ਇਹ ਸਭ ਅਸੀਂ ਜਿਉਂਦੇ ਜੀਅ ਵੇਖ ਸਕੀਏ।

• ਆਪਣੀ ਲਿਖਣ ਪ੍ਰਕਿਰਿਆ ਬਾਰੇ ਵਿਸਥਾਰ ਪੂਰਵਕ ਦੱਸੋ, ਪਰਿਵਾਰ ਦਾ ਕੀ ਯੋਗਦਾਨ ਹੁੰਦਾ ਹੈ?

ਮੇਰੀ ਲੇਖਣੀ ਮੇਰੀ ਰੂਹ ਦੀ ਖ਼ੁਰਾਕ ਹੈ। ਜਿਸ ਤਰ੍ਹਾਂ ਕਿਸੇ ਨੂੰ ਭੁੱਖ ਲੱਗੀ ਹੋਵੇ ਤੇ ਅੰਨ ਸਹਾਰਾ ਦਿੰਦਾ ਹੈ ਇਸੇ ਤਰ੍ਹਾਂ ਮੇਰੀ ਲੇਖਣੀ ਮੇਰੀ ਸਾਹਿਤਕ ਭੁੱਖ ਦਾ ਰੱਜ ਹੈ। ਕਹਾਣੀ ਤੇ ਨਾਵਲ ਵਿਧਾ ਮੇਰੀਆਂ ਪਸੰਦੀਦਾ ਵਿਧਾਵਾਂ ਹਨ। ਮੈਂ ਕੁਝ ਵੀ ਅਜਿਹਾ ਨਹੀਂ ਲਿਖਦੀ, ਜੋ ਸਿਰਫ਼ ਲਿਖਤ ਪੈਦਾ ਕਰਨ ਲਈ ਜ਼ਰੂਰੀ ਹੁੰਦਾ, ਬਲਕਿ ਜਦੋਂ ਖ਼ਿਆਲ ਸਾਰੇ ਬੂਹੇ ਖੋਲ੍ਹ ਕੇ ਮਨ ਮਸਤਕ ਦੀ ਬਰੂਹ 'ਤੇ ਆ ਖੜ੍ਹਦਾ ਹੈ ਤਾਂ ਮੈਂ ਕਲਮ ਚੁੱਕਦੀ ਹਾਂ। ਇਸੇ ਕਰਕੇ ਮੇਰੀ ਲਿਖਤ ਪ੍ਰਵਾਨ ਚੜ੍ਹਦੀ ਹੈ ਤੇ ਪਾਠਕ ਮਣਾਂ ਮੂੰਹੀਂ ਪਿਆਰ ਬਖ਼ਸ਼ਦੇ ਹਨ। ਬਾਕੀ ਮੇਰੇ ਪਰਿਵਾਰ ਦਾ ਮੇਰੀਆਂ ਲਿਖਤਾਂ ਰਚਣ ਲਈ ਅਥਾਹ ਯੋਗਦਾਨ ਹੁੰਦਾ ਹੈ। ਮੇਰੇ ਮਨ ਨੂੰ ਤਾਜ਼ਾ ਫੁੱਲ ਵਰਗਾ ਰੱਖਦੇ ਨੇ ਤਾਂ ਹੀ ਖ਼ਿਆਲਾਂ ਦੇ ਫੁਰਨੇ ਫੁਰਦੇ ਰਹਿੰਦੇ ਨੇ। ਮਾਨਸਿਕ ਤੌਰ 'ਤੇ ਉਲਝਿਆ ਹੋਇਆ ਇਨਸਾਨ ਵਧੀਆ ਸਾਹਿਤ ਦੀ ਸਿਰਜਣਾ ਨਹੀਂ ਕਰ ਸਕਦਾ।

• ਅਖ਼ੀਰ ਵਿਚ ਪੰਜਾਬੀ ਪਾਠਕਾਂ ਲਈ ਕੋਈ ਸੁਨੇਹਾ ਦੇਣਾ ਚਾਹੋਗੇ?

ਮੈਂ ਇਹੋ ਕਹਿਣਾ ਚਾਹਾਂਗੀ ਕਿ ਆਪਣੇ ਬੱਚਿਆਂ 'ਚੋਂ ਪੰਜਾਬੀ ਸਾਹਿਤ ਪੜ੍ਹਨ ਦਾ ਰੁਝਾਨ ਪੈਦਾ ਕਰਨ ਲਈ ਤੋਹਫ਼ੇ ਵਜੋਂ ਕਿਤਾਬਾਂ ਭੇਟ ਕਰੋ। ਬੱਚਿਆਂ ਨੂੰ ਪੰਜਾਬੀ ਲਿਖਣ ਤੇ ਬੋਲਣ ਵਿਚ ਮਾਣ ਮਹਿਸੂਸ ਕਰਨ ਲਾਓ ਤੇ ਇਸ ਦੀ ਸ਼ੁਰੂਆਤ ਆਪਣੇ ਘਰ ਤੋਂ ਕਰੋ। ਵਧੀਆ ਸਾਹਿਤਕਾਰ ਸਮਾਜ ਦਾ ਸ਼ੀਸ਼ਾ ਹੁੰਦੇ ਹਨ। ਉਨ੍ਹਾਂ ਨੂੰ ਬੱਚਿਆਂ ਦੇ ਰੂਬਰੂ ਕਰਵਾਓ। ਬੱਚਿਆਂ ਨੂੰ ਲਾਇਬ੍ਰੇਰੀ ਜਾਣ ਦੀ ਆਦਤ ਪਾਓ। ਮਾਂ ਬੋਲੀ ਦਾ ਸਤਿਕਾਰ ਕਾਇਮ ਰੱਖਣਾ ਮਾਪਿਆਂ ਤੇ ਅਧਿਆਪਕਾਂ ਦੀ ਜ਼ਿੰਮੇਵਾਰੀ ਹੈ। ਸੋ ਸਾਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਕਿਤਾਬਾਂ ਸਭ ਤੋਂ ਵਧੀਆ ਦੋਸਤ ਹਨ। ਇਨ੍ਹਾਂ ਦਾ ਜ਼ਿੰਦਗੀ ਵਿਚ ਹੋਣਾ ਸਾਨੂੰ ਡਿਪਰੈਸ਼ਨ ਤੇ ਹੋਰ ਮਾਨਸਿਕ ਬਿਮਾਰੀਆਂ ਤੋਂ ਬਚਾਅ ਸਕਦਾ ਹੈ। •

• ਮਾਣ-ਸਨਮਾਨ ਬਾਰੇ ਦੱਸੋ ਵਿਸਥਾਰ ਨਾਲ?


ਲੇਖਕ ਦਾ ਸਭ ਤੋਂ ਵੱਡਾ ਸਨਮਾਨ ਪਾਠਕਾਂ ਵੱਲੋਂ ਦਿੱਤਾ ਪਿਆਰ ਤੇ ਹੁੰਗਾਰਾ ਹੀ ਹੁੰਦਾ। ਹੁਣ ਮੇਰੇ ਨਾਵਲ 'ਥੋਹਰਾਂ ਦੇ ਫੁੱਲ' ਦੇ ਰੀਵਿਊ ਚਾਰੇ ਪਾਸਿਓਂ ਆ ਰਹੇ ਨੇ। ਸਵੇਰੇ ਉੱਠ ਕੇ ਫੁੱਲਾਂ ਦੇ ਗਲਦਸਤਿਆਂ ਵਰਗੇ ਸ਼ਬਦ ਪੜ੍ਹਨ ਵੇਲੇ ਕਿਸੇ ਸਨਮਾਨ ਤੋਂ ਘੱਟ ਨਹੀਂ ਹੁੰਦੇ। ਸਨਮਾਨ ਇਕ ਦਿਨ ਲੈ ਕੇ ਤੁਸੀਂ ਖ਼ੁਸ਼ੀ ਮਨਾ ਲੈਂਦੇ ਹੋ ਪਰ ਪਾਠਕਾਂ ਦਾ ਨਿੱਤ ਬੂਹਾ ਖੜਕਾ ਕੇ ਦਿੱਤੇ ਥਾਪੜੇ ਦਾ ਸਰੂਰ ਬਹੁਤ ਦੇਰ ਤਕ ਰਹਿੰਦਾ ਹੈ। ਮੇਰਾ ਰੁਝਾਨ ਤਾਂ ਸਿਰਫ਼ ਲਿਖਣ ਵਾਲੇ ਪਾਸੇ ਹੈ। ਜਦੋਂ ਮਾਣ ਸਨਮਾਨ ਜੋਗੇ ਹੋ ਗਏ, ਆਪੇ ਹੀ ਮਿਲ ਜਾਵੇਗਾ।



ਹਰਕੀਰਤ ਦੀ ਸੋਚ ਹੈ ਕਿ ਲੇਖਕ ਦਾ ਸਭ ਤੋਂ ਵੱਡਾ ਸਨਮਾਨ ਪਾਠਕਾਂ ਵੱਲੋਂ ਦਿੱਤਾ ਪਿਆਰ ਤੇ ਹੁੰਗਾਰਾ ਹੀ ਹੁੰਦਾ। ਉਸ ਦਾ ਰੁਝਾਨ ਅਜੇ ਸਿਰਫ਼ ਲਿਖਣ ਵਾਲੇ ਪਾਸੇ ਹੈ, ਜਦੋਂ ਮਾਣ-ਸਨਮਾਨ ਜੋਗੇ ਹੋ ਗਏ, ਆਪੇ ਹੀ ਮਿਲ ਜਾਵੇਗਾ...

ਨਿਰਾਸ਼ਾ ਛੱਡੋ, ਆਸਵੰਦ ਹੋਵੋ

• ਪ੍ਰਿੰਸ ਅਰੋੜਾ ਮਲੌਦ



ਕੋਈ ਵੀ ਅਜਿਹਾ ਇਨਸਾਨ ਨਹੀਂ ਹੋਵੇਗਾ, ਜਿਸ ਨੂੰ ਹਰ ਇਕ ਕੰਮ 'ਚ ਸਫਲਤਾ ਮਿਲਦੀ ਹੋਵੇ ਤੇ ਕੋਈ ਵੀ ਅਜਿਹਾ ਨਹੀਂ ਹੋਵੇਗਾ, ਜੋ ਹਰ ਵਾਰ ਅਸਫਲ ਹੋਇਆ ਹੋਵੇ। ਹਰ ਸਫਲਤਾ ਪਿੱਛੇ ਇਕ ਵੱਡੀ ਅਸਫਲਤਾ ਛੁਪੀ ਹੁੰਦੀ ਹੈ...

ਜ਼ਿੰਦਗੀ ਸੰਘਰਸ਼ ਦਾ ਦੂਸਰਾ ਨਾਂ ਹੈ ਅਤੇ ਸੁੱਖ-ਦੁੱਖ ਇਸ ਦਾ ਹਿੱਸਾ। ਹਰ ਇਨਸਾਨ ਦੀ ਇਹ ਫਿਤਰਤ ਹੈ ਕਿ ਸਫ਼ਲਤਾ ਮਿਲਣ ਉੱਤੇ ਉਹ ਅਥਾਹ ਖ਼ੁਸ਼ੀ ਮਹਿਸੂਸ ਕਰਦਾ ਹੈ, ਜੋ ਹੋਣੀ ਵੀ ਚਾਹੀਦੀ ਹੈ ਪਰ ਇਸ ਦੇ ਉਲਟ ਇਹੀ ਇਨਸਾਨ ਅਸਫ਼ਲਤਾ ਮਿਲਣ ਉੱਤੇ ਢਹਿਢੇਰੀ ਹੋ ਜਾਂਦਾ ਹੈ। ਦੁਨੀਆ ਵਿਚ ਕੋਈ ਵੀ ਅਜਿਹਾ ਇਨਸਾਨ ਨਹੀਂ ਹੋਵੇਗਾ, ਜਿਸ ਨੂੰ ਹਰ ਇਕ ਕੰਮ ਵਿਚ ਸਫਲਤਾ ਮਿਲਦੀ ਹੋਵੇ ਅਤੇ ਕੋਈ ਵੀ ਅਜਿਹਾ ਨਹੀਂ ਹੋਵੇਗਾ ਜੋ ਹਰ ਵਾਰ ਅਸਫਲ ਹੋਇਆ ਹੋਵੇ। ਜ਼ਿਆਦਾਤਰ ਅਸੀਂ ਮਿਲੀ ਸਫਲਤਾ ਨੂੰ ਦਿਮਾਗ਼ ਉੱਤੇ ਹਾਵੀ ਕਰ ਲੈਂਦੇ ਹਾਂ ਅਤੇ ਮਿਲੀ ਅਸਫਲਤਾ ਨੂੰ ਦਿਲ 'ਤੇ ਲਾ ਲੈਂਦੇ ਹਾਂ।

ਅਕਸਰ ਦੇਖਣ ਵਿਚ ਆਉਂਦਾ ਹੈ ਕਿ ਬਹੁਤੇ ਕੰਮਾਂ ਵਿਚ ਸਫਲਤਾ ਪ੍ਰਾਪਤ ਕਰਨ ਵਾਲੇ ਲੋਕ ਵੀ ਇਕ ਅੱਧੀ ਅਸਫਲਤਾ ਨਾਲ ਨਿਰਾਸ਼ ਹੋ ਜਾਂਦੇ ਹਨ। ਅਸਫ਼ਲਤਾ ਮਿਲਣ 'ਤੇ ਨਿਰਾਸ਼ ਹੋ ਕੇ ਘਰ ਬੈਠਣ ਨਾਲੋਂ ਚੰਗਾ ਹੈ ਕਿ ਅਸੀਂ ਉਸ ਦੇ ਕਾਰਨਾਂ ਦਾ ਪਤਾ ਲਗਾ ਕੇ ਦੁਬਾਰਾ ਕੋਸ਼ਿਸ਼ ਕਰੀਏ ਤਾਂ ਜੋ ਦੁਬਾਰਾ ਸਫਲਤਾ ਪ੍ਰਾਪਤ ਕੀਤੀ ਜਾ ਸਕੇ। ਹਰ ਇਨਸਾਨ ਆਪਣੀ ਜ਼ਿੰਦਗੀ ਵਿਚ ਕੁਝ ਨਾ ਕੁਝ ਗ਼ਲਤੀਆਂ ਜ਼ਰੂਰ ਕਰਦਾ ਹੈ ਅਤੇ ਕਿਸੇ ਨਾ ਕਿਸੇ ਸਮੇਂ ਨਿਰਾਸ਼ ਵੀ ਜ਼ਰੂਰ ਹੁੰਦਾ ਹੈ। ਨਿਰਾਸ਼ ਹੋਣ ਦੇ ਕਾਰਨਾਂ ਵਿਚ ਵਿਅਕਤੀਗਤ ਸਬੰਧ, ਘਰੇਲੂ ਕਾਰਨ, ਵਪਾਰਕ ਕਾਰਨ, ਸਿਹਤ ਨਾਲ ਸਬੰਧਤ ਗੱਲਾਂ ਹੋ ਸਕਦੀਆਂ ਹਨ।

ਨਿਰਾਸ਼ਾ ਕਰਦੀ ਖੋਖਲਾ

ਨਿਰਾਸ਼ ਵਿਅਕਤੀ ਨੂੰ ਲਗਦਾ ਹੈ ਕਿ ਆਖ਼ਰ ਮੇਰੇ ਨਾਲ ਅਜਿਹਾ ਕਿਉਂ ਹੋਇਆ ਹੈ? ਜਿਸ ਤਰ੍ਹਾਂ ਕਿਸੇ ਵੀ ਲੱਕੜੀ ਨੂੰ ਲੱਗੀ ਸਿਓਂਕ ਉਸ ਨੂੰ ਅੰਦਰੋਂ ਖੋਖਲਾ ਕਰ ਦਿੰਦੀ ਹੈ, ਉਸੇ ਤਰ੍ਹਾਂ ਜ਼ਿੰਦਗੀ ਪ੍ਰਤੀ ਨਿਰਾਸ਼ ਹੋਇਆ ਵਿਅਕਤੀ ਅੰਦਰੋ-ਅੰਦਰੀਂ ਖੋਖਲਾ ਹੋਣ ਲਗਦਾ ਹੈ। ਅਜਿਹੇ ਇਨਸਾਨ ਲਈ ਖ਼ੁਸ਼ੀ, ਹਾਸਾ, ਜਿਊਣ ਦੀ ਤਮੰਨਾ ਆਦਿ ਗੱਲਾਂ ਵਿਅਰਥ ਹੀ ਜਾਂਦੀਆਂ ਹਨ। ਇਹ ਇਕ ਅਟੱਲ ਸੱਚਾਈ ਹੈ ਕਿ ਬਹੁਤ ਘੱਟ ਲੋਕ ਹਨ, ਜਿਨ੍ਹਾਂ ਨੂੰ ਤੁੱਕੇ ਨਾਲ ਸਫਲਤਾ ਮਿਲ ਜਾਂਦੀ ਹੈ। ਬਾਕੀ ਲੋਕਾਂ ਨੂੰ ਸਫਲ ਹੋਣ ਲਈ ਦਿਨ-ਰਾਤ ਇਕ ਕਰਨਾ ਪੈਂਦਾ ਹੈ।

ਨਾ ਛੱਡੋ ਆਸ ਦਾ ਪੱਲਾ

ਸਥਿਤੀ ਭਾਵੇਂ ਕਿਹੋ ਜਿਹੀ ਵੀ ਕਿਉਂ ਨਾ ਹੋਵੇ, ਇਨਸਾਨ ਨੂੰ ਆਸ ਦਾ ਪੱਲਾ ਕਦੇ ਵੀ ਨਹੀਂ ਛੱਡਣਾ ਚਾਹੀਦਾ। ਕਦੇ ਇੰਝ ਹੋਇਆ ਹੈ ਕਿ ਰਾਤ ਦੇ ਹਨੇਰੇ ਨੇ ਦਿਨ ਨਾ ਹੋਣ ਦਿੱਤਾ ਹੋਵੇ? ਮੁਸ਼ਕਿਲਾਂ ਵੀ ਜਿਉਂਦੇ ਇਨਸਾਨ ਦੇ ਹਿੱਸੇ ਹੀ ਆਉਂਦੀਆਂ ਹਨ। ਅਸਫਲਤਾ ਮਿਲਣ 'ਤੇ ਸਭ ਤੋਂ ਪਹਿਲਾ ਕੰਮ ਸਬਰ-ਸੰਤੋਖ ਬਣਾਏ ਰੱਖਣਾ ਚਾਹੀਦਾ ਹੈ। ਉਸ ਤੋਂ ਬਾਅਦ ਅਸਫਲਤਾ ਦੇ ਕਾਰਨਾਂ ਦਾ ਪਤਾ ਲਗਾ ਕੇ ਆਪਣੇ ਵੱਲੋਂ ਨਵੇਂ ਸਿਰੇ ਤੋਂ ਕੋਸ਼ਿਸ਼ ਕਰਨੀ ਚਾਹੀਦੀ ਹੈ।

ਪੁਰਾਣੇ ਸਮਿਆਂ ਦੇ ਬਜ਼ੁਰਗ ਜ਼ਿੰਦਗੀ ਪ੍ਰਤੀ ਬੜੇ ਆਸਵੰਦ ਹੁੰਦੇ ਸਨ ਅਤੇ ਵੱਡੀ ਤੋਂ ਵੱਡੀ ਮੁਸ਼ਕਿਲ ਦਾ ਸਾਹਮਣਾ ਹੱਸ ਕੇ ਕਰਦੇ ਸਨ ਪਰ ਅੱਜ ਦੀ ਨੌਜਵਾਨ ਪੀੜ੍ਹੀ ਛੋਟੀ-ਛੋਟੀ ਗੱਲ 'ਤੇ ਨਿਰਾਸ਼ ਹੋ ਜਾਂਦੀ ਹੈ ਅਤੇ ਇਸ ਨਿਰਾਸ਼ਾ ਤੋਂ ਬਚਣ ਲਈ ਬਹੁਤੇ ਨੌਜਵਾਨ ਨਸ਼ਿਆਂ ਦੀ ਵਰਤੋਂ ਕਰਨ ਲੱਗ ਪੈਂਦੇ ਹਨ। ਉਹ ਇਹ ਸੋਚਦੇ ਹਨ ਕਿ ਨਸ਼ਾ ਨਿਰਾਸ਼ਾ ਵਿੱਚੋਂ ਨਿਕਲਣ ਦਾ ਢੰਗ ਹੈ ਪਰ ਨੌਜਵਾਨ ਨੂੰ ਇਹ ਗੱਲ ਸਮਝਣ ਦੀ ਲੋੜ ਹੈ ਕਿ ਨਸ਼ਾ ਕਦੇ ਵੀ ਕਿਸੇ ਵੀ ਮੁਸ਼ਕਿਲ ਦਾ ਹੱਲ ਨਹੀਂ ਹੈ।

ਕਈ ਨੌਜਵਾਨ ਜ਼ਿੰਦਗੀ ਪ੍ਰਤੀ ਇੰਨੇ ਨਿਰਾਸ਼ ਹੋ ਜਾਂਦੇ ਹਨ ਕਿ ਆਤਮ-ਹੱਤਿਆ ਤਕ ਕਰ ਲੈਂਦੇ ਹਨ। ਅਜਿਹਾ ਕਰਦੇ ਵੇਲੇ ਉਹ ਇਹ ਨਹੀਂ ਸੋਚਦੇ ਕਿ ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਮਾਪਿਆਂ ਉੱਤੇ ਕੀ ਗੁਜ਼ਰੇਗੀ?

ਨਾਕਾਮੀ ਪਿੱਛੋਂ ਮਿਲਦੀ ਹੈ ਸਫਲਤਾ

ਹਰ ਸਫਲਤਾ ਦੇ ਪਿੱਛੇ ਇਕ ਵੱਡੀ ਅਸਫਲਤਾ ਛੁਪੀ ਹੁੰਦੀ ਹੈ। ਬਿਜਲੀ ਦੇ ਬੱਲਬ ਦੀ ਖੋਜ ਕਰਨ ਵਾਲੇ ਥਾਮਸ ਐਡੀਸਨ ਨੇ ਬੱਲਬ ਦੀ ਖੋਜ ਕਰਦਿਆਂ ਲਗਪਗ ਦਸ ਹਜ਼ਾਰ ਵਾਰ ਅਸਫਲਤਾ ਦਾ ਸਾਹਮਣਾ ਕੀਤਾ ਤਾਂ ਕਿਤੇ ਜਾ ਕੇ ਉਨ੍ਹਾਂ ਨੂੰ ਕਾਮਯਾਬੀ ਮਿਲੀ। ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਆਪਣੀਆਂ ਅਸਫਲਤਾਵਾਂ ਤੋਂ ਸਿੱਖਿਆ ਲੈ ਕੇ ਸਾਨੂੰ ਅੱਗੇ ਵਧਣਾ ਚਾਹੀਦਾ ਹੈ।

ਜੇ ਕਿਸੇ ਵੀ ਕਾਰਨ ਕਰਕੇ ਕੋਈ ਵਿਅਕਤੀ ਨਿਰਾਸ਼ ਹੈ ਤਾਂ ਉਸ ਨੂੰ ਇਕੱਲਾ ਨਹੀਂ ਛੱਡਣਾ ਚਾਹੀਦਾ ਬਲਕਿ ਆਪਣੇ ਯਾਰਾਂ-ਦੋਸਤਾਂ, ਮਾਤਾ-ਪਿਤਾ ਜਾਂ ਸਕੇ-ਸਬੰਧੀਆਂ ਨਾਲ ਇਸ ਸਬੰਧੀ ਗੱਲਬਾਤ ਕਰਨੀ ਚਾਹੀਦੀ ਹੈ ਤਾਂ ਜੋ ਨਿਰਾਸ਼ਾ ਵਿੱਚੋਂ ਬਾਹਰ ਨਿਕਲਿਆ ਜਾ ਸਕੇ। ਸਾਨੂੰ ਹਮੇਸ਼ਾ ਹੀ ਵਰਤਮਾਨ ਵਿਚ ਜਿਊਣ ਦੀ ਕੋਸ਼ਿਸ਼ ਕਰਨੀ ਕਰਨੀ ਚਾਹੀਦੀ ਹੈ ਅਤੇ ਬੀਤੀਆਂ ਗੱਲਾਂ ਜਿਨ੍ਹਾਂ ਨੂੰ ਦੁਨੀਆ ਦੀ ਕੋਈ ਵੀ ਸ਼ਕਤੀ ਠੀਕ ਨਹੀਂ ਕਰ ਸਕਦੀ ਯਾਦ ਕਰ ਕੇ ਨਿਰਾਸ਼ ਨਹੀਂ ਹੋਣਾ ਚਾਹੀਦਾ। ਕਿਸੇ ਵੀ ਇਨਸਾਨ ਦੀ ਤਰੱਕੀ ਵਿਚ ਸਭ ਤੋਂ ਵੱਡੀ ਰੁਕਾਵਟ ਨਿਰਾਸ਼ਾ ਹੀ ਹੈ। ਪਰਮਾਤਮਾ ਵੱਲੋਂ ਬਖ਼ਸ਼ੇ ਅਨਮੋਲ ਜੀਵਨ ਵਿਚ ਆਸਵੰਦ ਰਹਿ ਕੇ ਤਰੱਕੀ ਪ੍ਰਾਪਤ ਕੀਤੀ ਜਾ ਸਕਦੀ ਹੈ। •

ਨਵੀਂ ਪੀੜ੍ਹੀ 'ਤੇ ਆਧੁਨਿਕ ਤਕਨੀਕਾਂ ਦੇ ਮਾਰੂ ਪ੍ਰਭਾਵ

• ਕੁਲਦੀਪ ਸਿੰਘ ਲੋਹਟ
9876492410

ਵਿਗਿਆਨ ਮਨੁੱਖੀ ਜ਼ਿੰਦਗੀ ਨੂੰ ਨਿੱਤ ਨਵੇਂ ਸੁੱਖ-ਅਰਾਮ ਦੇ ਰਿਹਾ ਹੈ। ਨਵੀਆਂ-ਨਵੀਆਂ ਸੁੱਖ ਸਹੂਲਤਾਂ ਰਾਹੀਂ ਸਮੁੱਚੀ ਦੁਨੀਆ ਇਕ ਪਿੰਡ ਹੀ ਬਣ ਚੁੱਕੀ ਹੈ। ਸਾਗਰਾਂ ਪਰਬਤਾਂ ਦੀਆਂ ਡੂੰਘਾਈਆਂ ਤੇ ਉਚਾਈਆਂ ਮਾਪਣ ਉਪਰੰਤ ਨਵੇਂ ਪੁਲਾੜੀ ਪਿੰਡਾਂ ਦੀਆਂ ਸਰਗਰਮੀਆਂ ਵਾਚੀਆਂ ਜਾ ਰਹੀਆਂ ਹਨ। ਆਵਾਜਾਈ ਤੇ ਸੰਚਾਰ ਸਾਧਨਾਂ ਨੇ ਦੂਰੀਆਂ ਘੱਟ ਕਰ ਦਿੱਤੀਆਂ ਹਨ। ਨਿੱਤ ਨਵੇਂ ਦਿਸਹੱਦੇ ਕਾਇਮ ਕੀਤੇ ਜਾ ਰਹੇ ਹਨ। ਕੰਪਿਊਟਰ ਸੁਪਰ ਕੰਪਿਊਟਰ ਮੋਬਾਈਲ ਆਦਿ ਸਾਧਨਾਂ ਨੇ ਦੁਨੀਆ ਸੱਚਮੁੱਚ ਹੀ ਮੁੱਠੀ ਵਿਚ ਕਰ ਦਿੱਤੀ ਹੈ। ਜਿੰਨਾ ਤਕਨੀਕੀ ਵਿਕਾਸ ਇਸ ਸਦੀ ਵਿਚ ਸੰਭਵ ਹੋਇਆ ਹੈ, ਓਨਾ ਹੁਣ ਤਕ ਦੀ ਮਨੁੱਖੀ ਸੱਭਿਅਤਾ ਦੇ ਸਮੁੱਚੇ ਵਿਕਾਸ ਅਮਲ ਵਿਚ ਨਹੀਂ ਹੋ ਸਕਿਆ। ਜਿੱਥੇ ਵਿਗਿਆਨ ਮਨੁੱਖ ਲਈ ਅਣਗਿਣਤ ਸੁੱਖ ਸਹੂਲਤਾਂ ਪੈਦਾ ਕਰ ਰਿਹਾ ਹੈ, ਉੱਥੇ ਇਹ ਬਹੁਤ ਵੱਡਾ ਸਰਾਪ ਵੀ ਬਣ ਚੁੱਕਾ ਹੈ।

ਅੱਜ ਪੜ੍ਹੇ-ਲਿਖੇ ਵਿਅਕਤੀ ਆਪਣੇ ਆਪ ਨੂੰ ਬਹੁਤ ਅਗਾਂਹਵਧੂ ਦਰਸਾਉਂਦੇ ਹਨ ਤੇ ਅਨਪੜ੍ਹਾਂ ਨੂੰ ਪੱਛੜੇ ਹੋਏ ਪਿਛਾਂਹ-ਖਿੱਚੂ ਤੇ ਮੂਰਖ ਕਹਿਣ ਤਕ ਵੀ ਚਲੇ ਜਾਂਦੇ ਹਨ। ਇਸੇ ਤਰ੍ਹਾਂ ਸ਼ਹਿਰੀ ਲੋਕ ਪੇਂਡੂ ਲੋਕਾਂ ਪ੍ਰਤੀ ਨੱਕ ਮੂੰਹ ਚੜ੍ਹਾਉਂਦੇ ਹਨ। ਅਨੇਕਾਂ ਵਾਰ ਦੇਖਣ 'ਚ ਆਉਂਦਾ ਹੈ ਕਿ ਕਿਸੇ ਦੁਰਘਟਨਾ ਸਮੇ ਘੱਟ ਪੜ੍ਹੇ ਪੇਂਡੂ ਲੋਕ ਆਪਣਾ ਆਪਾ ਵਾਰ ਕੇ ਵੀ ਸਹਾਇਤਾ ਲਈ ਨਿੱਤਰਦੇ ਹਨ, ਜਦੋਂਕਿ ਸੱਭਿਅਕ ਸਮਝੇ ਜਾਂਦੇ ਲੋਕ ਆਪਣਾ ਪੱਲਾ ਝਾੜ ਕੇ ਤੁਰ ਜਾਂਦੇ ਹਨ। ਅੱਜ ਜਦੋਂ ਵਿਗਿਆਨਕ ਤਕਨੀਕਾਂ ਨੇ ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਮਧੋਲ ਸੁੱਟਿਆ ਹੈ, ਉਸ ਸਮੇਂ ਵੀ ਪੇਂਡੂ ਖੇਤਰ ਆਪਣੀਆਂ ਸ਼ਾਨਦਾਰ ਪ੍ਰੰਪਰਾਵਾਂ ਨੂੰ ਬਚਾਈ ਬੈਠੇ ਹਨ। ਭਾਵੇਂ ਟੀਵੀ ਚੈਨਲਾਂ, ਮੀਡੀਏ ਤੇ ਮੋਬਾਈਲ ਫੋਨਾਂ ਵਰਗੀ ਭਿਆਨਕ ਤਪਦਿਕ ਨੇ ਪੇਂਡੂ ਖੇਤਰਾਂ ਦੀਆਂ ਸ਼ਾਨਦਾਰ ਰਵਾਇਤਾਂ ਦੀ ਭੰਨਤੋੜ ਕਰਨੀ ਆਰੰਭ ਕਰ ਦਿੱਤੀ ਹੋਈ ਹੈ। ਔਰਤ ਤੇ ਮਰਦ ਸ੍ਰਿਸ਼ਟੀ ਦੇ ਚਾਲਕ ਹਨ ਤੇ ਪ੍ਰਮਾਤਮਾ ਨੇ ਇਕ-ਦੂਜੇ ਪ੍ਰਤੀ ਕੁਦਰਤੀ ਖਿੱਚ ਪੈਦਾ ਕਰ ਕੇ ਜੀਵਨ ਦਾ ਅਧਾਰ ਬਣਾਇਆ ਹੈ। ਮਨੁੱਖ ਨੇ ਕਾਮ ਪ੍ਰਵਿਰਤੀ ਨੂੰ ਕਾਬੂ ਕਰਨ ਤੇ ਸੰਤੁਲਤ ਕਰਨ ਲਈ ਮਨੁੱਖੀ ਰਿਸ਼ਤਿਆਂ ਦੀ ਬਨਾਵਟ ਨੂੰ ਸੁਚੱਜੀ ਤਰਤੀਬ ਦਿੱਤੀ ਹੋਈ ਹੈ। ਇਨ੍ਹਾਂ ਕਦਰਾਂ-ਕੀਮਤਾਂ ਨੂੰ ਸਮਾਜਿਕ ਪ੍ਰਵਾਨਗੀ ਰਾਹੀਂ ਨਿਯਮਬੱਧ ਕੀਤਾ ਹੋਇਆ ਹੈ। ਜੰਗਲੀ ਜੀਵਨ ਸਮੇਂ ਤੋਂ ਹੀ ਔਰਤ-ਮਰਦ ਨੂੰ ਸਰੀਰਕ ਅੰਗਾਂ ਨੂੰ ਢਕਣ ਦਾ ਰਿਵਾਜ਼ ਪ੍ਰਚੱਲਿਤ ਹੈ ਤੇ ਨੰਗੇਜ਼ ਨੂੰ ਵਰਜਿਤ ਕੀਤਾ ਗਿਆ ਹੈ। ਹਰ ਸਮਾਜ ਨੇ ਆਪਣੇ ਆਪਣੇ ਲਿਬਾਸ ਤੇ ਪਹਿਰਾਵੇ ਨਿਰਧਾਰਤ ਕਰ ਕੇ ਅੰਗ ਪ੍ਰਦਰਸ਼ਨ ਨੂੰ ਨਿਯੰਤਰਤ ਕੀਤਾ ਹੈ।



ਔਰਤ ਤੇ ਮਰਦ ਦੀ ਬਣਤਰ ਦੇ ਅਧਾਰਤ ਔਰਤ ਨੂੰ ਨਾਜ਼ੁਕ ਤੇ ਮਰਦ ਨੂੰ ਔਰਤ ਨਾਲੋਂ ਸਖ਼ਤ ਤੇ ਬਲਵਾਨ ਸਰੀਰਕ ਦਿੱਖ ਪ੍ਰਦਾਨ ਹੈ। ਔਰਤ ਪਰਿਵਾਰ ਦੀ ਇੱਜ਼ਤ ਮੰਨੀ ਗਈ ਹੈ ਤੇ ਔਰਤ ਦੀ ਪੱਤ ਪਿੱਛੇ ਜਿੰਨਾ ਖ਼ੂਨ ਡੁੱਲ੍ਹਿਆ ਹੈ, ਹੋਰ ਕਿਸੇ ਮਸਲੇ 'ਤੇ ਇੰਨਾ ਖ਼ੂਨ ਨਹੀਂ ਡੁੱਲ੍ਹਿਆ। ਮਹਾਭਾਰਤ ਤੇ ਰਮਾਇਣ ਦੀਆਂ ਖ਼ੂਨੀ ਜੰਗਾਂ ਔਰਤ ਦੀ ਅਣਖ ਤੇ ਆਬਰੂ ਲਈ ਲੜੀਆਂ ਗਈਆਂ ਹਨ। ਇਸੇ ਕਰਕੇ ਔਰਤ ਨੂੰ ਪਰਦੇ 'ਚ ਰੱਖਣ ਵਾਲੀ ਵਸਤੂ ਬਣਾ ਦਿੱਤਾ ਗਿਆ ਹੈ।

ਹੁਣ ਮੋਬਾਈਲ ਫੋਨਾਂ, ਡਿਜੀਟਲ ਕੈਮਰਿਆਂ ਅਤੇ ਅਧੁਨਿਕ ਸਾਧਨਾਂ ਰਾਹੀਂ ਔਰਤ ਦੇ ਜਿਸਮ ਨੂੰ ਕੈਦ ਕਰ ਕੇ ਬਲੈਕਮੇਲਿੰਗ ਵਰਗੀਆਂ ਘਟਨਾਵਾਂ ਨੇ ਅਣਖੀ ਪੰਜਾਬ ਦੀਆਂ ਔਰਤਾਂ ਦੀ ਇੱਜ਼ਤ ਅਤੇ ਅਣਖ ਵੀ ਰੋਲਣੀ ਆਰੰਭ ਕਰ ਦਿੱਤੀ ਹੈ। ਨਵੀਆਂ ਗੁੱਡੀਆਂ ਨਵੇਂ ਪਟੋਲੇ ਦੇ ਸੰਕਲਪ ਅਧੀਨ ਔਰਤ ਦੀ ਆਜ਼ਾਦੀ ਸ਼ਰੇਆਮ ਗਰਲ ਫਰੈਂਡ, ਬੁਆਏਫਰੈਂਡ ਤੋਂ ਅੱਗੇ ਬਿਨਾਂ ਵਿਆਹ ਤੋਂ ਕਾਨੂੰਨੀ ਤੌਰ 'ਤੇ ਇਕੱਠੇ ਰਹਿ ਕੇ ਮੌਜ-ਮੇਲੇ ਤਕ ਜਾ ਪਹੁੰਚੀ ਹੈ। ਇਸ ਵਰਤਾਰੇ ਨਾਲ ਕਿਸ਼ੋਰ ਅਵਸਥਾ 'ਚ ਨਾਜਾਇਜ਼ ਸਬੰਧਾਂ 'ਚੋਂ ਪੈਦਾ ਹੋ ਰਹੀ ਔਲਾਦ, ਇੱਜ਼ਤ ਲਈ ਪ੍ਰੇਮੀ ਜੋੜਿਆਂ ਦੇ ਕਤਲ, ਭਰੂਣ ਹੱਤਿਆ, ਘਰੋਂ ਭੱਜ ਕੇ ਅਦਾਲਤੀ ਵਿਆਹਾਂ ਵਰਗੇ ਅਮਲ ਨੇ ਸਮਾਜਿਕ ਜੀਵਨ ਦੀ ਸਹਿਜ ਰਵਾਨੀ ਨੂੰ ਬੁਰੀ ਤਰ੍ਹਾਂ ਤੋੜ ਦਿੱਤਾ ਹੈ। ਇਸ ਤਰ੍ਹਾਂ ਵਿਗਿਆਨ ਦੇ ਇਸ ਯੁੱਗ ਵਿਚ ਆਧੁਨਿਕ ਤਕਨੀਕਾਂ ਜਿੱਥੇ ਸਾਡੇ ਸੁੱਖ-ਆਰਾਮ ਦਾ ਹਿੱਸਾ ਬਣ ਰਹੀਆਂ ਹਨ, ਉੱਥੇ ਹੀ ਇਨ੍ਹਾਂ ਰਾਹੀਂ ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਦਾ ਮਲੀਆਮੇਟ ਕਰਨ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਨਵੀਂ ਪੀੜ੍ਹੀ ਵਿਗਿਆਨਕ ਤਕਨੀਕਾਂ ਨੂੰ ਸਾਰਥਿਕ ਕੰਮਾਂ ਲਈ ਘੱਟ ਅਤੇ ਗੈਰ -ਸਮਾਜੀ ਕੰਮਾਂ ਲਈ ਜ਼ਿਆਦਾ ਵਰਤ ਰਹੀ ਹੈ। ਵਿਗਿਆਨਕ ਤਕਨੀਕਾਂ ਦੇ ਇਸ ਨਕਾਰਾਤਮਕ ਪ੍ਰਭਾਵ ਤੋਂ ਸਾਡੀ ਨਵੀਂ ਪੀੜ੍ਹੀ ਨੂੰ ਬਚਣ ਅਤੇ ਬਚਾਉਣ ਦੀ ਲੋੜ ਹੈ। •

ਪੁਸਤਕ ਚਰਚਾ



ਆਪਣੇ ਖੇਤਰ 'ਚ ਮਾਅਰਕਾ ਮਾਰਨ ਵਾਲਿਆਂ ਜਾਂ ਹੋਰ ਮਹਾਪੁਰਖਾਂ ਦੀਆਂ ਜੀਵਨੀਆਂ ਪੰਜਾਬੀ ਸਾਹਿਤ ਦਾ ਅਮੀਰ ਵਿਰਸਾ ਹਨ। ਵਿਚਾਰ ਅਧੀਨ ਜੀਵਨੀ ਵੀ ਇਸੇ ਲੜੀ ਦਾ ਹਿੱਸਾ ਹੈ, ਜੋ ਸਰਦਾਰ ਲਾਭ ਸਿੰਘ ਦੀ ਜੰਮਣ ਭੋਇ, ਉਸ ਦੇ ਬਚਪਨ, ਜਵਾਨੀ, ਪੜ੍ਹਾਈ-ਲਿਖਾਈ ਤੇ ਉਸ ਦੇ ਖੇਡ-ਪ੍ਰੇਮ ਨੂੰ ਦਰਸਾਉਂਦੀ ਹੈ। ਉਹ ਰੂਪ ਰੰਗ ਪੱਖੋਂ ਬੇਹੱਦ ਸੋਹਣਾ-ਸੁਨੱਖਾ ਤੇ ਸਰੀਰਕ ਪੱਖੋਂ ਵੀ ਤਕੜਾ ਸੀ। ਜਿਸ ਪਿੰਡ ਦਾ ਉਹ ਜੰਮਪਲ ਹੈ, ਉੱਥੇ ਕਦੇ ਟਿੱਬੇ ਹੁੰਦੇ ਸਨ। ਉਸ ਦੇ ਚੇਤਿਆਂ 'ਚ ਅੱਜ ਵੀ ਪਿੰਡ ਦਾ ਵਾਸਾ ਹੈ ਅਤੇ ਮਿੱਟੀ ਦੀ ਮਹਿਕ ਉਸ ਦੇ ਅੰਗ-ਸੰਗ ਹੈ। ਉਸ ਨੇ ਖੇਡ ਜਗਤ ਵਿਚ ਬੇਹੱਦ ਨਾਂ ਕਮਾਇਆ ਤੇ ਫ਼ੌਜ ਦੇ ਉੱਚ ਅਹੁਦੇ ਤੋਂ ਸੇਵਾ-ਮੁਕਤ ਹੋ ਕੇ ਵੀ ਆਪਣੇ ਪਿੰਡ ਨੂੰ ਕਦੇ ਨਾ ਭੁਲਾਇਆ। ਉਸ ਨੂੰ ਆਪਣੇ ਦਾਦਾ ਬਾਪੂ ਬਖਸ਼ੀਸ਼ ਸਿੰਘ ਮਾਂ (ਬੇਬੇ) ਭਾਗਵੰਤੀ ਹੀ ਨਹੀਂ ਬਲਕਿ ਆਪਣੇ ਚਾਚੇ-ਤਾਏ, ਭੈਣ-ਭਰਾ ਤੇ ਹੋਰ ਸਕੇ-ਸਬੰਧੀਆਂ ਦੀ ਯਾਦ ਵੀ ਹਮੇਸ਼ਾ ਯਾਦ ਚਿੱਤ ਰਹਿੰਦੀ ਹੈ।

ਆਪਣੀ ਜੀਵਨ ਸਾਥਣ ਬੀਬੀ ਸੁਖਿੰਦਰਜੀਤ ਕੌਰ ਦੀ ਖ਼ੂਬਸੂਰਤੀ ਅਤੇ ਸੁੱਘੜ-ਸਿਆਣੀ ਹੋਣ ਦਾ ਵੀ ਉਸ ਨੇ ਹਰ ਦਮ ਫ਼ਖ਼ਰ ਕੀਤਾ ਹੈ। ਦੋ ਪੁੱਤਰਾਂ 'ਤੇ ਵੀ ਉਸ ਨੂੰ ਮਾਣ ਹੈ। ਉਸ ਨੂੰ ਇਕ ਯਕੀਨ ਹੈ ਕਿ ਇਨ੍ਹਾਂ ਸਾਰਿਆਂ ਦਾ ਹੀ ਉਸ ਦੀ ਸ਼ਖ਼ਸੀਅਤ ਨੂੰ ਸੰਵਾਰਨ, ਨਿਖਾਰਣ ਅਤੇ ਹੋਰ ਪ੍ਰਾਪਤੀਆਂ 'ਚ ਕਿਸੇ ਨਾ ਕਿਸੇ ਤਰ੍ਹਾਂ ਵਡਮੁੱਲਾ ਸਹਿਯੋਗ ਰਿਹਾ ਹੈ।

ਜੀਵਨੀ ਦੇ ਚਾਰ ਭਾਗ ਹਨ - ਮੁੱਢਲਾ ਜੀਵਨ, ਖੇਡ ਜੀਵਨ, ਫ਼ੌਜੀ ਜੀਵਨ ਤੇ ਰਿਟਾਇਰਡ ਜੀਵਨ। ਉਸ ਨੇ ਇਨ੍ਹਾਂ ਚਾਰਾਂ ਪੜਾਵਾਂ ਨੂੰ ਖ਼ੂਬ ਮਾਣਿਆ ਤੇ ਹੰਢਾਇਆ ਹੈ। ਲਾਭ ਸਿੰਘ ਹਮੇਸ਼ਾ ਹੀ ਆਪਣੀ ਧੁਨ ਦਾ ਪੱਕਾ ਰਿਹਾ। ਆਪਣੇ ਸਰੀਰ ਤੇ ਦਿਮਾਗ਼ ਤੋਂ ਰੱਜ ਕੇ ਕੰਮ ਲਿਆ। ਜਿਹੜਾ ਵੀ ਨਿਸ਼ਾਨਾ ਮਿੱਥ ਲਿਆ, ਉਸ ਨੂੰ ਦਿਲ ਜਾਨ ਲਗਾ ਕੇ ਪੂਰਾ ਕੀਤਾ। ਖੇਡ ਦਰ-ਹਕੀਕਤ ਜਿਹੜਾ ਵੀ ਵਿਅਕਤੀ ਸੱਚੇ ਮਨੋਂ ਨਿਸ਼ਠਾ ਕਰ ਲਵੇ ਤਾਂ ਉਸ ਦੇ ਰਾਹ ਦੇ ਰੋੜੇ ਵੀ ਉਸ ਨੂੰ ਰੋਕ ਨਹੀਂ ਸਕਦੇ। ਅਜਿਹੇ ਹੀ ਇਕ ਸ਼ਖ਼ਸ ਨਾਲ ਮੇਲ ਕਰਵਾਉਂਦੀ ਹੈ, ਇਹ ਬਹੁਮੁੱਲੀ ਪੁਸਤਕ। ਇਸ ਨੂੰ ਪੜ੍ਹ ਕੇ ਹਰ ਇਕ ਖੇਡ ਪ੍ਰੇਮੀ ਕੇਵਲ ਆਨੰਦ ਲਵੇਗਾ।

• ਸੁਖਮਿੰਦਰ ਸੇਖੋਂ

ਪੁਸਤਕ	: ਬ੍ਰਿਗੇਡੀਅਰ ਲਾਭ ਸਿੰਘ ਉਲੰਪੀਅਨ (ਜੀਵਨੀ)	ਪੰਨੇ	: 264
ਲੇਖਕ	: ਪ੍ਰੋ. ਗੁਰਦੇਵ ਸਿੰਘ ਚੁੰਬਰ		
ਪ੍ਰਕਾਸ਼ਕ	: ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ।	ਮੁੱਲ	: 350/-



ਅਸੀਂ ਆਮ ਤੌਰ 'ਤੇ ਜਿੰਨੇ ਵੀ ਸਫ਼ਰਨਾਮੇ ਪੜ੍ਹਦੇ ਹਾਂ, ਉਹ ਮਨੁੱਖ ਦੀ ਘੁਮੱਕੜ ਬਿਰਤੀ 'ਚੋਂ ਪੈਦਾ ਹੁੰਦੇ ਹਨ। ਜਦੋਂ ਮਨੁੱਖ ਕਿਸੇ ਪਰਾਈ ਧਰਤੀ ਨੂੰ ਵੇਖਣ ਦੀ ਚਾਹ ਸਦਕਾ ਉਸ ਸਥਾਨ ਵੱਲ ਖਿੱਚਿਆ ਜਾਂਦਾ ਹੈ ਤਾਂ ਆਪਣੇ ਸਫ਼ਰ ਦੀਆਂ ਔਕੜਾਂ ਦੇ ਨਾਲ-ਨਾਲ ਜਿਸ ਸਥਾਨ ਨੂੰ ਉਹ ਦੇਖਣ ਗਿਆ ਹੈ, ਉੱਥੋਂ ਦੇ ਕੁਦਰਤੀ ਨਜ਼ਾਰਿਆਂ, ਲੋਕਾਂ ਦੇ ਰਹਿਣ-ਸਹਿਣ ਅਤੇ ਆਰਥਿਕ ਵਸੀਲਿਆਂ ਦੀ ਗੱਲ ਕਰਦਾ ਹੈ ਪਰ 'ਰੋਟੀਆਂ ਕਾਰਣਿ ਪੂਰਹਿ ਤਾਲ' ਇਕ ਅਜਿਹੀ ਪੁਸਤਕ ਹੈ, ਜਿਸ ਨੂੰ ਲੇਖਕ ਨੇ 'ਹਕੀਕਤਨਾਮਾ ਪ੍ਰਦੇਸ' ਕਹਿ ਕੇ ਪਾਠਕਾਂ ਦੇ ਰੂਬਰੂ ਕੀਤਾ ਹੈ, ਜਿਸ ਵਿਚ ਸਫ਼ਰ ਤੇ ਰੁਜ਼ਗਾਰ ਦੋਵੇਂ ਹੀ ਸ਼ਾਮਿਲ ਹਨ। ਭਾਵ ਰੁਜ਼ਗਾਰ ਲਈ ਕੀਤਾ ਗਿਆ ਵਿਦੇਸ਼ੀ ਸਫ਼ਰ ਅਤੇ ਸਫ਼ਰ ਦੀਆਂ ਤੰਗੀਆਂ ਤੁਰਸ਼ੀਆਂ, ਖ਼ੁਸ਼ੀਆਂ, ਗ਼ਮੀਆਂ ਅਤੇ ਪ੍ਰਾਪਤੀਆਂ ਦਾ ਬਿਓਰਾ ਇਸ ਵਿਚਾਰ ਅਧੀਨ ਪੁਸਤਕ 'ਚ ਦਿੱਤਾ ਗਿਆ ਹੈ। ਇਸ ਤਰ੍ਹਾਂ ਇਹ ਪੁਸਤਕ ਇਕ ਤਰ੍ਹਾਂ ਨਾਲ ਸਵੈ-ਜੀਵਨੀ ਦੇ ਅੰਸ਼ ਨੂੰ ਵੀ ਆਪਣੀ ਬੁੱਕਲ ਵਿਚ ਸਮੋਈ ਬੈਠੀ ਹੈ।

ਇਸ ਵਿਚ ਲੇਖਕ ਨੇ ਆਪਣੀਆਂ ਦੋ ਵਿਦੇਸ਼ ਯਾਤਰਾਵਾਂ ਦਾ ਜ਼ਿਕਰ ਕੀਤਾ ਹੈ, ਜੋ ਉਸ ਨੇ ਰੋਜ਼ੀ-ਰੋਟੀ ਦੀ ਭਾਲ ਲਈ ਕੀਤੀਆਂ। ਇਨ੍ਹਾਂ 'ਚ ਪਹਿਲੀ ਇਰਾਨ ਦੀ ਯਾਤਰਾ ਹੈ ਅਤੇ ਦੂਜੀ ਯੂਏਈ ਦੀ। ਹਿੰਦੁਸਤਾਨ ਦੀ ਪ੍ਰਸਿੱਧ ਕੰਪਨੀ ਐੱਚਐੱਮਟੀ ਦੀ ਨੌਕਰੀ ਛੱਡਣ ਤੋਂ ਲੈ ਕੇ ਇਰਾਨ 'ਚ ਜਾਣ ਤੇ ਆਪਣੇ ਸਿਰੜ ਤੇ ਮਿਹਨਤ ਸਦਕਾ ਇਥੇ ਨਾਮਣਾ ਖੱਟਣ ਨੂੰ ਬਾਖ਼ੂਬੀ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਇਰਾਨ ਲੰਮੇ ਸਮੇਂ ਤੋਂ ਵਸੇ ਪੰਜਾਬੀ ਪਰਿਵਾਰਾਂ ਦੇ ਕਾਰੋਬਾਰਾਂ ਦੇ ਨਾਲ-ਨਾਲ ਇੱਥੋਂ ਦੇ ਪ੍ਰਸਿੱਧ ਸਾਹਿਤਕਾਰਾਂ ਅਤੇ ਦੇਖਣਯੋਗ ਥਾਵਾਂ ਦਾ ਵੀ ਤੱਥਾਤਮਕ ਵੇਰਵਾ ਦਿੱਤਾ ਹੈ। ਯੂ.ਏ.ਈ. ਦੇ ਲੋਕਾਂ ਦਾ ਰਹਿਣ-ਸਹਿਣ, ਕਨੂੰਨ ਪ੍ਰਬੰਧ, ਧਰਮ, ਸਮਾਜ ਬਾਰੇ ਜਾਣਕਾਰੀ ਤੋਂ ਇਲਾਵਾ ਇੱਥੇ ਆਪਣੀ ਮਿਹਨਤ ਤੇ ਸਿਰੜ ਨਾਲ ਤਰੱਕੀ ਕਰਨ ਤੇ ਧੋਖਿਆਂ ਦੇ ਬਾਵਜੂਦ ਆਪਣੇ ਪੈਰਾਂ 'ਤੇ ਖਲੋਣ ਤੇ ਸੁਖਮਈ ਜੀਵਨ ਬਤੀਤ ਕਰਨ ਬਾਰੇ ਵਿਸਤ੍ਰਿਤ ਵੇਰਵੇ ਇਸ ਪੁਸਤਕ ਵਿਚ ਦਰਜ ਹਨ।

• ਸਰਦੂਲ ਸਿੰਘ ਔਜਲਾ

ਪੁਸਤਕ	: ਰੋਟੀਆਂ ਕਾਰਣਿ ਪੂਰਹਿ ਤਾਲ	ਪੰਨੇ	: 118
ਲੇਖਕ	: ਇੰਜੀ. ਲਾਲ ਸਿੰਘ ਕਲਸੀ		
ਪ੍ਰਕਾਸ਼ਕ	: ਦਿ ਪ੍ਰਿੰਟ ਐਕਸੈਲ ਸੁਮੀਤ, ਫ਼ਰੀਦਕੋਟ।	ਮੁੱਲ	: 100/-



ਭੂਰਾ ਸਿੰਘ ਕਲੇਰ ਮੂਲ ਰੂਪ 'ਚ ਕਹਾਣੀ ਲੇਖਕ ਹੈ, ਜਿਸ ਨੇ ਦਲਿਤ ਅਤੇ ਪੱਛੜੇ ਵਰਗ ਦੇ ਜੀਵਨ ਨੂੰ ਆਪਣੇ ਬਿਰਤਾਂਤ ਦਾ ਹਿੱਸਾ ਬਣਾਇਆ ਹੈ। 'ਜੰਡਾ ਵੇ ਜੰਡੋਰਿਆ' ਉਸ ਦਾ ਪਲੇਠਾ ਨਾਵਲ ਹੈ, ਜਿਸ ਰਾਹੀਂ ਉਹ ਪੇਂਡੂ ਜੀਵਨ ਦੇ ਸਾਧਾਰਨ ਲੋਕਾਂ ਦੇ ਦੁੱਖ-ਸੁੱਖ ਅਤੇ ਪੀੜ ਦਾ ਵਰਨਣ ਕਰਦਾ ਹੈ।

ਇਸ ਨਾਵਲ ਦੇ ਦੋ ਨਾਇਕ ਹਨ ਜਾਗਰ ਅਤੇ ਲਹਿੰਬਰ। ਦੋਵੇਂ ਦਲਿਤ ਪਰਿਵਾਰਾਂ ਦੇ ਜੀਅ ਹਨ, ਜੋ ਆਪਣੀ ਆਰਥਿਕਤਾ ਨੂੰ ਸਾਵਾਂ ਰੱਖਣ ਲਈ ਦਿਨ-ਰਾਤ ਮਿਹਨਤ ਕਰਦੇ ਹਨ। ਜਾਗਰ ਦਾ ਜੀਵਨ ਚੰਗਾ ਭਲਾ ਚੱਲਦਾ ਹੈ ਪਰ ਬਿਮਾਰੀ ਕਾਰਨ ਉਹ ਆਰਥਿਕ ਤੌਰ 'ਤੇ ਵੀ ਤੇ ਸਰੀਰਕ ਤੌਰ 'ਤੇ ਵੀ ਕਮਜ਼ੋਰ ਹੋ ਜਾਂਦਾ ਹੈ, ਜਿਸ ਕਾਰਨ ਉਸ ਦੀ ਆਭਾ ਗੁਆਚ ਜਾਂਦੀ ਹੈ। ਉਸ ਦੀ ਪਤਨੀ ਪ੍ਰੀਤੋ, ਜਿਸ ਨੂੰ ਉਹ ਅੰਤਾਂ ਦਾ ਪ੍ਰੇਮ ਕਰਦਾ ਹੈ, ਆਪਣੇ ਕਿਸੇ ਰਿਸ਼ਤੇਦਾਰ ਨਾਲ ਉੱਧਲ ਜਾਂਦੀ ਹੈ। ਜਿਸ ਦੀ ਸੱਟ 'ਤੇ ਸਦਮਾ ਉਸ ਲਈ ਅਸਹਿ ਹੈ। ਪਰ ਆਪਣੇ ਕੁਝ ਸਾਥੀਆਂ ਦੀ ਸਲਾਹ ਨਾਲ ਉਹ ਕਿਸੇ ਪੀਰ ਦੀ ਗੱਦੀ ਸਥਾਪਤ ਕਰ ਕੇ ਪੁੱਛਾਂ ਦੇਣ ਲੱਗਦਾ ਹੈ ਤੇ ਆਪਣੀ ਆਰਥਿਕਤਾ ਨੂੰ ਥੰਮ੍ਹ ਲੈਂਦਾ ਹੈ ਪਰ ਫੇਰ ਵੀ ਉਹ ਪ੍ਰੀਤੋ ਦੇ ਦਰੇਗ ਵਿਚ ਆਖ਼ਿਰ ਆਪਣੀ ਜਾਨ ਵੀ ਗੁਆ ਬਹਿੰਦਾ ਹੈ

ਲਹਿੰਬਰ ਘਰ ਦੇ ਕਲੇਸ਼ ਕਾਰਨ ਆਤਮ-ਹੱਤਿਆ ਕਰਨ ਜਾਂਦਾ ਹੈ ਪਰ ਕੋਈ ਬਲਬੀਰ ਨਾਂ ਦਾ ਭਲਾ ਆਦਮੀ ਉਸ ਨੂੰ ਬਚਾ ਲੈਂਦਾ ਹੈ ਤੇ ਸਹੀ ਰਾਹ ਪਾ ਦਿੰਦਾ ਹੈ। ਉਸ ਨੂੰ ਪੜ੍ਹਨ ਦੀ ਚੇਟਕ ਲਾ ਦਿੰਦਾ ਹੈ ਤੇ ਕਵਿਤਾ ਲਿਖਣ ਲਈ ਪ੍ਰੇਰਦਾ ਹੈ। ਮਜ਼ਦੂਰੀ ਦਾ ਕਿੱਤਾ ਸ਼ੁਰੂ ਕਰਵਾ ਕੇ ਉਹ ਉਸ ਦੀ ਆਰਥਿਕਤਾ ਨੂੰ ਮਜ਼ਬੂਤ ਕਰਦਾ ਹੈ। ਖੱਬੇ ਪੱਖੀ ਲੋਕਾਂ ਦੀ ਸੰਗਤ 'ਚ ਆ ਕੇ ਉਹ ਸਕੂਲ ਵਿਚ ਮਾਲੀ ਦੀ ਪੱਕੀ ਨੌਕਰੀ ਕਰਨ ਲੱਗਦਾ ਹੈ। ਇਹ ਨਾਵਲ ਸਾਧਾਰਨ ਪਾਤਰਾਂ ਦੀ ਸਧਾਰਨਤਾ ਦਾ ਪ੍ਰਗਟਾਵਾ ਕਰਦਿਆਂ ਸਬਰ ਸੰਤੋਖ ਤੇ ਮਿਹਨਤ ਵੱਲ ਪ੍ਰੇਰਦਾ ਹੈ। ਸਰਲ ਭਾਸ਼ਾ ਵਿਚ ਰਚਿਆ ਬਿਰਤਾਂਤ ਸਹਿਜ ਤੇ ਸੁਹਜ ਨਾਲ ਅਗਾਂਹ ਤੁਰਦਾ ਜਾਂਦਾ ਹੈ।

• ਕੇ. ਐੱਲ. ਗਰਗ

ਪੁਸਤਕ	: ਜੰਡਾ ਵੇ ਜੰਡੋਰਿਆ	ਪੰਨੇ	: 120
ਲੇਖਕ	: ਭੂਰਾ ਸਿੰਘ ਕਲੇਰ, 98726-39669	ਮੁੱਲ	: 200/-
ਪ੍ਰਕਾਸ਼ਕ	: ਲੋਕਰੰਗ ਪ੍ਰਕਾਸ਼ਨ, ਬਰਨਾਲਾ।		



ਪੁਸਤਕ ਦਾ ਲੇਖਕ ਮੁੱਖ ਤੌਰ 'ਤੇ ਗੀਤਕਾਰ ਹੈ। ਉਸ ਦੀਆਂ ਗੀਤਾਂ ਦੀਆਂ ਗਿਆਰਾਂ ਪੁਸਤਕਾਂ ਤੇ ਇਕ ਕਾਵਿ ਸੰਗ੍ਰਹਿ ਛਪ ਚੁੱਕੇ ਹਨ। ਇਸ ਨਵ-ਪ੍ਰਕਾਸ਼ਿਤ ਪੁਸਤਕ 'ਚ ਇਕਾਹਠ ਗ਼ਜ਼ਲਾਂ ਤੇ ਇਕ ਦਰਜਨ ਰੁਬਾਈਆਂ ਸ਼ਾਮਲ ਹਨ। ਗੁਰਭਜਨ ਗਿੱਲ ਨੇ ਸ਼ਾਇਰ ਨੂੰ ਚੌਗਿਰਦੇ ਦਾ ਚਿੰਤਕ ਲਿਖਿਆ ਹੈ। ਮਾਨਵਤਾ ਉਸ ਦੀ ਰਚਨਾ ਦਾ ਕੇਂਦਰ ਬਿੰਦੂ ਹੈ। ਲੁਕਾਈ ਦਾ ਦਰਦ, ਸ਼ਿਕਵੇ ਸ਼ਿਕਾਇਤਾਂ, ਰੀਝਾਂ, ਚਾਅ, ਉਦਰੇਵੇਂ, ਹਾਉਕੇ ਹਾਵੇ ਦੇ ਪ੍ਰਭਾਵਾਂ ਵਾਲਾ ਸ਼ਾਇਰ ਕਿਹਾ ਹੈ। ਸੰਪਾਦਕ ਸੁਲੇਖ ਸਾਥੀ ਨੇ ਸ਼ਾਇਰੀ ਦੇ ਆਧਾਰ 'ਤੇ ਕਵੀ ਮਾਣਕ ਨੂੰ ਮਾਨਵਤਾ ਦਾ ਕਵੀ ਮੰਨਿਆ ਹੈ। ਆਸ਼ੀ ਈਸਪੁਰੀ ਤੇ ਪ੍ਰਸਿੱਧ ਆਲੋਚਕ ਬਿਕਰਮਜੀਤ ਨੂਰ ਨੇ ਸ਼ਾਇਰ ਬਾਰੇ ਸੰਜੀਦਾ ਵਿਚਾਰ ਪੇਸ਼ ਕੀਤੇ ਹਨ। ਉਸਤਾਦ ਸ਼ਾਇਰ ਵਿਜੇ ਵਿਵੇਕ ਨੇ ਪੁਸਤਕ ਟਾਈਟਲ ਤੇ ਸ਼ਾਇਰੀ ਬਾਰੇ ਚਿੰਤਨਸ਼ੀਲ ਵਿਚਾਰ ਲਿਖੇ ਹਨ। ਸ਼ਾਇਰ ਦਾ ਪਰਿਵਾਰ ਵੀ ਸਿਰਜਨਾਤਮਕ ਰੁਚੀਆਂ ਵਾਲਾ ਹੈ। ਉਸ ਦਾ ਵੀਰ ਬਚਿੱਤਰ ਪਾਰਸ ਉੱਘਾ ਗੀਤਕਾਰ ਹੈ। ਸਾਹਿਤ ਸਭਾ ਧੂਰੀ ਦੇ ਸੰਜੇ ਲਹਿਰੀ ਦੇ ਸ਼ਬਦਾਂ 'ਚ ਕਵੀ ਚਾਨਣ ਦਾ ਵਣਜਾਰਾ ਹੈ, ਜੋ ਸ਼ਬਦਾਂ ਦਾ ਸੂਰਜ ਵੰਡਦਾ ਹੈ।

ਗ਼ਜ਼ਲਾਂ ਦੇ ਸ਼ਿਅਰ ਮਨੁੱਖੀ ਸੰਵੇਦਨਾ ਦੀ ਗਵਾਹੀ ਹਨ। ਪੰਨਾ 22 ਦੀ ਗ਼ਜ਼ਲ ਤੋਂ ਕਿਤਾਬ ਦੇ ਸਿਰਲੇਖ ਦਾ ਸ਼ਿਅਰ ਹੈ, 'ਨਹੀਂ ਰਾਤ ਨੂੰ ਵੀ ਸੌਂਦੇ ਪ੍ਰੀਤਾਂ ਦੇ ਗੀਤ ਗਾਉਂਦੇ, ਚਹਿਕਣ ਸੁਭ੍ਹਾ ਸਵੇਰੇ ਅਹਿਸਾਸ ਦੇ ਪਰਿੰਦੇ। ਅਲੰਕਾਰਾਂ ਦੀ ਖ਼ੂਬਸੂਰਤੀ, ਕੁਦਰਤੀ ਨਜ਼ਾਰੇ, ਸੁਹਜਮਈ ਪ੍ਰਤੀਕ, ਪਿਆਰੇ ਅਹਿਸਾਸ ਸੁਹਜਮਈ ਬਿੰਬ ਗ਼ਜ਼ਲਾਂ ਦੀ ਸ਼ਾਨ ਹਨ।

ਗ਼ਜ਼ਲਾਂ ਵਿਚ ਸ਼ਾਇਰ ਨੇ ਸੇਵਾ, ਪਰਉਪਕਾਰ, ਸੱਚਾਈ, ਅਮੀਰੀ, ਗ਼ਰੀਬੀ, ਸਾਦਗੀ ਮੁਹੱਬਤ, ਸੁੱਖ-ਦੁੱਖ ਰਿਸ਼ਤਿਆਂ ਦੀ ਪਾਕੀਜ਼ਗੀ, ਮਹਿੰਗਾਈ ਰਿਸ਼ਵਤਖੋਰੀ, ਦੋਸਤੀ ਦੁਸ਼ਮਣੀ, ਵਿਗਿਆਨਕ ਯੁੱਗ ਵਿਚ ਵੀ ਅਗਿਆਨਤਾ ਦਾ ਹਨੇਰਾ ਆਦਿ ਵਿਸ਼ੇ ਨਿਭਾਏ ਹਨ। ਰੁਬਾਈ ਦਾ ਰੰਗ ਵੇਖੋ -ਨਾ ਘੁਗੀਆਂ ਤੋਂ ਖ਼ਤਰਾ ਨਾ ਕਾਵਾਂ ਤੋਂ ਖ਼ਤਰਾ/ਨਾ ਧੁਪਾਂ ਤੋਂ ਖ਼ਤਰਾ, ਨਾ ਛਾਵਾਂ ਤੋਂ ਖ਼ਤਰਾ/.ਖ਼ਤਰਾ ਹੈ ਮਨੁੱਖਤਾ ਨੂੰ ਮਾਣਕ ਉਹ ਸੱਤਾ ਦੇ ਹੀ ਭੁੱਖੇ ਨੇਤਾਵਾਂ ਤੋਂ ਖ਼ਤਰਾ (ਪੰਨਾ 87) ਪੰਜਾਬੀ ਗ਼ਜ਼ਲਕਾਰੀ ਵਿਚ ਪੁਸਤਕ ਮਹਤੱਵਪੂਰਨ ਸੌਗਾਤ ਹੈ।

• ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ

ਪੁਸਤਕ	: ਅਹਿਸਾਸ ਦੇ ਪਰਿੰਦੇ	ਪੰਨੇ	: 98
ਲੇਖਕ	: ਬਿੱਕਰ ਮਾਣਕ	ਮੁੱਲ	: 200/-
ਪ੍ਰਕਾਸ਼ਕ	: ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ।		



ਬੂਹੇ ਤੱਕਦੀਆਂ ਬੁੱਢੀਆਂ ਅੱਖਾਂ

ਸੰਝ ਦੀ ਉਮਰ ਇਕਲਾਪੇ ਦੀ ਮਾਰ ਹੇਠ ਹੈ। ਬਜ਼ੁਰਗਾਂ ਨੂੰ ਸਰਮਾਏ ਦੇ ਰੂਪ ਵਿੱਚ ਨਹੀਂ ਬਲਕਿ ਬੋਝ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ। ਹਰ ਸ਼ਹਿਰ ਵਿੱਚੋਂ ਘਰਾਂ ਵਿੱਚ ਇਕੱਲੇ ਰਹਿੰਦੇ ਬਜ਼ੁਰਗਾਂ ਦੇ ਕਤਲ ਦੀਆਂ ਖ਼ਬਰਾਂ ਆ ਰਹੀਆਂ ਹਨ। ਇਹ ਠੀਕ ਹੈ ਕਿ ਹਰ ਮਨੁੱਖ ਢਲੀ ਉਮਰ ਵਿੱਚ ਆ ਕੇ ਵੇਲਾ ਵਿਹਾ ਚੁੱਕੀ ਵਸਤ ਬਣ ਜਾਂਦਾ ਹੈ ਪਰ ਉਸ ਦੀ ਬੇਕਦਰੀ ਪਹਿਲਾਂ ਕਦੇ ਏਨੀ ਨਹੀਂ ਸੀ ਹੋਈ ਜਿੰਨੀ ਕਿ ਵਰਤਮਾਨ ਦੌਰ ਵਿੱਚ ਹੋ ਰਹੀ ਹੈ। ਬਜ਼ੁਰਗਾਂ ਦੀ ਇਕੱਲਤਾ ਵਿੱਚ ਸਭ ਤੋਂ ਵੱਡਾ ਕਾਰਨ ਬਣੇ ਹਨ ਟੁੱਟਦੇ ਤੇ ਇਕਹਿਰੇ ਪਰਿਵਾਰ। ਸਾਂਝੀ ਪਰਿਵਾਰ ਪ੍ਰਥਾ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ। ਥੋੜ੍ਹੇ ਘਰ ਹੀ ਅਜਿਹੇ ਹੋਣਗੇ ਜਿੱਥੇ ਤਿੰਨ ਪੀੜ੍ਹੀਆਂ ਇੱਕ ਛੱਤ ਥੱਲੇ ਵਿਚਰ ਰਹੀਆਂ ਹੋਣ। ਰੁਜ਼ਗਾਰ ਦੇ ਸਿਲਸਿਲੇ ਵਿੱਚ ਪਰਵਾਸ ਬਹੁਤ ਵਧ ਗਿਆ ਹੈ।

ਬਜ਼ੁਰਗ ਉਦਾਸ ਹਨ ਤੇ ਬੁਢਾਪਾ ਪਰੇਸ਼ਾਨ। ਸੰਝ ਦੀ ਉਮਰ ਇਕਲਾਪੇ ਦੀ ਮਾਰ ਹੇਠ ਹੈ। ਬਜ਼ੁਰਗਾਂ ਨੂੰ ਸਰਮਾਏ ਦੇ ਰੂਪ ਵਿੱਚ ਨਹੀਂ ਬਲਕਿ ਬੋਝ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ। ਹਰ ਸ਼ਹਿਰ ਵਿੱਚੋਂ ਘਰਾਂ ਵਿੱਚ ਇਕੱਲੇ ਰਹਿੰਦੇ ਬਜ਼ੁਰਗਾਂ ਦੇ ਕਤਲ ਦੀਆਂ ਖ਼ਬਰਾਂ ਆ ਰਹੀਆਂ ਹਨ। ਇਹ ਠੀਕ ਹੈ ਕਿ ਹਰ ਮਨੁੱਖ ਢਲੀ ਉਮਰ ਵਿੱਚ ਆ ਕੇ ਵੇਲਾ ਵਿਹਾ ਚੁੱਕੀ ਵਸਤ ਬਣ ਜਾਂਦਾ ਹੈ ਪਰ ਉਸ ਦੀ ਬੇਕਦਰੀ ਪਹਿਲਾਂ ਕਦੇ ਏਨੀ ਨਹੀਂ ਸੀ ਹੋਈ ਜਿੰਨੀ ਕਿ ਵਰਤਮਾਨ ਦੌਰ ਵਿੱਚ ਹੋ ਰਹੀ ਹੈ। ਬਜ਼ੁਰਗਾਂ ਦੀ ਇਕੱਲਤਾ ਵਿੱਚ ਸਭ ਤੋਂ ਵੱਡਾ ਕਾਰਨ ਬਣੇ ਹਨ ਟੁੱਟਦੇ ਤੇ ਇਕਹਿਰੇ ਪਰਿਵਾਰ। ਸਾਂਝੀ ਪਰਿਵਾਰ ਪ੍ਰਥਾ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ। ਥੋੜ੍ਹੇ ਘਰ ਹੀ ਅਜਿਹੇ ਹੋਣਗੇ ਜਿੱਥੇ ਤਿੰਨ ਪੀੜ੍ਹੀਆਂ ਇੱਕ ਛੱਤ ਥੱਲੇ ਵਿਚਰ ਰਹੀਆਂ ਹੋਣ। ਰੁਜ਼ਗਾਰ ਦੇ ਸਿਲਸਿਲੇ ਵਿੱਚ ਪਰਵਾਸ ਬਹੁਤ ਵਧ ਗਿਆ ਹੈ। ਉੱਨਤ ਆਵਾਜਾਈ ਦੇ ਸਾਧਨਾਂ ਕਾਰਨ ਮਨੁੱਖ ਹੁਣ ਰੁਜ਼ਗਾਰ ਦੇ ਸਿਲਸਿਲੇ ਵਿੱਚ ਦੂਰ-ਨੇੜੇ ਦੀਆਂ ਸਭ ਹੱਦਾਂ ਨੂੰ ਪਾਰ ਕਰ ਜਾਂਦਾ ਹੈ। ਵਿਦੇਸ਼ਾਂ ਵਿੱਚ ਜਾ ਕੇ ਰੁਜ਼ਗਾਰ ਭਾਲਣਾ ਜਾਂ ਦੇਸ਼ ਦੇ ਹੀ ਕਿਸੇ ਦੁਰੇਡੇ ਇਲਾਕੇ ਵਿੱਚ ਜਾ ਕੇ ਨੌਕਰੀ ਕਰਨਾ ਅਤੇ ਉੱਥੇ ਹੀ ਵੱਸ ਜਾਣ ਦਾ ਚਲਨ ਬਹੁਤ ਵਧ ਗਿਆ ਹੈ। ਜਿਸ ਵੇਲੇ ਔਲਾਦ ਘਰ ਤੋਂ ਦੂਰ ਦੇਸ਼ ਜਾਂ ਵਿਦੇਸ਼ ਵੱਲ ਪਰਵਾਸ ਕਰਦੀ ਹੈ, ਉਦੋਂ ਮਾਂ-ਪਿਓ ਤੰਦਰੁਸਤ ਸਰੀਰਕ ਅਵਸਥਾ ਵਿੱਚ ਹੁੰਦੇ ਹਨ ਪਰ ਵਕਤ ਲੰਘਣ ਨਾਲ ਸਿਹਤ ਕਮਜ਼ੋਰ ਹੁੰਦੀ ਜਾਂਦੀ ਹੈ ਤੇ ਪਰਦੇਸ ਗਿਆਂ ਦੇ ਰੁਝੇਵੇਂ ਵਧਦੇ ਜਾਂਦੇ ਹਨ। ਨਤੀਜਾ ਹੁੰਦਾ ਹੈ ਸਹਾਰੇ ਦੀ ਉਮਰ ਵਿੱਚ ਸਹਾਰੇ ਤੋਂ ਰਹਿਤ ਜੀਵਨ। ਜਿਸ ਵਿਹੜੇ ਵਿੱਚ ਭੈਣ-ਭਰਾ, ਮਾਂ-ਬਾਪ ਦੀ ਬੁੱਕਲ ਵਿੱਚ ਕਈ ਵਰ੍ਹੇ ਇਕੱਠੇ ਖੇਡੇ ਹੁੰਦੇ ਹਨ ਮੁੜ ਕਿਸੇ ਸ਼ਗਨਾਂ ਦੇ ਮੌਕੇ ਜਾਂ ਦੁੱਖ ਦੀ ਘੜੀ ਹੀ ਇਕੱਠੇ ਹੁੰਦੇ ਹਨ। ਕਈ ਵਾਰ ਅਜਿਹੇ ਮੌਕੇ ਵੀ ਪੂਰਾ ਪਰਿਵਾਰ ਨਹੀਂ ਮਿਲਦਾ। ਪਰਿਵਾਰਾਂ ਵਿੱਚ ਘਟਦਾ ਮੋਹ ਤੇ ਸ਼ਖ਼ਸੀਅਤ ਦਾ ਟਕਰਾਅ ਵੀ ਬਜ਼ੁਰਗਾਂ ਦੇ ਇਕੱਲਿਆਂ ਰਹਿ ਜਾਣ ਦਾ ਕਾਰਨ ਬਣ ਗਿਆ ਹੈ। ਹਰ ਮਨੁੱਖ ਆਪਣੀ ਆਜ਼ਾਦੀ ਭਾਲ ਰਿਹਾ ਹੈ। ਛੋਟੇ ਬੱਚਿਆਂ ਤੋਂ ਲੈ ਕੇ ਵੱਡਿਆਂ ਤਕ ਹਰੇਕ ਆਪਣੀ ਅਲੱਗ ਤੇ ਵਿਅਕਤੀਗਤ ਜਗ੍ਹਾ ਚਾਹੁੰਦਾ ਹੈ। ਇੱਕ-ਦੂਜੇ ਦੀ ਗੱਲ ਸੁਣਨੀ ਤੇ ਬਰਦਾਸ਼ਤ ਕਰਨੀ ਔਖਾ ਕੰਮ ਹੋ ਗਿਆ ਹੈ। ਅੱਗੇ ਕੌੜੀਆਂ-ਫਿਕੀਆਂ ਗੱਲਾਂ ਸੁਣ ਕੇ,ਕਰਕੇ ਵੀ ਲੋਕ ਇੱਕੋ ਘਰ ਵਿੱਚ ਰਹਿੰਦੇ ਸਨ ਪਰ ਹੁਣ 'ਕੱਠਿਆਂ ਰਹਿਣਾ ਔਖਾ ਲਗਦਾ ਹੈ। ਹੁਣ ਬਹੁਤ ਸਾਰੇ ਘਰ ਅਜਿਹੇ ਮਿਲ ਜਾਣਗੇ ਜਿਨ੍ਹਾਂ ਘਰਾਂ ਵਿੱਚ ਦੋ ਪੀੜ੍ਹੀਆਂ,ਇੱਕੋ ਘਰ ਵਿੱਚ ਕਿਸੇ ਵੀ ਤਰ੍ਹਾਂ ਦੀ ਸਾਂਝ ਤੋਂ ਬਗੈਰ ਵੱਖ-ਵੱਖ ਛੱਤਾਂ 'ਤੇ ਰਹਿੰਦੀਆਂ ਹਨ। ਅਜਿਹੇ ਮਾਂ-ਬਾਪ ਤੇ ਨੂੰਹਾਂ-ਪੁੱਤ ਹਨ ਜੋ ਇੱਕੋ ਘਰ ਵਿੱਚ ਰਹਿੰਦਿਆਂ ਵੀ ਕਈ-ਕਈ ਦਿਨ ਇੱਕ ਦੂਜੇ ਦੇ ਮੱਥੇ ਨਹੀਂ ਲੱਗਦੇ, ਗੱਲ ਕਰਨੀ ਤਾਂ ਬਹੁਤ ਦੂਰ ਦੀ ਗੱਲ ਹੈ। ਜਾਇਦਾਦ ਦੇ ਝਗੜਿਆਂ ਨੇ ਵੀ ਪਰਿਵਾਰਾਂ ਵਿੱਚ ਤਣਾਅ ਬਹੁਤ ਵਧਾ ਦਿੱਤਾ ਹੈ। ਇੱਕ ਪੀੜ੍ਹੀ ਜਾਇਦਾਦਾਂ ਸਿਰਜਦੀ ਹੈ ਜ਼ਿੰਦਗੀ ਨੂੰ ਸੌਖਿਆਂ ਕਰਨ ਜਾਂ ਫਿਰ ਮਾੜੇ ਚੰਗੇ ਵਕਤ ਵਿੱਚ ਇੱਕ ਸਹਾਇਕ ਰਾਸ਼ੀ ਵਜੋਂ ਵਰਤੇ ਜਾ ਸਕਣ ਲਈ ਪਰ ਬਾਅਦ ਵਿੱਚ ਅਜਿਹੀਆਂ ਜਾਇਦਾਦਾਂ ਵੱਡੇ ਝਗੜਿਆਂ ਦਾ ਕਾਰਨ ਬਣ ਜਾਂਦੀਆਂ ਹਨ। ਬਜ਼ੁਰਗ ਪੀੜ੍ਹੀ ਅਜਿਹੀ ਜਾਇਦਾਦ ਨੂੰ ਆਪਣੇ ਬੁਢਾਪੇ ਦੀ ਸੁਰੱਖਿਆ ਵਜੋਂ ਆਪਣੇ ਕੋਲ ਰੱਖਣਾ ਚਾਹੁੰਦੀ ਹੈ ਜਦਕਿ ਨਵੀਂ ਪੀੜ੍ਹੀ ਇਸ ਨੂੰ ਆਪਣੇ ਕਾਰੋਬਾਰ ਨੂੰ ਵਧਾਉਣ ਜਾਂ ਕਿਸੇ ਹੋਰ ਮਨੋਰਥ ਲਈ ਆਪਣੇ ਕਬਜ਼ੇ ਵਿੱਚ ਕਰਨਾ ਚਾਹੁੰਦੀ ਹੈ। ਮਸਲਾ ਫਿਰ ਟਕਰਾਅ ਵਾਲਾ ਬਣ ਜਾਂਦਾ ਹੈ। 'ਹਿੱਕ 'ਤੇ ਰੱਖ ਕੇ ਮਰਿਓਂ' ਜਾਂ 'ਜਾਇਦਾਦਾਂ ਨਾਲ ਨਹੀਂ ਜਾਣੀਆਂ' ਵਰਗੇ ਆਮ ਸੁਣੇ ਜਾਂਦੇ ਸੰਵਾਦ ਅਜਿਹੇ ਮੌਕਿਆਂ 'ਤੇ ਪੈਦਾ ਹੋਈ ਕੁੜੱਤਣ ਦੀ ਹੀ ਪੈਦਾਵਾਰ ਹਨ। ਬੁਢਾਪਾ ਜ਼ਿੰਦਗੀ ਦੀ ਢਲਾਣ ਦਾ ਸਮਾਂ ਹੈ। ਸਰੀਰਕ ਸਮਰੱਥਾ ਘਟ ਜਾਂਦੀ ਹੈ ਤੇ ਕਈ ਵਾਰ ਇਸ ਉਮਰੇ ਬਜ਼ੁਰਗ ਗੰਭੀਰ ਬੀਮਾਰੀਆਂ ਦਾ ਵੀ ਸ਼ਿਕਾਰ ਹੋ ਜਾਂਦੇ ਹਨ। ਦਿਲ, ਸਾਹ, ਕੈਂਸਰ ਵਰਗੀਆਂ ਬੀਮਾਰੀਆਂ ਅਜਿਹੀਆਂ ਹਨ ਜੋ ਪੈਸਾ, ਵਕਤ ਅਤੇ ਸੁਚੱਜੀ ਸਰੀਰਕ ਸਾਂਭ ਸੰਭਾਲ ਦੀ ਮੰਗ ਕਰਦੀਆਂ ਹਨ। ਸਾਡੇ ਮੁਲਕ ਵਿੱਚ ਬਹੁਤ ਘੱਟ ਹੀ ਬਜ਼ੁਰਗ ਹਨ ਜਿਨ੍ਹਾਂ ਨੂੰ ਸਿਹਤ ਸੰਭਾਲ ਜਾਂ ਹੋਰ ਅਜਿਹੇ ਮਸਲਿਆਂ ਲਈ ਸਮਾਜਿਕ ਸੁਰੱਖਿਆ ਉਪਲਬਧ ਹੈ। ਕੁਝ ਫ਼ੀਸਦੀ ਸੇਵਾਮੁਕਤ ਸਰਕਾਰੀ ਮੁਲਾਜ਼ਮਾਂ ਨੂੰ ਛੱਡ ਕੇ ਬਾਕੀ ਸਭ ਨੂੰ ਆਪਣਾ ਬੋਝ ਖ਼ੁਦ ਹੀ ਚੁੱਕਣਾ ਪੈਂਦਾ ਹੈ। ਸਰਕਾਰੀ ਢਾਂਚੇ ਤੋਂ ਮਿਲਦੀਆਂ ਪੈਨਸ਼ਨਾਂ ਸਾਰਿਆਂ ਨੂੰ ਮੁਹੱਈਆ ਨਹੀਂ ਤੇ ਉਂਜ ਵੀ ਉਹ ਇੰਨੀਆਂ ਨਿਗੂਣੀਆਂ ਹੁੰਦੀਆਂ ਹਨ ਕਿ ਦਵਾਈ ਦਾਰੂ ਦਾ ਖਰਚਾ ਵੀ ਪੂਰਾ ਨਹੀਂ ਹੁੰਦਾ। ਅਜਿਹੇ ਸਮੇਂ ਵਿੱਚ ਬਜ਼ੁਰਗਾਂ 'ਤੇ ਖ਼ਰਚਣ ਵਾਸਤੇ ਨਾ ਕੋਈ ਪੈਸਾ ਕੱਢ ਕੇ ਰਾਜ਼ੀ ਹੈ,ਨਾ ਵਕਤ ਦੇ ਕੇ ਤੇ ਨਾ ਹੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਲੈ ਕੇ। ਨਤੀਜਾ ਜਾਂ ਤਾਂ ਬਜ਼ੁਰਗ ਆਪਣੀ ਪੁਸ਼ਤੈਨੀ ਰਿਹਾਇਸ਼ 'ਤੇ ਹੱਡ ਰੋਲਦੇ ਜ਼ਿੰਦਗੀ ਕੱਢਦੇ ਹਨ ਜਾਂ ਫਿਰ ਪੁੱਤਾਂ ਦੀ ਮਿਹਰ ਸਦਕਾ ਦੋ-ਦੋ, ਚਾਰ-ਚਾਰ ਮਹੀਨੇ ਕਿਸੇ ਬੱਚੇ ਦੇ ਘਰ ਵਿੱਚ ਮਹੀਨੇਵਾਰ ਕਿਸ਼ਤਾਂ ਵਾਂਗ ਵੰਡੇ ਜਾਂਦੇ ਹਨ ਪਰ ਅੱਜ-ਕੱਲ੍ਹ ਪੁੱਤ ਧੀ ਵੀ ਇੱਕ-ਇੱਕ ਹੀ ਰਹਿ ਗਏ ਹਨ। ਇਸ ਲਈ ਆਉਂਦੇ ਵਰ੍ਹਿਆਂ ਵਿੱਚ ਹਾਲਾਤ ਹੋਰ ਗੰਭੀਰ ਹੋਣੇ ਹਨ।

ਕੁਝ ਸਮਾਂ ਪਹਿਲਾਂ ਦਿੱਲੀ ਅਤੇ ਉਸ ਦੇ ਨਾਲ ਜੁੜੇ ਇਲਾਕਿਆਂ ਵਿੱਚ ਕੀਤੇ ਸਰਵੇ ਰਾਹੀਂ ਇਹ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ ਕਿ 44 ਫ਼ੀਸਦੀ ਭਾਵ ਅੱਧੇ ਦੇ ਕਰੀਬ ਬਜ਼ੁਰਗ ਸਮਾਜਿਕ ਅਤੇ ਭਾਵਨਾਤਮਕ ਤੌਰ 'ਤੇ ਇਕੱਲਤਾ ਮਹਿਸੂਸ ਕਰਦੇ ਹਨ। ਇਹ ਅੰਕੜਾ ਪੇਂਡੂ ਖੇਤਰਾਂ ਵਿੱਚ 20 ਫ਼ੀਸਦੀ ਦੇ ਕਰੀਬ ਹੈ ਕਿਉਂਕਿ ਪਿੰਡਾਂ ਵਿੱਚ ਭਾਈਚਾਰਕ ਸਾਂਝ ਅਜੇ ਉਨੀ ਬੁਰੀ ਤਰ੍ਹਾਂ ਨਹੀਂ ਟੁੱਟੀ। ਜ਼ਿਆਦਾਤਰ ਬਜ਼ੁਰਗਾਂ ਨੇ ਇਕੱਲਤਾ ਦਾ ਕਾਰਨ ਪਰਿਵਾਰਕ ਮੈਂਬਰਾਂ ਨਾਲ ਘੱਟ ਗੱਲਬਾਤ ਜਾਂ ਸਮਾਜਿਕ ਮੇਲ-ਜੋਲ ਨਾ ਹੋਣਾ ਦੱਸਿਆ ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ ਲੋਕਾਂ ਦੀ ਔਸਤਨ ਉਮਰ ਵੀ ਵਧ ਰਹੀ ਹੈ। ਸਾਲ 2011 ਦੀ ਰਿਪੋਰਟ ਮੁਤਾਬਕ ਭਾਰਤ ਵਿੱਚ 9 ਕਰੋੜ ਬਜ਼ੁਰਗ ਹਨ ਜੋ ਕਿ ਅਗਲੇ ਪੰਦਰਾਂ ਸਾਲ ਵਿੱਚ ਭਾਵ 2026 ਤਕ ਦੁਗਣੇ ਹੋ ਜਾਣਗੇ। ਇਸ ਉਮਰ ਵਿੱਚ ਬਹੁਤ ਵਾਰੀ ਜੀਵਨ ਸਾਥੀ ਇੱਕ-ਦੂਜੇ ਦਾ ਸਰੀਰਕ ਤੌਰ 'ਤੇ ਵੀ ਸਾਥ ਛੱਡ ਚੁੱਕੇ ਹੁੰਦੇ ਹਨ। ਇੱਕ ਦੂਜੇ ਦਾ ਹੌਸਲਾ



ਬਣਾਈ ਰੱਖਣ ਜਾਂ ਵਕਤ ਬੇਵਕਤ ਇੱਕ ਦੂਜੇ ਦਾ ਛੋਟਾ ਮੋਟਾ ਕਾਜ ਸੰਵਾਰਨ ਲਈ ਉਨ੍ਹਾਂ ਦੇ ਕੋਲ ਕੋਈ ਆਪਣਾ ਸਹਾਰਾ ਨਹੀਂ ਹੁੰਦਾ। ਲੜਖੜਾਉਂਦੀਆਂ ਲੱਤਾਂ ਤੇ ਕੰਬਦੀਆਂ ਬਾਹਾਂ ਇੱਕ ਦੂਜੇ ਦੇ ਸਾਥ ਨਾਲ ਕੁਝ ਵਰ੍ਹੇ ਹੋਰ ਚੱਲ ਸਕਦੀਆਂ ਹਨ ਪਰ ਸਾਥੀ ਦਾ ਅਜਿਹਾ ਘਾਟਾ ਪੈ ਚੁੱਕਾ ਹੁੰਦਾ ਹੈ ਜਾਂ ਜ਼ਿੰਦਗੀ ਵਿੱਚ ਪੈਣਾ ਲਾਜ਼ਮੀ ਹੁੰਦਾ ਹੈ। ਸਥਿਤੀ ਕਈ ਵਾਰ ਉਦੋਂ ਹੋਰ ਗੰਭੀਰ ਹੋ ਜਾਂਦੀ ਹੈ ਜਦੋਂ ਸਾਰੀ ਉਮਰ ਇੱਕ-ਦੂਜੇ ਨਾਲ ਨਾ ਬਣੀ ਹੋਵੇ। ਇਹ ਸਥਿਤੀਆਂ ਬਦਲੀਆਂ ਜਾ ਸਕਦੀਆਂ ਹਨ। ਵਿਦੇਸ਼ਾਂ ਦਾ ਸਾਨੂੰ ਬਹੁਤ ਕੁਝ ਚੰਗਾ ਲੱਗਦਾ ਹੈ ਪਰ ਅਸੀਂ ਅਪਣਾਉਂਦੇ ਨਹੀਂ। ਵਿਦੇਸ਼ਾਂ ਵਿੱਚ ਵਿਦਿਆਰਥੀਆਂ ਨੂੰ ਕਮਿਊਨਿਟੀ ਸੇਵਾ ਵਾਸਤੇ ਸਵੈ-ਸੇਵਕ ਦੇ ਤੌਰ 'ਤੇ ਕੰਮ ਕਰਨਾ ਪੈਂਦਾ ਹੈ। ਕੋਈ ਵੀ ਡਿਗਰੀ ਜਾਂ ਕੋਰਸ ਦਾ ਸਰਟੀਫਿਕੇਟ ਦੇਣ ਤੋਂ ਪਹਿਲਾਂ ਉਨ੍ਹਾਂ ਲਈ ਤੀਹ ਘੰਟੇ ਜਾਂ ਪੰਜਾਹ ਘੰਟੇ ਦੀ ਅਜਿਹੀ ਸਮਾਜ ਸੇਵਾ ਕੀਤੀ ਹੋਣੀ ਜ਼ਰੂਰੀ ਹੁੰਦੀ ਹੈ। ਸਾਡੇ ਕੋਲ ਵਿਦਿਆਰਥੀਆਂ ਦੀਆਂ ਫ਼ੌਜਾਂ ਹਨ, ਉਨ੍ਹਾਂ ਕੋਲੋਂ ਲਏ ਕੁਝ ਘੰਟੇ ਬਜ਼ੁਰਗਾਂ ਨਾਲ ਬਿਤਾਉਣ ਲਈ ਵਰਤੇ ਜਾ ਸਕਦੇ ਹਨ। ਬਜ਼ੁਰਗਾਂ ਦਾ ਕੁਝ ਵਕਤ ਬਿਹਤਰ ਹੋ ਜਾਵੇਗਾ ਤੇ ਸ਼ਾਇਦ ਸਾਡੇ ਵਿਦਿਆਰਥੀ ਵੀ ਬਜ਼ੁਰਗਾਂ ਦੇ ਤਜਰਬਿਆਂ ਤੋਂ ਕੁਝ ਨਵੇਂ ਨੁਕਤੇ ਸਿੱਖ ਲੈਣ, ਜ਼ਿੰਦਗੀ ਨੂੰ ਸ਼ਿੰਗਾਰਨ ਵਾਸਤੇ ਜਾਂ ਉਨ੍ਹਾਂ ਦੀਆਂ ਗ਼ਲਤੀਆਂ ਦੇ ਸ਼ੀਸ਼ੇ ਵਿੱਚੋਂ ਕੁਝ ਨਵਾਂ ਚਿਤਰਨ ਵਾਸਤੇ। ਸਰਕਾਰਾਂ ਤੇ ਸਵੈ-ਸੇਵੀ ਸੰਸਥਾਵਾਂ ਨੂੰ ਸਾਂਝੇ ਸਹਿਯੋਗ ਨਾਲ ਸ਼ਹਿਰਾਂ ਵਿੱਚ ਸੀਨੀਅਰ ਸਿਟੀਜ਼ਨ ਪਾਰਕ ਜਾਂ ਕੋਈ ਵੀ ਸਾਂਝੀ ਜਗ੍ਹਾ ਦਾ ਵਿਕਾਸ ਕਰਨਾ ਚਾਹੀਦਾ ਹੈ ਜਿੱਥੇ ਬਜ਼ੁਰਗ ਇਕੱਠੇ ਹੋ ਕੇ ਆਪਣੇ ਦੁੱਖ-ਸੁੱਖ ਸਾਂਝੇ ਕਰ ਸਕਣ। ਉਮਰ ਦੇ ਅਨੁਸਾਰ ਖੇਡ ਤਮਾਸ਼ਿਆਂ ਵਿੱਚ ਹਿੱਸਾ ਲੈ ਸਕਣ। ਤਿਆਰ ਹੋ ਕੇ ਘਰ ਤੋਂ ਬਾਹਰ ਨਿਕਲਣ ਦਾ ਚਾਅ ਪ੍ਰਾਪਤ ਕਰ ਸਕਣ। ਮੁੰਬਈ ਵਿੱਚ ਇੱਕ ਅਜਿਹੀ ਪਾਰਕ ਹੈ ਜਿੱਥੇ ਬਜ਼ੁਰਗ ਸੈਂਕੜਿਆਂ ਦੀ ਗਿਣਤੀ ਵਿੱਚ ਇਕੱਠੇ ਹੁੰਦੇ ਹਨ। ਅਜਿਹੇ ਇਕੱਠਾਂ ਵਿੱਚ ਬਜ਼ੁਰਗਾਂ ਦੇ ਤਜਰਬੇ ਦਾ ਫਾਇਦਾ ਲੈਣ ਲਈ ਉੱਥੇ ਆਮ ਲੋਕਾਂ ਦਾ ਆਉਣਾ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਬਜ਼ੁਰਗਾਂ ਦੇ ਸਾਰੀ ਉਮਰ ਕੀਤੇ ਕੰਮਾਂ ਦੇ ਤਜਰਬੇ ਦੇ ਹਿਸਾਬ ਨਾਲ ਉਨ੍ਹਾਂ ਕੋਲੋਂ ਨੌਜਵਾਨ ਬਹੁਤ ਕੁਝ ਸਿੱਖ ਸਕਦੇ ਹਨ। ਸੱਠ ਸਾਲ ਤੋਂ ਬਾਅਦ ਜੀਵਨ ਦਾ ਕੋਈ ਅੰਤ ਨਹੀਂ ਹੋ ਜਾਂਦਾ। ਸਰਕਾਰਾਂ ਤੇ ਸੰਸਥਾਵਾਂ ਨੂੰ ਵੀ ਚਾਹੀਦਾ ਹੈ ਕਿ ਜਿਹੜੇ ਬਜ਼ੁਰਗ ਕੋਈ ਸੇਵਾ ਦੇ ਸਕਦੇ ਹੋਣ, ਉਨ੍ਹਾਂ ਨੂੰ ਰੁਝੇਵੇਂ ਵਿੱਚ ਰੱਖਣ ਲਈ ਕੋਈ ਨਾ ਕੋਈ ਕੰਮ ਲਿਆ ਜਾਵੇ। ਬਜ਼ੁਰਗਾਂ ਨੂੰ ਜ਼ਿੰਦਗੀ ਦੀ ਸ਼ਾਮ ਵਿੱਚ ਬਲੀ ਦੇ ਬੱਕਰੇ ਵਾਂਗ ਛੱਡ ਦੇਣਾ ਸੱਭਿਅਕ ਸਮਾਜ ਵਿੱਚ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ। ਸਾਡੀ ਜ਼ਿੰਦਗੀ ਨੂੰ ਇਹ ਰੂਪ ਦੇਣ ਵਾਲੇ ਬਜ਼ੁਰਗ ਹੀ ਹਨ ਜੋ ਕਿ ਕਦੇ ਜਵਾਨ ਸਨ। ਉਨ੍ਹਾਂ ਦੀ ਸੁਚੱਜੀ ਸਾਂਭ-ਸੰਭਾਲ ਸਾਡੀ ਨੈਤਿਕ ਤੇ ਸਮਾਜੀ ਜ਼ਿੰਮੇਵਾਰੀ ਬਣਦੀ ਹੈ।

-ਹਰਪ੍ਰੀਤ ਸਿੰਘ ਹੀਰੋ

ਪਲੀਤ ਹੋ ਰਹੇ ਸੱਭਿਆਚਾਰ ਦੀ ਚਿੰਤਾ

ਮੌਜੂਦਾ ਯੁੱਗ ਵਿਚ ਕਿਸੇ ਦੂਜੇ ਦੇਸ਼ ਨੂੰ ਸਿਰਫ਼ ਹਥਿਆਰਾਂ ਦੀ ਤਾਕਤ ਨਾਲ ਹੀ ਗੁਲਾਮ ਨਹੀਂ ਬਣਾਇਆ ਜਾਂਦਾ, ਸਗੋਂ ਇਸ ਲਈ ਵੱਡੀਆਂ ਤਾਕਤਾਂ ਵੱਲੋਂ ਹੋਰ ਵੀ ਢੰਗ-ਤਰੀਕੇ ਵਰਤੇ ਜਾਂਦੇ ਹਨ। ਇਸ ਲਈ ਸਾਮਰਾਜੀ ਦੇਸ਼ਾਂ ਦੀ ਸਾਜਿਸ਼ ਇਹ ਹੈ ਕਿ ਜਿਨ੍ਹਾਂ ਦੇਸ਼ਾਂ ਦੀ ਆਰਥਿਕਤਾ ਉਤੇ ਉਹ ਆਪਣਾ ਕਬਜ਼ਾ ਜਮਾਉਣਾ ਚਾਹੁੰਦੇ ਹਨ, ਇਕ ਤਾਂ ਉਥੋਂ ਦੇ ਸੱਭਿਆਚਾਰ, ਭਾਸ਼ਾ, ਸਾਹਿਤ, ਸਿੱਖਿਆ ਤੇ ਸਿਹਤ ਢਾਂਚੇ, ਵਿਰਾਸਤ ਅਤੇ ਲੋਕ ਏਕਤਾ ਨੂੰ ਖੋਖਲਾ ਕਰ ਦਿੱਤਾ ਜਾਵੇ ਅਤੇ ਦੂਜਾ ਉਥੋਂ ਦੀ ਜਨਤਾ ਅਤੇ ਖਾਸ ਕਰਕੇ ਮਿਹਨਤਕਸ਼ ਜਮਾਤ ਅਤੇ ਨੌਜਵਾਨ ਵਰਗ ਨੂੰ ਨਸ਼ਿਆਂ, ਨੰਗੇਜ਼ਵਾਦ, ਫੈਸ਼ਨ, ਅਸ਼ਲੀਲਤਾ, ਜਿਸਮ ਫਰੋਸ਼ੀ, ਅੰਧ-ਵਿਸ਼ਵਾਸ, ਜੋਤਿਸ਼, ਲਾਟਰੀ, ਫ਼ਿਰਕਾਪ੍ਰਸਤੀ, ਜਾਤ-ਪਾਤ, ਸਮਾਜਿਕ ਬੁਰਾਈਆਂ ਅਤੇ ਹੋਰ ਗ਼ੈਰ-ਸੱਭਿਅਕ ਵਰਤਾਰਿਆਂ ਦੀ ਦਲਦਲ ਵਿਚ ਫਸਾ ਦਿੱਤਾ ਜਾਵੇ ਤਾਂ ਕਿ ਲੋਕ ਆਪਣੇ ਸਮਾਜ, ਸੱਭਿਆਚਾਰ ਅਤੇ ਦੇਸ਼ ਦੇ ਵਿਕਾਸ ਪ੍ਰਤੀ ਸੋਚਣਾ ਹੀ ਛੱਡ ਦੇਣ। ਨੰਗੇਜ਼ਵਾਦ ਉਭਾਰਨ ਤੇ ਘਰ-ਘਰ ਵਿਚ ਪਹੁੰਚਾਉਣ ਲਈ ਕਈ ਟੈਲੀਵਿਜ਼ਨ ਚੈਨਲ ਅਤੇ ਬਹੁਤ ਸਾਰੀਆਂ ਲੱਚਰ ਕਿਸਮ ਦੀਆਂ ਫ਼ਿਲਮਾਂ ਜ਼ਿੰਮੇਵਾਰ ਕਹੀਆਂ ਜਾ ਸਕਦੀਆਂ ਹਨ। ਟੈਲੀਵਿਜ਼ਨ ਹਰੇਕ ਵਿਅਕਤੀ ਦੀ ਪਹੁੰਚ ਵਿਚ ਹੋਣ ਕਰਕੇ ਇਸ ਦਾ ਪ੍ਰਭਾਵ ਜ਼ਿਆਦਾ ਤੇ ਜਲਦੀ ਕਬੂਲਿਆ ਜਾਂਦਾ ਹੈ। ਬਹੁਤੇ ਟੀ. ਵੀ. ਚੈਨਲ ਆਪਣੇ ਵਪਾਰਕ ਹਿੱਤਾਂ ਖਾਤਰ ਅਜਿਹੇ ਨੰਗੇਜ਼ ਭਰਪੂਰ ਤੇ ਅਸ਼ਲੀਲ ਪ੍ਰੋਗਰਾਮ ਫ਼ਿਲਮਾਂ, ਲੜੀਵਾਰ ਅਤੇ ਇਸ਼ਤਿਹਾਰਬਾਜ਼ੀ ਪ੍ਰਸਾਰਿਤ ਰਿਹਾ ਹੈ, ਜਿਸ ਨੂੰ ਸਾਰਾ ਪਰਿਵਾਰ ਇਕੱਠਾ ਬੈਠ ਕੇ ਨਹੀਂ ਵੇਖ ਸਕਦਾ। ਹੁਣ ਤਾਂ ਟੀ. ਵੀ. ਲੜੀਵਾਰਾਂ ਵਿਚ ਵੀ ਅਸ਼ਲੀਲਤਾ ਤੇ ਰਿਸ਼ਤਿਆਂ ਵਿਚਲੀ ਅਨੈਤਿਕਤਾ ਨੂੰ ਉਭਾਰ ਕੇ ਸਮਾਜਿਕ ਤੇ ਪਰਿਵਾਰਕ ਰਿਸ਼ਤਿਆਂ ਵਿਚਲੇ ਵਿਸ਼ਵਾਸ ਤੇ ਸੱਚਾਈ ਨੂੰ ਖੇਰੂੰ-ਖੇਰੂੰ ਕੀਤਾ ਜਾ ਰਿਹਾ ਹੈ। ਬੇਸ਼ੱਕ ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਵੱਲੋਂ ਟੀ. ਵੀ. ਚੈਨਲਾਂ ਨੂੰ ਜ਼ਾਬਤੇ ਹੇਠ ਰੱਖਣ ਲਈ ਕੇਬਲ ਟੈਲੀਵਿਜ਼ਨ ਨੈਟਵਰਕ ਕਾਨੂੰਨ 1994 ਲਾਗੂ ਕੀਤਾ ਗਿਆ ਸੀ, ਪਰ ਫੈਸ਼ਨ ਟੀ. ਵੀ. ਚੈਨਲ ਦੇ ਬੇਰੋਕ-ਟੋਕ ਪ੍ਰਸਾਰਨ ਸਮੇਤ ਦੂਜੇ ਹੋਰ ਟੀ. ਵੀ. ਚੈਨਲਾਂ ਉਤੇ ਚਲਦੇ ਰਿਐਲਟੀ ਸ਼ੋਅ (ਦਰਅਸਲ ਬਣਾਉਟੀ) ਅਤੇ ਫੈਸ਼ਨ ਸ਼ੋਅ ਨੰਗੇਜ਼ਵਾਦ ਤੇ ਲਚਰਤਾ ਦੀਆਂ ਸਭ ਹੱਦਾਂ ਪਾਰ ਕਰਦੇ ਹੋਏ ਪ੍ਰਤਿਭਾ ਲੱਭਣ ਦੀ ਆੜ ਹੇਠ ਭਾਗ ਲੈਣ ਵਾਲੇ ਨੌਜਵਾਨ ਲੜਕੇ-ਲੜਕੀਆਂ ਅਤੇ ਦਰਸ਼ਕਾਂ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਕਰ ਰਹੇ ਹਨ, ਜਿਸ ਨੂੰ ਰੋਕਣ ਲਈ ਸਰਕਾਰ ਅਤੇ ਸੰਬੰਧਿਤ ਮੰਤਰਾਲੇ ਵੱਲੋਂ ਕੋਈ ਸਖ਼ਤ ਕਦਮ ਨਹੀਂ ਉਠਾਏ ਜਾ ਰਹੇ। ਅਸਲ ਹਕੀਕਤ ਇਹ ਹੈ ਕਿ ਬਿਜਲਈ ਮੀਡੀਏ ਅਤੇ ਪ੍ਰਿੰਟ ਮੀਡੀਏ ਦਾ ਇਕ ਵੱਡਾ ਹਿੱਸਾ ਆਪਣੇ ਵਪਾਰਕ ਹਿੱਤਾਂ ਦੀ ਪੂਰਤੀ ਲਈ ਪੱਛਮੀ ਸੱਭਿਆਚਾਰ ਨੂੰ ਘਰ-ਘਰ ਵਿਚ ਪਹੁੰਚਾ ਕੇ ਦੇਸ਼ ਨੂੰ ਸਮਾਜਿਕ, ਸੱਭਿਆਚਾਰਕ, ਆਰਥਿਕ ਤੇ ਜਥੇਬੰਦਕ ਤੌਰ 'ਤੇ ਕਮਜ਼ੋਰ ਕਰ ਰਿਹਾ ਹੈ।

ਮੇਰੇ ਪਿੰਡ ਦੇ ਉਦਾਸ ਲੋਕ

ਸਮਾਜਿਕ ਰਿਸ਼ਤਿਆਂ ਵਿੱਚ ਆਈ ਤਰੇੜ ਨਾਲ ਮਾਨਸਿਕ ਉਲਝਣਾਂ ਦੀਆਂ ਤੰਦਾਂ ਉਲਝ ਕੇ ਹੀ ਰਹਿ ਗਈਆਂ ਹਨ। ਚੱਲੀ ਤੱਤੀ ਵਾਅ ਦੇ ਸੇਕ ਨਾਲ ਸੜ ਰਹੇ ਲੋਕ ਕੁਰੀਤੀਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਹਾਲਤ 'ਚ ਲੋਕ ਨਾ ਤਾਂ ਸੁਖੀ ਰਹਿ ਸਕਦੇ ਹਨ ਤੇ ਨਾ ਹੀ ਅਜੇ ਚੇਤੰਨ ਹੋਣ ਦੀ ਸਮਰੱਥਾ ਰੱਖਦੇ ਹਨ। ਇਹ ਸਭ ਅਲਾਮਤਾਂ ਮੇਰੇ ਪਿੰਡ ਦੇ ਪਿੰਡੇ ਨੂੰ ਜ਼ਖ਼ਮੀ ਕਰ ਰਹੀਆਂ ਹਨ।



ਆਮ ਪਿੰਡਾਂ ਵਾਂਗ ਮੇਰੇ ਪਿੰਡ ਪੂਹਲੀ ਦੇ ਵੀ ਕੁਝ ਲੋਕ ਉਦਾਸ ਹਨ। ਇਸ ਪਦਾਰਥਵਾਦੀ ਯੁੱਗ ਵਿੱਚ ਲੱਗੀ ਹਰ ਖੇਤਰ ਵਿੱਚ ਬੇਤਹਾਸ਼ਾ ਦੌੜ ਨਾਲ ਹੋ ਰਹੀ ਤਬਦੀਲੀ ਨੇ ਲੋਕਾਂ ਨੂੰ ਆਪਾ-ਧਾਪੀ ਵਿੱਚ ਪਾ ਦਿੱਤਾ ਹੈ। ਯੁੱਗ ਦੇ ਪਲਟਣ ਨਾਲ ਪੁਰਾਣਾ ਸਭ ਕੁਝ ਉਥਲ-ਪੁਥਲ ਹੋ ਰਿਹਾ ਹੈ। ਸਮਾਜਿਕ ਰਿਸ਼ਤਿਆਂ ਵਿੱਚ ਆਈ ਤਰੇੜ ਨਾਲ ਮਾਨਸਿਕ ਉਲਝਣਾਂ ਦੀਆਂ ਤੰਦਾਂ ਉਲਝ ਕੇ ਹੀ ਰਹਿ ਗਈਆਂ ਹਨ। ਚੱਲੀ ਤੱਤੀ ਵਾਅ ਦੇ ਸੇਕ ਨਾਲ ਸੜ ਰਹੇ ਲੋਕ ਕੁਰੀਤੀਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਹਾਲਤ ਵਿੱਚ ਲੋਕ ਨਾ ਤਾਂ ਸੁਖੀ ਰਹਿ ਸਕਦੇ ਹਨ ਤੇ ਨਾ ਹੀ ਅਜੇ ਚੇਤੰਨ ਹੋਣ ਦੀ ਸਮਰੱਥਾ ਰੱਖਦੇ ਹਨ। ਇਹ ਸਭ ਅਲਾਮਤਾਂ ਮੇਰੇ ਪਿੰਡ ਦੇ ਪਿੰਡੇ ਨੂੰ ਜ਼ਖ਼ਮੀ ਕਰ ਰਹੀਆਂ ਹਨ। ਇਸੇ ਹੀ ਤਰਜ਼ ਵਿੱਚ ਇੱਕ ਦਿਨ ਮੈਂ ਸਾਡੀ ਗਲੀ ਵਿੱਚੋਂ ਲੱਗਦੀ ਮੇਰੀ ਚਾਚੀ ਚਰਨੋਂ ਨੂੰ ਪੁੱਛ ਬੈਠਾ "ਚਾਚੀ ਜੀ, ਤੁਸੀਂ ਤੱਕੜੇ ਰਹਿੰਨੇ ਓ।" ਮੇਰੇ ਪੁੱਛਣ ਦੀ ਦੇਰ ਹੀ ਸੀ ਕਿ ਉਹ ਮੱਥੇ ਉੱਤੇ ਹੱਥ ਰੱਖ ਕੇ ਮੇਰੇ ਵੱਲ ਝਾਕਦੀ ਆਪਣੇ ਦੁੱਖੜੇ ਫਰੋਲਣ ਲੱਗੀ, "ਵੇ ਭਾਈ, ਕਾਹਦੇ ਤਕੜੇ ਆਂ। ਔਹ ਤੇਰਾ ਚਾਚਾ ਜੈ ਵੱਢੜੇ ਨਸ਼ੇ ਨੇ ਐਨਾ ਘੋਰੀ ਬਣਾਤਾ ਕਿ ਖੇਤ-ਬੰਨੇ ਦਾ ਉਹ ਖਹਿੜਾ ਈ ਛੱਡ ਗਿਐ। ਬਸ ਭੁੱਕੜ ਦਾ ਰੱਜਿਆ ਘਰੇ ਈ ਕੂੰਡੇ-ਬੱਠਲੀਆਂ ਵਿੱਚ ਹੱਥ-ਪੈਰ ਮਾਰਦਾ ਰਹਿੰਦੈ। ਮੈਨੂੰ ਤਾਂ ਉਦੋਂ ਬਲਾਈਂ ਬੁਰਾ ਲਗਦੈ ਜਦੋਂ ਭਾਈ ਉਹ ਪਟਿਆਲੇ ਤੋਂ ਲੈ ਕੇ ਦਿੱਲੀ-ਦੱਖਣ ਦੀਆਂ ਗੱਲਾਂ ਕਰਦਾ ਸਾਹ ਨੀਂ ਲੈਂਦਾ। ਔਹ ਫ਼ਸਲ ਏਸ ਨੂੰ ਖੇਤ 'ਚ ਡੀਕਦੀ ਰਹਿੰਦੀ ਐ। ਖੇਤੀ ਵੀ ਭਾਈ ਮੁੰਡਿਆ, ਖਸਮਾਂ ਸੇਤੀ ਹੁੰਦੀ ਐ।"

ਐਨੀ ਗੱਲ ਕਰਦੀ ਚਾਚੀ ਨੇ ਨੇੜੇ ਹੁੰਦੇ ਹੌਲੀ ਆਵਾਜ਼ ਵਿਚ ਦੱਸਿਆ, "ਤੇ ਔਹ ਸਾਡਾ ਕੀਤਾ, ਬਾਰ੍ਹਾਂ ਜਮਾਤਾਂ ਕੀ ਪੜ੍ਹ ਗਿਐ, ਉਹ ਮੋਟਰਸਾਈਕਲ ਤੋਂ ਪੈਰ ਥੱਲੇ ਨ੍ਹੀਂ ਲਾਉਂਦਾ। ਸੌ-ਸੌ ਦੇ ਦੋ ਲੀਲੇ ਲੀਲੇ ਨੋਟ ਲੈ ਜਾਂਦੈ ਰੋਜ਼ ਈ। ਔਹ ਪਿਛਲੇ ਸਾਲ ਨੰਬਰਦਾਰਾਂ ਨੂੰ ਕਿੱਲੇ ਜ਼ਮੀਨ 'ਤੇ ਗੂੰਠਾ ਲਾਇਆ ਸੀ ਉਹਦੇ ਪਿਓ ਨੇ। ਬਸ ਭੋਰ-ਭੋਰ ਕੇ ਖਾਈ ਜਾਂਦੇ, ਐ ਦੋਵੇਂ ਪਿਓ-ਪੁੱਤ। ਮੈਂ ਤਾਂ ਐਂਈ ਝੁਰੀ ਜਾਨੀ ਆਂ, ਬਈ ਸਾਡੇ ਘਰ ਦਾ ਕੀ ਬਣੂ।" ਐਡੀ ਰਾਮ ਕਹਾਣੀ ਸੁਣਾਉਂਦੀ ਚਾਚੀ ਉਦਾਸ ਹੋ ਗਈ ਸੀ। ਮੈਂ ਚਾਚੀ ਨੂੰ ਦਿਲਾਸਾ ਦਿੰਦੇ ਕਿਹਾ, "ਤੂੰ 'ਕੱਲੀ ਨ੍ਹੀਂ ਔਖੀ। ਔਹ ਆਪਣੇ ਪਿੰਡ 'ਚੋਂ ਚਾਚੀ ਤੂੰ ਉਹ ਘਰ ਦੱਸ। ਜੀਹਦਾ ਪਿਓ ਜਾਂ ਮੁੰਡਾ ਸ਼ਰਾਬ ਜਾਂ ਭੁੱਕੜ ਨ੍ਹੀਂ ਲੈਂਦਾ। ਏਸ ਨਾਮੁਰਾਦ ਬਿਮਾਰੀ ਤੋਂ ਤਾਂ ਕੋਈ ਟਾਵਾਂ ਘਰ ਹੀ ਬਚਿਆ ਹੋਊ ਸਾਰੇ ਪਿੰਡ 'ਚੋਂ।"

ਐਨੀ ਗੱਲ ਕਰਕੇ ਮੈਨੂੰ ਤੁਰਨ ਹੀ ਲੱਗਿਆ ਸੀ। ਹੁਣ ਚਾਚੀ ਨੇ ਫ਼ਿਕਰ ਕਰਦੀ ਨੇ ਪੁੱਛਿਆ, "ਨਾ ਪੁੱਤੇ ਫੇਰ ਆਹ ਆਪਣੇ ਲੋਕਾਂ ਦਾ ਕੀ ਬਣੂੰ। ਭੁੱਕੜ ਖਾ-ਖਾ ਕੇ ਕੱਲ੍ਹ ਦੇ ਜੁਆਕਾਂ ਦੇ ਬੂਥੜ ਸੁੱਕੇ ਪਏ ਐ। ਕੰਮ ਕਰਕੇ ਕੋਈ ਰਾਜ਼ੀ ਨ੍ਹੀਂ। ਫੇਰ ਏਹ ਤਾਂ ਸਾਡੇ ਆਂਗੂੰ ਜ਼ਮੀਨਾਂ ਈ ਵੇਚਣਗੇ।"

ਚਾਚੀ ਦੀ ਇਸ ਪੁੱਛੀ ਗੱਲ ਦੇ ਜਵਾਬ ਮੂਹਰੇ ਮੈਂ ਲਾਜਵਾਬ ਸੀ।

ਐਨੀ ਗੱਲ ਸੁਣਦਾ ਮੈਂ ਉਥੋਂ ਤੁਰ ਪਿਆ। ਹੁਣ ਚਾਚੀ ਮੂੰਹ ਵਿਚ ਬੁੜ-ਬੁੜ ਕਰਦੀ ਜਾ ਰਹੀ ਸੀ।

ਐਂ ਈਂ ਮੈਂ ਪਰਸੋਂ ਤਾਏ ਰੁਲੀਏ ਦਾ ਹਾਲ-ਚਾਲ ਪੁੱਛ ਬੈਠਾ ਸੀ। ਮੇਰੇ ਪੁੱਛਦੇ ਹੀ ਉਸ ਨੇ ਆਪਣੇ ਚਾਰੇ ਮੁੰਡਿਆਂ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤਆਂ ਸਨ। ਉਹ ਮੇਰੇ ਕੋਲ ਆਪਣੇ ਮਨ ਦੀ ਭੜਾਸ ਕੱਢਣ ਲੱਗਿਆ। ਆਹ ਦੇਖ ਪਾੜ੍ਹਿਆ, ਚਾਰ ਪੁੱਤਾਂ ਦਾ ਮੈਂ ਪਿਉ ਆਂ। ਜਦੋਂ ਏਹ ਜੰਮੇ ਸੀ ਤਾਂ ਮੈਂ ਹਿੱਕ ਕੱਢ ਕੇ ਤੁਰਦਾ ਹੁੰਦਾ ਸੀ। ਪਿੰਡ ਵਿਚੋਂ ਮੇਰਾ ਕੋਈ ਸਾਨੀ ਨ੍ਹੀਂ ਸੀ। ਆਹ ਹੁਣ ਤੂੰ ਮੇਰੇ ਆਹ ਲੀੜੇ ਪਾਏ ਦੇਖ! ਏਨਾ ਨੂੰ ਧੋਤਿਆਂ ਨੂੰ ਪੂਰੇ ਪੰਦਰਾਂ ਦਿਨ ਹੋਗੇ। ਆਹ ਦੁੱਪੜ ਬਣੇ ਪਏ ਐ ਏਹੇ। ਮੇਰੇ ਕਿਸੇ ਪੁੱਤ ਜਾਂ ਨੂੰਹ ਨੇ ਮੈਨੂੰ ਐਂ ਨੀਂ ਕਿਹਾ ਕਿ ਬਾਪੂ ਤੇਰੇ ਕੱਪੜੇ ਧੋ ਦੀਏ।"

ਐਨੀ ਗੱਲ ਕਰਦੇ ਤਾਏ ਰੁਲੀਏ ਨੇ ਮੋਟੇ-ਸ਼ੀਸ਼ੇ ਵਾਲੀ ਐਨਕ ਸੱਜੇ ਹੱਥ ਨਾਲ ਸਾਫ਼ ਕਰਨ ਦੇ ਬਹਾਨੇ ਆਪਣੀਆਂ ਅੱਖਾਂ ਪੂੰਝ ਲਈਆਂ ਸਨ। ਉਹ ਆਪਣੀਆਂ ਅੱਖਾਂ ਦੇ ਭਰਵੱਟੇ ਜਿਹੇ ਹਿਲਾਉਂਦਾ ਹੋਰ ਦੱਸਣ ਲੱਗਿਆ, "ਹਾਂ, ਤੈਨੂੰ ਤਾਂ ਸ਼ੇਰਾ ਪਤਾ ਈ ਹੋਣੈਂ ਕਿ ਚਾਰੇ ਮੁੰਡੇ ਮੈਨੂੰ ਮੀਨ੍ਹਾ-ਮੀਨ੍ਹਾ ਰੋਟੀ ਦਿੰਦੇ ਐ। ਜੇ ਕਿਸੇ ਘਰੇ ਰੋਟੀ ਖਾਂਦੇ ਨੂੰ ਮੀਨ੍ਹੇ ਤੋਂ ਦੋ ਦਿਨ ਵੀ ਉਤੇ ਦੀ ਹੋ ਜਾਣ ਤਾਂ ਉਹ ਨੂੰਹ ਕਹੂ ਬਾਪੂ ਤੈਨੂੰ ਤਾਂ ਸਾਡੇ ਕੰਨੀ ਰੋਟੀ ਖਾਂਦੇ ਨੂੰ ਮੀਨ੍ਹੇ ਤੋਂ ਦੋ ਟੱਪਗੇ ਐ। ਹੁਣ ਤੂੰ ਮਲਕੀਤੇ ਕਿਆਂ ਕੰਨੀ ਚਲਾ ਜਾਹ। ਪਾੜ੍ਹਿਆ, ਕਈ ਆਰੀ ਐ ਚਿੱਤ ਕਰਦੈ ਕਿ ਕੋਈ ਖੂਹ-ਖਾਤਾ ਗੰਦਾ ਕਰਦਿਆਂ। ਫੇਰ ਸੋਚੀਦੈ ਬੀ ਸਾਲੇ ਫੇਰ ਵੀ ਆਪਣੇ ਮੁੰਡੇ ਐ। ਕਾਹਨੂੰ ਏਨ੍ਹਾ ਨੂੰ ਹੁਣ ਮੂੰਹ-ਕਾਲਸ ਦਿਵਾਉਣੀ ਐਂ। ਏਹ ਤਾਂ ਕਲਯੁੱਗ ਐ ਭਾਈ। ਏਥੇ ਬੁੜ੍ਹਿਆਂ ਨੂੰ ਟੁੱਕ ਦੀ ਬੁਰਕੀ ਪਿੱਛੇ ਔਲਾਦ ਤੇ ਬਾਹਲਾ ਕੁਝ ਕਹਾਉਣਾ ਪੈਂਦੈ।" ਐਨੀਆਂ ਗੱਲਾਂ ਕਰਦਾ ਤਾਇਆ ਰੁਲੀਆ ਉਦਾਸ ਹਾਓਕਾ ਭਰਦਾ ਅੱਗੇ ਤੁਰ ਗਿਆ। ਮੈਂ ਤਾਏ ਦੀਆਂ ਗੱਲਾਂ ਬਾਰੇ ਸੋਚਦਾ ਜਾ ਰਿਹਾ ਸੀ ਕਿ ਸੱਥ ਵਿੱਚ ਖੜ੍ਹੇ ਬੰਦਿਆਂ ਵਿੱਚੋਂ ਮੈਨੂੰ ਨਰ ਸਿਓਂ ਨੇ ਪੁੱਛਿਆ, "ਕਿਮੇਂ ਐਂ ਪਾੜ੍ਹਿਆ ਜਮਾਂ ਈ ਨੀਵੀਂ ਜੀ ਪਾਈ ਕੀ ਸੋਚਦਾ ਜਾਨੈ ਤੂੰ।" ਮੈਂ ਉਨ੍ਹਾਂ ਕੋਲ ਖੜ੍ਹ ਗਿਆ। ਮੈਂ ਤਾਏ ਰੁਲੀਏ ਦੀ ਸੁਣੀ ਵਿੱਥਿਆ ਉਨ੍ਹਾਂ ਨੂੰ ਸੁਣਾਈ। ਕੋਲ ਖੜ੍ਹੇ ਬੰਦਿਆਂ ਵਿੱਚੋਂ ਬਖ਼ਸ਼ੀਸ਼ ਬੋਲਿਆ, "ਜਣੀਂ ਦੀ, ਜਦੋਂ ਦੀ ਰੁਲੀਏ ਦੇ ਘਰੋਂ ਗੁਜ਼ਰੀ ਐ, ਉਦੋਂ ਤੋਂ ਰੁਲੀਆ ਬਸ ਰੁਲ ਕੇ ਈ ਰਹਿ ਗਿਐ ਵਿਚਾਰਾ। ਸਹੁਰੇ ਮੁੰਡਿਆ ਨੇ ਤਾਂ ਜਿਮੇਂ ਉਸ ਨੂੰ ਭੁਲਾ ਈ ਦਿੱਤੈ।"

ਹਰਬੰਸ ਨੇ ਕਿਹਾ, "ਬਾਈ, ਭਾਵੇਂ ਮੁੰਡੇ ਕਿੰਨੇ ਈ ਚੰਗੇ ਹੋਣ ਜਦੋਂ ਆਹ ਨਾਲ ਦਾ ਜੀਵਨ-ਸਾਥੀ 'ਤੁਰਜੇ' ਨਾ ਫੇਰ ਤਾਂ ਬੰਦਾ ਓਦਰ ਈ ਜਾਂਦੈ।"

ਬਖ਼ਸ਼ੀਸ਼ ਨੇ ਮਨ ਵਿੱਚ ਪੀੜ ਜਿਹੀ ਮਹਿਸੂਸ ਕਰਦੇ ਦੱਸਿਆ, "ਗੱਲ ਤਾਂ ਤੇਰੀ ਏ ਚਾਲੀ-ਸੇਰੀ ਐ ਬੰਸਿਆ। ਆਹ ਮੇਰੇ ਅੱਲ ਦੇਖ ਲੈ, ਨਾਲੇ ਮੈਂ ਉਮਰ ਭੋਗੀ ਬੈਠਾਂ ਹੁਣ ਅੱਸੀਆਂ ਵਰ੍ਹਿਆਂ ਤੋਂ ਟੱਪ ਚੱਲਿਆਂ। ਆਹ ਜਿੰਦਣ ਦੀ ਮੁੰਡਿਆਂ ਦੀ ਮਾਂ ਮਰੀ ਐ ਨਾ, ਸਾਲਾ ਮਨ ਈ ਕਦੇ ਖੁਸ਼ ਨੀਂ ਰਿਹਾ। ਡਮਾਰਾ ਉਧਰੇ ਈ ਲੱਗਿਆ ਰਹਿੰਦੈ। ਨਾਲੇ ਮੇਰੇ ਮੁੰਡੇ ਮੈਨੂੰ ਹੱਥੀਂ ਛਾਵਾਂ ਕਰਦੇ ਐ। 'ਕੱਲਤਾ ਤਾਂ ਬੰਦੇ ਨੂੰ ਘੁਣ ਆਗੂੰ ਖਾ ਜਾਂਦੀ ਐ। ਰਾਤ ਨੂੰ 'ਕੱਲੇ ਪਏ ਹੋਰ ਈ ਸੋਚਾਂ ਸੋਚੀ ਜਾਨੇ ਆਂ। 'ਕੱਲੇ ਬੰਦੇ ਤੋਂ ਤਾਂ ਕੰਧਾਂ ਵੀ ਮੁੱਖ ਮੋੜ ਲੈਂਦੀਐਂ।"

ਕ੍ਰਿਪਾਲ ਨੇ ਹੱਸਦੇ ਹੋਏ ਕਿਹਾ, "ਓਏ ਬਾਈ, ਤੂੰ ਤਾਂ ਮੇਰਾ ਵੀ ਦਿਲ ਡੇਗੀ ਜਾਨੈ। ਆਹ ਮੈਂ ਉਦੋਂ ਮਸਾਂ ਪੰਜਾਹਾਂ ਦਾ ਸੀ ਜਦੋਂ ਮੇਰੇ ਘਰ ਆਲੀ ਦੁਨੀਆਂ ਤੋਂ ਕੂਚ ਕਰਗੀ ਸੀ। ਮੈਂ ਤਾਂ ਓਦਣ ਦਾ ਮਨ ਈ ਕਰੜਾ ਕਰ ਲਿਐ। ਜਦੋਂ ਰੱਬ ਨੇ ਈ 'ਕੱਲੇ ਰੱਖਤੇ ਤਾਂ ਰਹਿਣਾ ਪਊ। ਸੋਚਾਂ-ਸੋਚੀ ਜਾਂਦੇ ਦਾ ਮਨ ਤਾਂ ਕਈ ਆਰੀ ਘਾਊਂ-ਮਾਊਂ ਹੋ ਜਾਂਦੈ ਪਰ ਫੇਰ ਹੌਸਲਾ ਕਰ ਲਈਦੈ ਮਨ ਹੋਰ ਈ ਪਾਸੇ ਲਾਈਦੈ।

ਤਾਰ ਨੇ ਹੌਕਾ ਲੈ ਕੇ ਕਿਹਾ, "ਭਾਵੇਂ ਤੀਮੀਂ ਹੋਵੇ ਚਾਹੇ ਬੰਦਾ। ਜਦੋਂ ਏਨ੍ਹਾਂ ਵਿੱਚੋਂ ਇੱਕ 'ਤੁਰਜੇ' ਤਾਂ ਫੇਰ ਦੂਜੇ ਨੂੰ ਦਿਨ-ਕਟੀ ਕਰਨੀ ਐਸ ਉਮਰ ਵਿੱਚ ਔਖੀ ਹੋ ਜਾਂਦੀ ਐ। ਬਖ਼ਸ਼ੀਸ਼ ਨੇ ਕਿਹਾ, "ਨਹੀਂ ਤਾਰ! ਮਨ ਨਾਲ ਉਮਰਾਂ ਦਾ ਕੋਈ ਸਬੰਧ ਨ੍ਹੀਂ ਹੁੰਦਾ। ਏਹ ਤਾਂ ਮਰਦੇ ਦਮ ਤਕ ਜੋੜੀ ਬਣੀ ਰਹੇ ਤਾਂ ਹੀ ਚੈਨ ਆਉਂਦੈ ਦੋ ਜੀਆਂ ਨੂੰ। ਹਰਬੰਸ ਨੇ ਦੱਸਿਆ ਕਿ ਮੌਤ ਵੀ ਤਾਂ ਬੰਦੇ ਨੇ ਆਪ ਈ ਸਹੇੜੀ ਐਂ। ਆਹ ਜਿੰਨੇ ਆਪਣੇ ਪਿੰਡ ਵਿਚ ਮਰੇ ਐ ਬੁੜ੍ਹਾ ਹੋ ਕੇ ਤਾਂ ਕੋਈ ਹੀ ਮਰਿਆ ਹੋਊ। ਨਹੀਂ ਤਾਂ ਕੋਈ ਦੁਰਘਟਨਾ ਨਾਲ, ਕੋਈ ਮਾੜੀ ਔਲਾਦ ਦਾ ਸਤਾਇਆ, ਕੋਈ ਕਰਜ਼ਈ ਹੋ ਕੇ ਫਾਹਾ ਲੈ ਕੇ ਮਰ ਜਾਂਦੈ। ਕੋਈ ਏਥੇ ਲਾਲਚ ਵਿਚ ਤਰੱਕੀ ਕਰਦਾ ਮਾਨਸਿਕ-ਸੰਤੁਲਨ ਹੀ ਖੋਹ ਬੈਠਦੈ। ਆਹ ਨਸ਼ਿਆਂ ਨਾਲ ਤਾਂ ਆਪਣੇ ਪਿੰਡ 'ਚੋਂ ਜਵਾਨ ਮੁੰਡੇ ਬਾਹਲੇ ਈ ਮਰੇ ਐ।" ਹੁਣ ਉਥੇ ਖੜ੍ਹੇ ਬੰਦੇ ਆਪਸ ਵਿੱਚ ਬਿਗਾਨੀਆਂ ਜਿਹੀਆਂ ਨਜ਼ਰਾਂ ਨਾਲ ਨਜ਼ਰਾਂ ਮਿਲਾਉਂਦੇ ਉਦਾਸ ਤੇ ਚੁੱਪ ਸਨ।

-ਬੰਤ ਸਿੰਘ ਚੱਠਾ





ਪੌੜੀਆਂ 'ਚੋਂ ਪਿਆਨੋ ਦੀ ਆਵਾਜ਼

ਰੇਂਸ (ਫਰਾਂਸ) 'ਚ ਇਕ ਸਬਵੇਅ ਦੀਆਂ ਪੌੜੀਆਂ ਵਰਗੇ ਸੰਤਰ 'ਤੇ ਤੁਰਦੇ ਲੋਕ, ਜੋ ਅਸਲ ਵਿਚ ਇਕ ਸੰਗੀਤਮਈ ਕੀ-ਬੋਰਡ ਹੈ। ਇਸ ਦੀ ਹਰੇਕ ਕੀ 'ਤੇ ਪੈਰ ਪੈਣ 'ਤੇ ਵੱਖ ਵੱਖ ਤਰ੍ਹਾਂ ਦਾ ਸੰਗੀਤ ਨਿਕਲਦਾ ਹੈ ਜੋ ਹੌਲੀ ਹੌਲੀ ਰਾਗ ਵਿਚ ਬਦਲ ਜਾਂਦਾ ਹੈ।

ਪੰਜਾਬ 'ਚ ਕੈਂਸਰ ਦਾ ਕਹਿਰ-ਹੋਰ ਕਿੰਨੀਆਂ ਜਾਨਾਂ ਜਾਣਗੀਆਂ?

ਪੰਜਾਬ ਵਿੱਚ ਕੈਂਸਰ ਦੇ ਮਰੀਜ਼ਾਂ ਸਬੰਧੀ ਕੀਤੇ ਗਏ ਸਰਵੇਖਣ ਦੇ ਅੰਕੜੇ ਪ੍ਰੇਸ਼ਾਨ ਕਰਨ ਵਾਲੇ ਹਨ। ਸਿਹਤ ਵਿਭਾਗ ਵੱਲੋਂ ਪਿਛਲੇ ਮਹੀਨੇ ਘਰ-ਘਰ ਜਾ ਕੇ ਕੈਂਸਰ ਪੀੜਤਾਂ ਸੰਬੰਧੀ ਜਾਣਕਾਰੀ ਇਕੱਠੀ ਕਰਨ ਲਈ ਸ਼ੁਰੂ ਕੀਤੀ ਗਈ ਮੁਹਿੰਮ ਦੀ ਰਿਪੋਰਟ ਅਨੁਸਾਰ ਸੂਬੇ ਵਿੱਚ ਹਰ ਰੋਜ਼ ਕੈਂਸਰ ਨਾਲ 18 ਵਿਅਕਤੀਆਂ ਦੀ ਮੌਤ ਹੋ ਜਾਂਦੀ ਹੈ। ਪੰਜਾਬ ਵਿੱਚ ਕੈਂਸਰ ਪੀੜਤਾਂ ਦੀ ਗਿਣਤੀ ਵੀ ਕੌਮੀ ਔਸਤ ਨਾਲੋਂ ਵੱਧ ਹੈ। ਅੰਕੜਿਆਂ ਅਨੁਸਾਰ ਕੌਮੀ ਪੱਧਰ 'ਤੇ ਇੱਕ ਲੱਖ ਦੀ ਅਬਾਦੀ ਪਿੱਛੇ 80 ਵਿਅਕਤੀਆਂ ਦੀ ਮੌਤ ਕੈਂਸਰ ਨਾਲ ਹੋ ਰਹੀ ਹੈ ਜਦੋਂ ਕਿ ਪੰਜਾਬ ਵਿੱਚ ਇਹ ਗਿਣਤੀ 90 ਹੈ। ਇਸੇ ਤਰ੍ਹਾਂ ਕੌਮੀ ਪੱਧਰ 'ਤੇ ਇੱਕ ਲੱਖ ਦੀ ਅਬਾਦੀ ਮਗਰ 211 ਵਿਅਕਤੀ ਕੈਂਸਰ ਦੀ ਬੀਮਾਰੀ ਨਾਲ ਪੀੜਤ ਹਨ ਜਦੋਂ ਕਿ ਪੰਜਾਬ ਵਿੱਚ ਇਹ ਦਰ 215.9 ਮਰੀਜ਼ ਪ੍ਰਤੀ ਲੱਖ ਦਰਜ ਕੀਤੀ ਗਈ ਹੈ। ਸੂਬੇ ਦੇ ਮਾਲਵਾ ਖੇਤਰ ਵਿੱਚ ਤਾਂ ਸਥਿਤੀ ਹੋਰ ਵੀ ਬਦਤਰ ਹੈ ਜਿੱਥੇ ਇਹ ਗਿਣਤੀ 250.8 ਹੈ। ਰਿਪੋਰਟ ਅਨੁਸਾਰ ਕੈਂਸਰ ਦਾ ਪ੍ਰਕੋਪ ਹੁਣ ਇਕੱਲੇ ਮਾਲਵਾ ਖੇਤਰ ਵਿੱਚ ਨਹੀਂ ਸਗੋਂ ਪੂਰੇ ਪੰਜਾਬ ਵਿੱਚ ਇਸ ਨੇ ਪੈਰ ਪਸਾਰ ਲਏ ਹਨ। ਦੁਆਬਾ ਖੇਤਰ ਵਿੱਚ ਕੈਂਸਰ ਦੇ ਮਰੀਜ਼ਾਂ ਦੀ ਔਸਤ ਗਿਣਤੀ 224.5 ਪ੍ਰਤੀ ਲੱਖ ਹੈ ਜਦੋਂ ਕਿ ਮਾਝੇ ਵਿੱਚ ਇਹ ਦਰ 166 ਦੇ ਕਰੀਬ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਸੂਬੇ ਦੇ ਮੁੱਖ ਮੰਤਰੀ ਦੇ ਜੱਦੀ ਜ਼ਿਲ੍ਹੇ ਮੁਕਤਸਰ ਵਿੱਚ ਕੈਂਸਰ ਦੀ ਮਾਰ ਸਾਰੇ ਜ਼ਿਲ੍ਹਿਆਂ ਤੋਂ ਜ਼ਿਆਦਾ ਹੈ ਜਿੱਥੇ ਇੱਕ ਲੱਖ ਦੀ ਅਬਾਦੀ ਪਿੱਛੇ 136.3 ਮੌਤਾਂ ਹੋ ਚੁੱਕੀਆਂ ਹਨ ਅਤੇ ਪੂਰੇ ਸੂਬੇ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਕੈਂਸਰ ਕਾਰਨ 33,318 ਵਿਅਕਤੀ ਜਾਨ ਤੋਂ ਹੱਥ ਧੋ ਬੈਠੇ ਹਨ। ਕੈਂਸਰ ਦੀ ਮਹਾਂਮਾਰੀ ਨੂੰ ਹੋਰ ਵਧਣ-ਫੁੱਲਣ ਤੋਂ ਰੋਕਣ ਲਈ ਪੰਜਾਬ ਸਰਕਾਰ ਨੇ ਇਸ ਸੰਬੰਧੀ ਜਾਗਰੂਕਤਾ ਪੈਦਾ ਕਰਨ ਅਤੇ ਪੀੜਤ ਮਰੀਜ਼ਾਂ ਦੀ ਮੁਢਲੇ ਪੜਾਅ 'ਤੇ ਹੀ ਪਛਾਣ ਕਰਨ ਲਈ ਸਰਵੇਖਣ ਕਰਨ ਦਾ ਇਹ ਸ਼ਲਾਘਾਯੋਗ ਉਪਰਾਲਾ ਕੀਤਾ ਹੈ। ਨਾ ਕੇਵਲ ਭਾਰਤ ਬਲਕਿ ਸਮੁੱਚੇ ਵਿਸ਼ਵ ਵਿੱਚ ਇਹ ਇੱਕ ਵਿਲੱਖਣ ਅਤੇ ਨਿਵੇਕਲਾ ਸਰਵੇ ਕੀਤਾ ਗਿਆ ਹੈ ਜਿਸ ਵਿੱਚ ਕੈਂਸਰ ਪੀੜਤਾਂ ਦੇ ਅੰਕੜੇ ਇਕੱਤਰ ਕਰਨ ਤੋਂ ਇਲਾਵਾ ਇਸ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਨਾਲ-ਨਾਲ ਪ੍ਰਭਾਵਿਤ ਮਰੀਜ਼ਾਂ ਨੂੰ ਲੋੜੀਂਦੀ ਸਹਾਇਤਾ ਅਤੇ ਸਹੀ ਇਲਾਜ ਸਬੰਧੀ ਜਾਣਕਾਰੀ ਵੀ ਦਿੱਤੀ ਗਈ ਹੈ। ਇਸ ਮੁਹਿੰਮ ਅਧੀਨ ਸੂਬੇ ਦੇ 12,603 ਪਿੰਡਾਂ ਸਮੇਤ 217 ਸ਼ਹਿਰਾਂ ਅਤੇ ਕਸਬਿਆਂ ਦੇ 2 ਕਰੋੜ 64 ਲੱਖ 84 ਹਜ਼ਾਰ ਚਾਰ ਸੌ ਚੌਂਤੀ ਵਿਅਕਤੀਆਂ ਦੀ ਜਾਂਚ ਕੀਤੀ ਗਈ ਹੈ ਅਤੇ ਇਸ 'ਤੇ 1.7 ਕਰੋੜ ਰੁਪਏ ਖਰਚ ਹੋਏ ਹਨ। ਇਸ ਮੁਹਿੰਮ ਦੇ ਅਗਲੇ ਪੜਾਅ ਵਿੱਚ ਪੀ. ਜੀ. ਆਈ. ਚੰਡੀਗੜ੍ਹ ਦੀਆਂ ਟੀਮਾਂ ਦੁਆਰਾ ਸਰਵੇ ਤਹਿਤ ਪਛਾਣੇ ਗਏ 80,000 ਦੇ ਲਗਪਗ ਕੈਂਸਰ ਪੀੜਤਾਂ ਦੀ ਜਾਂਚ ਅਤੇ ਸਾਂਭ-ਸੰਭਾਲ ਕੀਤੀ ਜਾਵੇਗੀ। ਕੈਂਸਰ ਦੇ ਪ੍ਰਕੋਪ ਤੋਂ ਚਿੰਤਤ ਹੋਈ ਸੂਬਾ ਸਰਕਾਰ ਵੱਲੋਂ ਪਿਛਲੇ ਮਹੀਨੇ ਕਰਵਾਇਆ ਗਿਆ ਸਰਵੇਖਣ ਕਾਫ਼ੀ ਮਹੱਤਵਪੂਰਨ ਕਿਹਾ ਜਾ ਸਕਦਾ ਹੈ। ਇਸ ਨਾਲ ਕੈਂਸਰ ਪੀੜਤਾਂ ਬਾਰੇ ਠੋਸ ਜਾਣਕਾਰੀ ਪ੍ਰਾਪਤ ਹੋਣ ਦੇ ਨਾਲ-ਨਾਲ ਜਾਗਰੂਕਤਾ ਵੀ ਪੈਦਾ ਹੋਈ ਹੈ। ਸਰਕਾਰ ਵੱਲੋਂ ਕੈਂਸਰ ਪੀੜਤਾਂ ਦੀ ਰਾਹਤ ਲਈ ਵਿਸ਼ੇਸ਼ ਫੰਡ ਵੀ ਕਾਇਮ ਕੀਤਾ ਗਿਆ ਹੈ ਜਿਸ ਤਹਿਤ ਲੋੜਵੰਦਾਂ ਨੂੰ ਡੇਢ ਲੱਖ ਰੁਪਏ ਤਕ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬਠਿੰਡਾ ਅਤੇ ਮੁਹਾਲੀ ਵਿਖੇ ਨਿੱਜੀ ਭਾਈਵਾਲੀ ਨਾਲ ਕੈਂਸਰ ਹਸਪਤਾਲ ਵੀ ਖੋਲ੍ਹੇ ਗਏ ਹਨ। ਹਾਲ ਹੀ ਵਿੱਚ ਕੇਂਦਰ ਸਰਕਾਰ ਵੱਲੋਂ ਸੰਗਰੂਰ ਵਿਖੇ 300 ਬਿਸਤਰਿਆਂ ਵਾਲੇ 25 ਏਕੜ 'ਚ ਇੱਕ ਵਿਸ਼ੇਸ਼ ਕੈਂਸਰ ਹਸਪਤਾਲ ਬਣਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ ਜਿਸ 'ਤੇ ਇੱਕ ਹਜ਼ਾਰ ਕਰੋੜ ਰੁਪਏ ਖਰਚ ਹੋਣ ਦਾ ਅਨੁਮਾਨ ਹੈ। ਸਰਕਾਰਾਂ ਤੋਂ ਇਲਾਵਾ ਕਈ ਸਮਾਜ ਸੇਵੀ ਸੰਸਥਾਵਾਂ ਵੀ ਇਸ ਖੇਤਰ ਵਿੱਚ ਸ਼ਲਾਘਾਯੋਗ ਭੂਮਿਕਾ ਨਿਭਾਅ ਰਹੀਆਂ ਹਨ। ਲੰਡਨ ਸਥਿਤ ਇੱਕ ਸੰਸਥਾ ਵੱਲੋਂ ਵੀ ਸੂਬੇ ਵਿੱਚ ਇਸ ਬੀਮਾਰੀ ਦੀ ਅਗਾਊਂ ਜਾਂਚ ਲਈ ਕੈਂਪ ਲਗਾਉਣੇ ਸ਼ੁਰੂ ਕੀਤੇ ਗਏ ਹਨ। ਇਹ ਯਤਨ ਭਾਵੇਂ ਚੰਗਾ ਉੱਦਮ ਹਨ ਪਰ ਸੂਬੇ ਵਿੱਚ ਕੈਂਸਰ ਦੇ ਕਹਿਰ ਨੂੰ ਦੇਖਦਿਆਂ ਇਹ ਕਾਫ਼ੀ ਨਹੀਂ ਕਹੇ ਜਾ ਸਕਦੇ। ਪੀੜਤਾਂ ਨੂੰ ਆਰਥਿਕ ਮਦਦ ਤੋਂ ਇਲਾਵਾ ਇਸ ਬੀਮਾਰੀ ਦੀ ਮੁਢਲੇ ਪੜਾਅ ਵਿੱਚ ਹੀ ਰੋਕਥਾਮ ਲਈ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਲੋੜੀਂਦਾ ਬੁਨਿਆਦੀ ਢਾਂਚਾ ਉਸਾਰਨ ਦੀ ਜ਼ਰੂਰਤ ਹੈ। ਸੌੜੇ ਸਿਆਸੀ ਮੰਤਵਾਂ ਲਈ ਮਾਨਸਾ ਅਤੇ ਫ਼ਰੀਦਕੋਟ ਵਿਖੇ ਲਗਾਏ ਮੈਗਾ ਕੈਂਪਾਂ ਦੀ ਥਾਂ ਠੋਸ ਅਤੇ ਪ੍ਰਭਾਵਸ਼ਾਲੀ ਨੀਤੀ ਬਣਾਉਣ ਦੀ ਜ਼ਰੂਰਤ ਹੈ ਜਿਸ ਨਾਲ ਮਰੀਜ਼ਾਂ ਨੂੰ ਸਮੇਂ-ਸਮੇਂ ਲੋੜੀਂਦੀ ਰਾਹਤ ਮਿਲ ਸਕੇ। ਇਲਾਜ ਤੋਂ ਇਲਾਵਾ ਇਸ ਬੀਮਾਰੀ ਦੇ ਬੁਨਿਆਦੀ ਕਾਰਨਾਂ ਸੰਬੰਧੀ ਜਾਂਚ ਕਰ ਕੇ ਉਹ ਸਮੱਸਿਆਵਾਂ ਦੂਰ ਕਰਨ ਦੀ ਲੋੜ ਹੈ ਤਾਂ ਜੋ ਇਸ ਤੋਂ ਮੁੱਢ ਵਿੱਚ ਹੀ ਬਚਿਆ ਜਾ ਸਕੇ। ਸੂਬੇ ਦੇ ਲੋਕਾਂ ਨੂੰ ਪੀਣ ਲਈ ਸਾਫ਼ ਅਤੇ ਸ਼ੁੱਧ ਪਾਣੀ ਮੁਹੱਈਆ ਕਰਵਾਇਆ ਜਾਣਾ ਜ਼ਰੂਰੀ ਹੈ।

ਇਸ ਤੋਂ ਇਲਾਵਾ ਸ਼ਰਾਬ ਅਤੇ ਤੰਬਾਕੂ ਜਿਹੇ ਨਸ਼ਿਆਂ 'ਤੇ ਪਾਬੰਦੀ ਲਾਉਣ ਦੀ ਵੀ ਜ਼ਰੂਰਤ ਹੈ। ਪ੍ਰਦੂਸ਼ਣ ਨੂੰ ਰੋਕਣ ਲਈ ਕਾਰਗਰ ਯਤਨ ਕਰਨੇ ਲੋੜੀਂਦੇ ਹਨ। ਲੋਕਾਂ ਨੂੰ ਵੀ ਆਪਣੀ ਜੀਵਨ ਸ਼ੈਲੀ ਵਿੱਚ ਬਦਲਾਅ ਲਿਆਉਣ ਦੀ ਲੋੜ ਹੈ। ਚਰਬੀ ਵਾਲਾ ਭੋਜਨ ਅਤੇ ਕਸਰਤ ਦੀ ਘਾਟ ਕੈਂਸਰ ਦਾ ਕਾਰਨ ਬਣ ਸਕਦੇ ਹਨ। ਉਘੇ ਕੈਂਸਰ ਮਾਹਿਰਾਂ ਅਨੁਸਾਰ ਸਾਫ਼-ਸੁਥਰਾ ਭੋਜਨ ਅਤੇ ਸਹੀ ਵਕਤ 'ਤੇ ਇਲਾਜ ਨਾਲ ਕੈਂਸਰ ਦੇ ਕਹਿਰ ਤੋਂ ਬਚਿਆ ਜਾ ਸਕਦਾ ਹੈ। ਕੈਂਸਰ ਦੇ ਲਗਾਤਾਰ ਵਧ ਰਹੇ ਪ੍ਰਕੋਪ ਨੂੰ ਰੋਕਣ ਲਈ ਸਰਕਾਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਯਤਨ ਕੀਤੇ ਜਾਣ ਦੇ ਨਾਲ-ਨਾਲ ਲੋਕਾਂ ਨੂੰ ਇਸ ਪ੍ਰਤੀ ਜਾਗਰੂਕ ਕਰਨ ਦੀ ਵੀ ਜ਼ਰੂਰਤ ਹੈ। ਕੈਂਸਰ ਨਾਲ ਸਭ ਤੋਂ ਵੱਧ ਮੌਤਾਂ ਲੁਧਿਆਣਾ ਜ਼ਿਲ੍ਹੇ ਵਿੱਚ 3532 ਹਨ, ਉਸ ਤੋਂ ਬਾਅਦ ਕੈਂਸਰ ਨੇ ਜਲੰਧਰ ਦੇ 3041 ਤੇ ਅੰਮ੍ਰਿਤਸਰ ਵਿੱਚ 2481 ਲੋਕਾਂ ਨੂੰ ਨਿਗਲ ਲਿਆ ਹੈ। ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਸਭ ਤੋਂ ਘੱਟ 359 ਮੌਤਾਂ, ਉਸ ਤੋਂ ਬਾਅਦ ਨਵਾਂਸ਼ਹਿਰ ਵਿੱਚ 468 ਤੇ ਬਰਨਾਲਾ ਵਿੱਚ 638 ਮੌਤਾਂ ਦੱਸੀਆਂ ਗਈਆਂ ਹਨ।

ਪੰਜਾਬ ਸਰਕਾਰ ਵੱਲੋਂ ਕੈਂਸਰ ਪੀੜਤਾਂ ਦੀ ਮਦਦ ਲਈ ਇੱਕ ਸਕੀਮ ਤਹਿਤ ਡੇਢ ਲੱਖ ਰੁਪਏ ਦਿੱਤੇ ਜਾਣ ਲੱਗ ਪਏ ਹਨ। ਇਸ ਲਈ ਬਜਟ ਵਿੱਚ ਪੈਸੇ ਦਾ ਬਕਾਇਦਾ ਪ੍ਰਬੰਧ ਕੀਤਾ ਗਿਆ ਹੈ।

ਸੰਪਾਦਕੀ

ਭਾਰਤ ਵਿੱਚ ਅਤਿ ਦੀ ਗ਼ਰੀਬੀ ਵਿੱਚ ਆਈ ਵੱਡੀ ਗਿਰਾਵਟ

ਭਾਰਤ ਵਿੱਚ ਅਤਿ ਦੀ ਗ਼ਰੀਬੀ ਵਿੱਚ ਆਈ ਵੱਡੀ ਗਿਰਾਵਟ ਬਿਨਾਂ ਸ਼ੱਕ ਇੱਕ ਮੀਲ ਪੱਥਰ ਹੈ। ਵਿਸ਼ਵ ਬੈਂਕ ਦੇ ਅਕਤੂਬਰ 2026 ਦੇ 'ਗਰੀਬੀ ਅਤੇ ਇਕੁਇਟੀ ਬਰੀਫ' ਮੁਤਾਬਿਕ ਅਤਿ ਦੀ ਗ਼ਰੀਬੀ ਹੇਠ ਜੀਵਨ ਬਤੀਤ ਕਰ ਰਹੇ ਭਾਰਤੀਆਂ ਦਾ ਅਨੁਪਾਤ 2011 ਦੇ 27.1 ਫ਼ੀਸਦੀ ਤੋਂ ਘਟ ਕੇ 2023 ਵਿੱਚ ਮਹਿਜ਼ 2.6 ਫ਼ੀਸਦੀ ਰਹਿ ਗਿਆ ਹੈ। ਇਸ ਨਾਲ ਅੰਦਾਜ਼ਨ 49.6 ਕਰੋੜ ਲੋਕਾਂ ਨੂੰ ਗ਼ਰੀਬੀ ਰੇਖਾ ਤੋਂ ਬਾਹਰ ਕੱਢਿਆ ਗਿਆ ਹੈ। ਰਿਪੋਰਟ ਵਿੱਚ ਇਸ ਗੱਲ ਨੂੰ ਵੀ ਸਵੀਕਾਰ ਕੀਤਾ ਗਿਆ ਹੈ ਕਿ ਖਪਤ ਵਿੱਚ ਵਾਧਾ, ਰੁਜ਼ਗਾਰ ਦੇ ਮੌਕੇ ਵਧਣ (ਖ਼ਾਸ ਕਰਕੇ ਔਰਤਾਂ ਵਿੱਚ) ਅਤੇ ਅਨਾਜ ਸਬਸਿਡੀਆਂ ਸਮੇਤ ਸਮਾਜ ਭਲਾਈ ਦੇ ਵਿਆਪਕ ਉਪਰਾਲਿਆਂ ਦਾ ਇਸ ਵਿੱਚ ਵੱਡਾ ਯੋਗਦਾਨ ਰਿਹਾ ਹੈ। ਬਹੁ-ਪੱਖੀ ਗ਼ਰੀਬੀ ਵਿੱਚ ਆਈ ਭਾਰੀ ਗਿਰਾਵਟ ਇਹ ਵੀ ਦੱਸਦੀ ਹੈ ਕਿ ਜ਼ਰੂਰੀ ਸੇਵਾਵਾਂ ਅਤੇ ਮੁੱਢਲੀਆਂ ਸਹੂਲਤਾਂ ਤੱਕ ਲੋਕਾਂ ਦੀ ਪਹੁੰਚ ਵਿੱਚ ਕਾਫ਼ੀ ਸੁਧਾਰ ਹੋਇਆ ਹੈ। ਸਿਆਸੀ ਖਿੱਚੋਤਾਣ ਤੋਂ ਉੱਪਰ ਉੱਠ ਕੇ ਇਨ੍ਹਾਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ।

ਪਰ ਇਹ ਖ਼ੁਸ਼ੀ ਦੀ ਗੱਲ ਉਨ੍ਹਾਂ ਚੁਣੌਤੀਆਂ ਨੂੰ ਧੁੰਦਲਾ ਨਾ ਕਰੇ ਜੋ ਅਜੇ ਵੀ ਬਰਕਰਾਰ ਹਨ। ਸਾਲ 2026 ਦੇ ਗਲੋਬਲ ਹੰਗਰ ਇੰਡੈਕਸ (ਭੁੱਖ-ਸੂਚਕ ਅੰਕ) ਵਿੱਚ ਭਾਰਤ ਦਾ ਦਰਜਾ 122 ਦੇਸ਼ਾਂ ਵਿੱਚੋਂ 100ਵਾਂ ਰਿਹਾ ਹੈ, ਇਹ ਸਾਨੂੰ ਚੇਤੇ ਕਰਵਾਉਂਦਾ ਹੈ ਕਿ ਆਰਥਿਕ ਤਰੱਕੀ ਆਪਣੇ-ਆਪ ਹੀ ਲੋੜੀਂਦੇ ਪੋਸ਼ਣ ਅਤੇ ਬਿਹਤਰ ਸਿਹਤ ਵਿੱਚ ਨਹੀਂ ਬਦਲ ਜਾਂਦੀ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਸਟੰਟਿੰਗ (ਉਮਰ ਮੁਤਾਬਿਕ ਕੱਦ ਨਾ ਵਧਣਾ) 29.3 ਫ਼ੀਸਦੀ ਅਤੇ ਵੇਸਟਿੰਗ (ਕੱਦ ਮੁਤਾਬਿਕ ਭਾਰ ਘੱਟ ਹੋਣਾ) 19 ਫ਼ੀਸਦੀ ਹੈ, ਇਸ ਵੱਲ ਫ਼ੌਰੀ ਧਿਆਨ ਦੇਣ ਦੀ ਲੋੜ ਹੈ। ਇਹ ਅੰਕੜੇ ਪਰਿਵਾਰਾਂ ਦੀ ਵਧਦੀ ਖਪਤ ਅਤੇ ਕਮਜ਼ੋਰ ਵਰਗਾਂ ਦੀ ਪੌਸ਼ਟਿਕ ਸਿਹਤ ਵਿਚਕਾਰਲੇ ਪਾੜੇ ਨੂੰ ਸਾਫ਼ ਉਜਾਗਰ ਕਰਦੇ ਹਨ।

ਵਿਸ਼ਵ ਬੈਂਕ ਦੀ ਰਿਪੋਰਟ ਖ਼ੁਦ ਇਸ ਵੱਡੇ ਪਾੜੇ (ਅਸਮਾਨਤਾਵਾਂ) ਵੱਲ ਇਸ਼ਾਰਾ ਕਰਦੀ ਹੈ। ਆਮਦਨ ਦਾ ਪਾੜਾ ਅਜੇ ਵੀ ਬਹੁਤ ਡੂੰਘਾ ਹੈ, 2023 ਵਿੱਚ ਸਭ ਤੋਂ ਉੱਪਰਲੇ 10 ਫ਼ੀਸਦੀ ਕਾਮਿਆਂ ਦੀ ਦਰਮਿਆਨੀ ਕਮਾਈ ਹੇਠਲੇ 10 ਫ਼ੀਸਦੀ ਕਾਮਿਆਂ ਨਾਲੋਂ ਲਗਪਗ 13 ਗੁਣਾ ਵੱਧ ਸੀ। ਇਸ ਤੋਂ ਇਲਾਵਾ, ਨੌਜਵਾਨਾਂ ਵਿੱਚ ਵਧਦੀ ਬੇਰੁਜ਼ਗਾਰੀ ਅਤੇ ਅਸਲ ਕਮਾਈ ਵਿੱਚ ਆਇਆ ਠਹਿਰਾਅ ਇਸ ਗੱਲ ਦੀ ਮੰਗ ਕਰਦਾ ਹੈ ਕਿ ਬਿਹਤਰ ਨੌਕਰੀਆਂ ਮੁਹੱਈਆ ਕਰਵਾਈਆਂ ਜਾਣ। ਭਵਿੱਖ ਦਾ ਰਾਹ ਸਿਰਫ਼ ਗ਼ਰੀਬੀ ਦੇ ਅੰਕੜਿਆਂ ਅਤੇ ਸਿਆਸੀ ਦਾਅਵਿਆਂ ਤੋਂ ਅੱਗੇ ਦਾ ਹੋਣਾ ਚਾਹੀਦਾ ਹੈ। ਸਿੱਖਿਆ, ਸਿਹਤ ਸੰਭਾਲ, ਪੋਸ਼ਣ, ਹੁਨਰ ਵਿਕਾਸ ਅਤੇ ਰੁਜ਼ਗਾਰ ਦੇ ਮੌਕਿਆਂ ਵਿੱਚ ਨਿਵੇਸ਼ ਕਰਨਾ ਬਹੁਤ ਲਾਜ਼ਮੀ ਹੈ। ਪੇਂਡੂ ਔਰਤਾਂ, ਨੌਜਵਾਨਾਂ ਅਤੇ ਆਰਥਿਕ ਤੌਰ 'ਤੇ ਪੱਛੜੇ ਇਲਾਕਿਆਂ ਵੱਲ ਖ਼ਾਸ ਧਿਆਨ ਦੇਣ ਦੀ ਲੋੜ ਹੈ। ਵਿਕਾਸ ਦੀ ਅਸਲ ਪਰਖ ਇਹ ਹੈ ਕਿ ਕੀ ਇਹ ਇੱਜ਼ਤ ਭਰਿਆ ਰੁਜ਼ਗਾਰ, ਲੋੜੀਂਦਾ ਪੋਸ਼ਣ ਅਤੇ ਪੱਕੀ ਆਰਥਿਕ ਸੁਰੱਖਿਆ ਦੇ ਸਕਦਾ ਹੈ। ਗ਼ਰੀਬੀ ਘਟਾਉਣਾ ਇੱਕ ਇਤਿਹਾਸਕ ਮਾਅਰਕਾ ਹੈ ਪਰ ਸਭ ਨੂੰ ਨਾਲ ਲੈ ਕੇ ਚੱਲਣ ਵਾਲਾ ਯਾਨੀ ਸਮਾਵੇਸ਼ੀ ਵਿਕਾਸ ਹੀ ਸਾਡਾ ਵੱਡਾ ਕੌਮੀ ਟੀਚਾ ਹੋਣਾ ਚਾਹੀਦਾ ਹੈ।

15 ਸਾਲਾਂ ਤੋਂ 33 ਏਕੜ ਵਿੱਚ ਪਰਾਲੀ ਨੂੰ ਅੱਗ ਲਗਾਏ ਬਿਨਾਂ ਖੇਤੀ ਕਰ ਰਹੇ ਕਿਸਾਨ ਮਨਜੀਤ ਸਿੰਘ ਖੋਖ

ਪਟਿਆਲਾ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਜ਼ਿਲ੍ਹਾ ਪਟਿਆਲਾ ਦੇ ਬਲਾਕ ਨਾਭਾ ਅਧੀਨ ਪੈਂਦੇ ਪਿੰਡ ਖੋਖ ਦੇ ਅਗਾਂਹਵਧੂ ਕਿਸਾਨ ਮਨਜੀਤ ਸਿੰਘ ਪੁੱਤਰ ਜਰਨੈਲ ਸਿੰਘ ਪਿਛਲੇ 15 ਸਾਲਾਂ ਤੋਂ ਆਪਣੀ 33 ਏਕੜ ਜ਼ਮੀਨ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਏ ਬਿਨਾਂ ਖੇਤੀ ਕਰ ਰਹੇ ਹਨ। ਵਾਤਾਵਰਨ ਦੀ ਸੰਭਾਲ ਅਤੇ ਖੇਤੀਬਾੜੀ ਨੂੰ ਟਿਕਾਊ ਬਣਾਉਣ ਲਈ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਇਹ ਪਹਿਲਕਦਮੀ ਹੋਰਨਾਂ ਕਿਸਾਨਾਂ ਲਈ ਪ੍ਰੇਰਨਾ ਦਾ ਸਰੋਤ ਹੈ।

ਕਿਸਾਨ ਮਨਜੀਤ ਸਿੰਘ ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧਨ ਲਈ ਆਧੁਨਿਕ ਖੇਤੀ ਤਕਨੀਕਾਂ ਦੀ ਵਰਤੋਂ ਕਰਦੇ ਹਨ। ਝੋਨੇ ਦੀ ਕਟਾਈ ਸਮੇਂ ਸੁਪਰ ਐਸ.ਐਮ.ਐਸ. ਵਾਲੀ ਕੰਬਾਈਨ ਦੀ ਮਦਦ ਨਾਲ ਪਰਾਲੀ ਨੂੰ ਖੇਤ ਵਿੱਚ ਬਰਾਬਰ ਖਿਲਾਰਿਆ ਜਾਂਦਾ ਹੈ।

ਇਸ ਤੋਂ ਬਾਅਦ ਮਲਚਰ ਦੀ ਵਰਤੋਂ ਕਰਕੇ ਪਰਾਲੀ ਨੂੰ ਛੋਟੇ-ਛੋਟੇ ਟੁਕੜਿਆਂ ਵਿੱਚ ਕੱਟ ਕੇ ਜ਼ਮੀਨ ਉੱਪਰ ਵਿਛਾਇਆ ਜਾਂਦਾ ਹੈ। ਪਲਟਾਵੇਂ ਹੱਲ (ਐੱਮ.ਬੀ. ਪਲਾਓ) ਰਾਹੀਂ ਪਰਾਲੀ ਨੂੰ ਮਿੱਟੀ ਵਿੱਚ ਦਬਾ ਕੇ ਰਲਾਉਣ ਨਾਲ ਜ਼ਮੀਨ ਵਿੱਚ ਜੈਵਿਕ ਮਾਦੇ ਅਤੇ ਜੈਵਿਕ ਕਾਰਬਨ ਦੇ ਵਾਧੇ ਵਿੱਚ ਮਦਦ ਮਿਲਦੀ ਹੈ।

ਮਨਜੀਤ ਸਿੰਘ ਫ਼ਸਲੀ ਵਿਭਿੰਨਤਾ ਅਤੇ ਫ਼ਸਲੀ ਚੱਕਰ ਨੂੰ ਵੀ ਮਹੱਤਵ ਦਿੰਦੇ ਹਨ। ਉਹ ਝੋਨੇ ਦੀ ਫ਼ਸਲ ਤੋਂ ਬਾਅਦ ਆਲੂਆਂ ਦੀ ਬਿਜਾਈ ਕਰਦੇ ਹਨ, ਜਦਕਿ ਘਰੇਲੂ ਵਰਤੋਂ ਲਈ ਕਣਕ ਦੀ ਖੇਤੀ ਵੀ ਸੁਚੱਜੇ ਢੰਗ ਨਾਲ ਕਰਦੇ ਹਨ। ਵੱਖ-ਵੱਖ ਫ਼ਸਲਾਂ ਦੀ ਕਾਸ਼ਤ ਅਤੇ ਰਹਿੰਦ-ਖੂੰਹਦ ਦਾ ਸਹੀ ਪ੍ਰਬੰਧਨ ਖੇਤੀਬਾੜੀ ਦੇ ਸਰੋਤਾਂ ਦੀ ਬਿਹਤਰ ਵਰਤੋਂ ਅਤੇ ਜ਼ਮੀਨ ਦੀ ਸਿਹਤ ਬਰਕਰਾਰ ਰੱਖਣ ਵਿੱਚ ਸਹਾਈ ਹੋ ਸਕਦਾ ਹੈ।

ਪਿਛਲੇ 15 ਸਾਲਾਂ ਤੋਂ ਪਰਾਲੀ ਨੂੰ ਅੱਗ ਨਾ ਲਗਾਉਣ ਕਰਕੇ ਉਨ੍ਹਾਂ ਨੇ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤੀ ਵਿੱਚ ਹੀ ਵਰਤਣ ਦੀ ਮਿਸਾਲ ਕਾਇਮ ਕੀਤੀ ਹੈ। ਪਰਾਲੀ ਸਾੜਨ ਨਾਲ ਪੈਦਾ ਹੋਣ ਵਾਲੇ ਧੂੰਏਂ ਅਤੇ ਹਵਾ ਪ੍ਰਦੂਸ਼ਣ ਤੋਂ ਬਚਾਅ ਦੇ ਨਾਲ-ਨਾਲ, ਖੇਤਾਂ ਵਿੱਚ ਰਹਿੰਦ-ਖੂੰਹਦ ਨੂੰ ਸੰਭਾਲਣ ਨਾਲ ਮਿੱਟੀ ਦੇ ਲਾਭਦਾਇਕ ਜੀਵਾਂ ਅਤੇ ਪੋਸ਼ਕ ਤੱਤਾਂ ਦੀ ਸੰਭਾਲ ਵਿੱਚ ਵੀ ਮਦਦ ਮਿਲਦੀ ਹੈ। ਇਸ ਨਾਲ ਮਿੱਟੀ ਦੀ ਸਿਹਤ ਸੁਧਾਰਨ ਅਤੇ ਖੇਤੀ ਨੂੰ ਲੰਬੇ ਸਮੇਂ ਲਈ ਲਾਹੇਵੰਦ ਬਣਾਉਣ ਦੀਆਂ ਸੰਭਾਵਨਾਵਾਂ ਵਧਦੀਆਂ ਹਨ।

ਕਿਸਾਨ ਮਨਜੀਤ ਸਿੰਘ ਦੀ ਇਹ ਪਹਿਲਕਦਮੀ ਦਰਸਾਉਂਦੀ ਹੈ ਕਿ ਆਧੁਨਿਕ ਖੇਤੀ ਮਸ਼ੀਨਰੀ ਅਤੇ ਵਿਗਿਆਨਕ ਤਰੀਕਿਆਂ ਨੂੰ ਅਪਣਾ ਕੇ ਪਰਾਲੀ ਦਾ ਸੁਚੱਜਾ ਪ੍ਰਬੰਧਨ ਕੀਤਾ ਜਾ ਸਕਦਾ ਹੈ। ਉਨ੍ਹਾਂ ਵਰਗੇ ਅਗਾਂਹਵਧੂ ਕਿਸਾਨ ਵਾਤਾਵਰਨ ਦੀ ਸੰਭਾਲ ਦੇ ਨਾਲ-ਨਾਲ ਖੇਤੀਬਾੜੀ ਖੇਤਰ ਵਿੱਚ ਟਿਕਾਊ ਤਰੀਕਿਆਂ ਨੂੰ ਉਤਸ਼ਾਹਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ।

ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਇਸ ਨੂੰ ਖੇਤਾਂ ਵਿੱਚ ਹੀ ਸੰਭਾਲਣਾ ਅੱਜ ਦੇ ਸਮੇਂ ਦੀ ਅਹਿਮ ਲੋੜ ਹੈ। ਕਿਸਾਨਾਂ ਵੱਲੋਂ ਅਜਿਹੇ ਵਾਤਾਵਰਨ ਪੱਖੀ ਤਰੀਕੇ ਅਪਣਾਉਣ ਨਾਲ ਹਵਾ ਪ੍ਰਦੂਸ਼ਣ ਘਟਾਉਣ, ਮਿੱਟੀ ਦੀ ਸਿਹਤ ਬਿਹਤਰ ਬਣਾਉਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕੁਦਰਤੀ ਸਰੋਤਾਂ ਦੀ ਸੰਭਾਲ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਜਾ ਸਕਦਾ ਹੈ।

ਜ਼ਿਲ੍ਹਾ ਸਪੋਰਟਸ ਮੈਡੀਸਨ ਸੈਂਟਰ ਰੂਪਨਗਰ ਖਿਡਾਰੀਆਂ ਲਈ ਸਾਬਤ ਹੋ ਰਿਹਾ ਵਰਦਾਨ : ਵਿਧਾਇਕ ਦਿਨੇਸ਼ ਚੱਢਾ



ਰੂਪਨਗਰ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਰੂਪਨਗਰ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੇ ਦੱਸਿਆ ਕਿ ਜ਼ਿਲ੍ਹਾ ਸਪੋਰਟਸ ਮੈਡੀਸਨ ਸੈਂਟਰ ਰੂਪਨਗਰ ਖਿਡਾਰੀਆਂ ਲਈ ਬੇਹੱਦ ਲਾਹੇਵੰਦ ਸਾਬਤ ਹੋ ਰਿਹਾ ਹੈ। ਇਸ ਸੈਂਟਰ ਰਾਹੀਂ ਖਿਡਾਰੀਆਂ ਨੂੰ ਖੇਡਾਂ ਦੌਰਾਨ ਲੱਗਣ ਵਾਲੀਆਂ ਸੱਟਾਂ ਦੀ ਜਾਂਚ, ਇਲਾਜ ਅਤੇ ਮੁੜ ਖੇਡ ਮੈਦਾਨ ਵਿੱਚ ਪਰਤਣ ਲਈ ਲੋੜੀਂਦੀਆਂ ਸਿਹਤ ਸੇਵਾਵਾਂ ਇੱਕੋ ਛੱਤ ਹੇਠ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਵਿਧਾਇਕ ਦਿਨੇਸ਼ ਚੱਢਾ ਨੇ ਦੱਸਿਆ ਕਿ ਸੈਂਟਰ ਵਿੱਚ ਖੇਡਾਂ ਦੌਰਾਨ ਲੱਗਣ ਵਾਲੀਆਂ ਸੱਟਾਂ ਦੀ ਜਾਂਚ ਅਤੇ ਇਲਾਜ ਦੇ ਨਾਲ-ਨਾਲ ਖੇਡ ਮੈਡੀਸਨ ਮਾਹਿਰ ਵੱਲੋਂ ਡਾਕਟਰੀ ਸਲਾਹ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਫਿਜ਼ੀਓਥੈਰੇਪੀ ਅਤੇ ਪੁਨਰਵਾਸ ਸੇਵਾਵਾਂ, ਗੰਭੀਰ ਅਤੇ ਪੁਰਾਣੇ ਦਰਦ ਦਾ ਇਲਾਜ ਅਤੇ ਆਪ੍ਰੇਸ਼ਨ ਤੋਂ ਬਾਅਦ ਮੁੜ ਵਸੇਬੇ ਦੀ ਸਹੂਲਤ ਵੀ ਉਪਲਬਧ ਹੈ।

ਉਨ੍ਹਾਂ ਦੱਸਿਆ ਕਿ ਖਿਡਾਰੀਆਂ ਨੂੰ ਸੱਟਾਂ ਤੋਂ ਬਚਾਉਣ ਲਈ ਵਿਸ਼ੇਸ਼ ਜਾਂਚ ਅਤੇ ਮਾਰਗਦਰਸ਼ਨ ਦਿੱਤਾ ਜਾਂਦਾ ਹੈ। ਸਪੋਰਟਸ ਟੇਪਿੰਗ, ਮੁੱਢਲੀ ਸਹਾਇਤਾ, ਸਰੀਰਕ ਤਾਕਤ ਅਤੇ ਸਮਰੱਥਾ ਵਧਾਉਣ ਲਈ ਸਿਖਲਾਈ ਦੇ ਨਾਲ-ਨਾਲ ਖਿਡਾਰੀਆਂ ਦੀ ਖੇਡ ਅਨੁਸਾਰ ਫਿਟਨੈੱਸ ਅਤੇ ਪ੍ਰਦਰਸ਼ਨ ਵਿੱਚ ਸੁਧਾਰ ਕਰਨ ਲਈ ਵੀ ਕੰਮ ਕੀਤਾ ਜਾ ਰਿਹਾ ਹੈ। ਸੱਟ ਲੱਗਣ ਤੋਂ ਬਾਅਦ ਖਿਡਾਰੀ ਮੁੜ ਖੇਡਣ ਦੇ ਯੋਗ ਹੋ ਸਕਣ, ਇਸ ਲਈ ਉਨ੍ਹਾਂ ਦਾ ਮੁਲਾਂਕਣ ਕਰਕੇ ਵਿਸ਼ੇਸ਼ ਸਿਖਲਾਈ ਦਿੱਤੀ ਜਾਂਦੀ ਹੈ। ਇਸ ਦੇ ਨਾਲ ਹੀ ਖਿਡਾਰੀਆਂ ਅਤੇ ਕੋਚਾਂ ਨੂੰ ਸੱਟਾਂ ਤੋਂ ਬਚਾਅ ਅਤੇ ਜਲਦੀ ਰਿਕਵਰੀ ਸਬੰਧੀ ਵੀ ਜਾਗਰੂਕ ਕੀਤਾ ਜਾਂਦਾ ਹੈ। ਇਸ ਮੌਕੇ ਜ਼ਿਲ੍ਹਾ ਸਪੋਰਟਸ ਮੈਡੀਸਨ ਸੈਂਟਰ ਦੀ ਟੀਮ ਵੀ ਮੌਜੂਦ ਸੀ, ਜਿਸ ਵਿੱਚ ਡਾ. ਗਿਰੀਸ਼ ਜਿੰਦਲ (ਖੇਡ ਮੈਡੀਸਨ ਮਾਹਿਰ), ਅੰਕਿਤਾ ਮਹਿਰਾ (ਖੇਡ ਫਿਜ਼ੀਓਥੈਰੇਪਿਸਟ), ਦੀਕਸ਼ਾ ਮਹਿਤਾ (ਖੇਡ ਫਿਜ਼ੀਓਥੈਰੇਪਿਸਟ), ਸਵਪਨਿਲ (ਖੇਡ ਫਿਜ਼ੀਓਥੈਰੇਪੀ ਸਹਾਇਕ) ਅਤੇ ਸਰਬਪਾਲ ਕੌਰ (ਖੇਡ ਫਿਜ਼ੀਓਥੈਰੇਪੀ ਸਹਾਇਕ) ਸ਼ਾਮਲ ਸਨ। ਵਿਧਾਇਕ ਨੇ ਕਿਹਾ ਕਿ ਖਿਡਾਰੀਆਂ ਦੀ ਸਿਹਤ, ਫਿਟਨੈੱਸ ਅਤੇ ਖੇਡ ਪ੍ਰਦਰਸ਼ਨ ਨੂੰ ਬਿਹਤਰ ਬਣਾਉਣ ਲਈ ਅਜਿਹੀਆਂ ਸਹੂਲਤਾਂ ਬਹੁਤ ਮਹੱਤਵਪੂਰਨ ਹਨ। ਇਸ ਨਾਲ ਖਿਡਾਰੀਆਂ ਨੂੰ ਸੱਟਾਂ ਤੋਂ ਉਭਰਨ ਅਤੇ ਆਪਣੀ ਖੇਡ ਵਿੱਚ ਮੁੜ ਬਿਹਤਰ ਪ੍ਰਦਰਸ਼ਨ ਕਰਨ ਵਿੱਚ ਮਦਦ ਮਿਲੇਗੀ।

ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਘਰ-ਘਰ ਪਹੁੰਚਾਉਣ ਲਈ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ ਦੀ ਕੀਤੀ ਅਪੀਲ



ਘਨੌਲੀ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਲੋਕ ਭਲਾਈ ਸਕੀਮਾਂ ਨੂੰ ਘਰ-ਘਰ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਹਲਕਾ ਰੂਪਨਗਰ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਅਤੇ ਉਨ੍ਹਾਂ ਦੀ ਧਰਮ ਪਤਨੀ ਮੈਡਮ ਨੀਸ਼ਾ ਚੱਢਾ ਵੱਲੋਂ ਘਨੌਲੀ ਖੇਤਰ ਦੇ ਵੱਖ-ਵੱਖ ਪਿੰਡਾਂ ਦੀਆਂ ਸਖੀਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ।

ਇਸ ਮੌਕੇ ਉਨ੍ਹਾਂ ਨੇ ਸਖੀਆਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਲੋਕ ਹਿੱਤ ਵਿੱਚ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਪਿੰਡ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕਰਨ ਦੀ ਅਪੀਲ ਕੀਤੀ।

ਮੀਟਿੰਗ ਦੌਰਾਨ ਵਿਧਾਇਕ ਦਿਨੇਸ਼ ਚੱਢਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ, ਸਿਹਤ, ਬਿਜਲੀ, ਬੁਨਿਆਦੀ ਢਾਂਚੇ ਅਤੇ ਆਮ ਲੋਕਾਂ ਦੀ ਸਹੂਲਤ ਲਈ ਕਈ ਅਹਿਮ ਕਦਮ ਚੁੱਕੇ ਗਏ ਹਨ। ਇਨ੍ਹਾਂ ਲੋਕ ਪੱਖੀ ਫੈਸਲਿਆਂ ਅਤੇ ਸਰਕਾਰੀ ਯੋਜਨਾਵਾਂ ਦਾ ਲਾਭ ਹਰ ਯੋਗ ਪਰਿਵਾਰ ਤੱਕ ਪਹੁੰਚਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਖੀਆਂ ਪਿੰਡਾਂ ਵਿੱਚ ਲੋਕਾਂ ਨਾਲ ਸਿੱਧਾ ਜੁੜੀਆਂ ਹੋਈਆਂ ਹਨ ਅਤੇ ਸਰਕਾਰ ਦੀਆਂ ਸਕੀਮਾਂ ਦੀ ਜਾਣਕਾਰੀ ਲੋਕਾਂ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਉਨ੍ਹਾਂ ਸਾਰਿਆਂ ਨੂੰ ਇਸ ਮੁਹਿੰਮ ਵਿੱਚ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ।

ਇਸ ਮੌਕੇ ਮੈਡਮ ਨੀਸ਼ਾ ਚੱਢਾ ਨੇ ਕਿਹਾ ਕਿ ਔਰਤਾਂ ਸਮਾਜ ਦੀ ਮਜ਼ਬੂਤ ਨੀਂਹ ਹਨ ਅਤੇ ਜਦੋਂ ਔਰਤਾਂ ਕਿਸੇ ਸਮਾਜਿਕ ਜਾਂ ਲੋਕ ਭਲਾਈ ਮੁਹਿੰਮ ਨਾਲ ਜੁੜਦੀਆਂ ਹਨ ਤਾਂ ਉਸ ਦਾ ਪ੍ਰਭਾਵ ਘਰ-ਘਰ ਤੱਕ ਪਹੁੰਚਦਾ ਹੈ। ਉਨ੍ਹਾਂ ਕਿਹਾ ਕਿ ਸਖੀਆਂ ਪਿੰਡਾਂ ਵਿੱਚ ਜਾ ਕੇ ਔਰਤਾਂ ਅਤੇ ਪਰਿਵਾਰਾਂ ਨੂੰ ਸਰਕਾਰੀ ਯੋਜਨਾਵਾਂ ਦੀ ਸਹੀ ਜਾਣਕਾਰੀ ਦੇਣ ਦੇ ਨਾਲ-ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਵੀ ਸੁਣਨ ਅਤੇ ਸਬੰਧਤ ਅਧਿਕਾਰੀਆਂ ਤੱਕ ਪਹੁੰਚਾਉਣ।

ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਮਕਸਦ ਲੋਕਾਂ ਨਾਲ ਸਿੱਧਾ ਸੰਪਰਕ ਸਥਾਪਿਤ ਕਰਨਾ ਅਤੇ ਸਰਕਾਰ ਦੀਆਂ ਪ੍ਰਾਪਤੀਆਂ ਤੋਂ ਹਰ ਵਰਗ ਨੂੰ ਜਾਣੂ ਕਰਵਾਉਣਾ ਹੈ। ਮੀਟਿੰਗ ਦੌਰਾਨ ਸਖੀਆਂ ਨੇ ਵੀ ਇਸ ਮੁਹਿੰਮ ਨੂੰ ਪਿੰਡ ਪੱਧਰ 'ਤੇ ਹੋਰ ਮਜ਼ਬੂਤ ਕਰਨ ਲਈ ਆਪਣਾ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਸ਼ਹੀਦ ਭਗਤ ਸਿੰਘ ਮੈਮੋਰੀਅਲ ਕਲੱਬ ਸਰਹਿੰਦ ਵੱਲੋਂ ਲੋਕਾਂ ਨੂੰ ਹਰੀ ਦੀਵਾਲੀ ਮਨਾਉਣ ਦਾ ਸੱਦਾ, ਪਟਾਕੇ ਨਾ ਚਲਾਉਣ ਅਤੇ ਬੂਟੇ ਲਗਾਉਣ ਦੀ ਕੀਤੀ ਅਪੀਲ

ਸ੍ਰੀ ਫਤਹਿਗੜ੍ਹ ਸਾਹਿਬ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹੀਦ ਭਗਤ ਸਿੰਘ ਮੈਮੋਰੀਅਲ ਕਲੱਬ (ਰਜਿ.) ਸਰਹਿੰਦ ਵੱਲੋਂ ਦਿਨੋ-ਦਿਨ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਦੀ ਸੰਭਾਲ ਲਈ ਆਪਣਾ ਯੋਗਦਾਨ ਪਾਉਂਦਿਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਇਸ ਵਾਰ ਪਟਾਕੇ ਰਹਿਤ ਅਤੇ ਵਾਤਾਵਰਨ ਪੱਖੀ ਹਰੀ ਦੀਵਾਲੀ ਮਨਾਉਣ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਕਲੱਬ ਦੇ ਪ੍ਰਧਾਨ ਲਖਵਿੰਦਰ ਸਿੰਘ ਨੰਬਰਦਾਰ, ਸਰਪ੍ਰਸਤ ਐਡਵੋਕੇਟ ਗੁਰਪ੍ਰੀਤ ਸਿੰਘ ਸੈਣੀ, ਜਨਰਲ ਸਕੱਤਰ ਸੰਦੀਪ ਸਿੰਘ ਗੋਰਾਇਆ, ਪ੍ਰੋਜੈਕਟ ਚੇਅਰਮੈਨ ਰਾਮ ਸਿੰਘ ਜੇ.ਈ. ਅਤੇ ਸੀਨੀਅਰ ਮੀਤ ਪ੍ਰਧਾਨ ਤੇਜਿੰਦਰ ਸਿੰਘ ਲਾਡੀ ਪੰਚਾਇਤ ਸਕੱਤਰ ਨੇ ਸਾਂਝੇ ਤੌਰ 'ਤੇ ਕਿਹਾ ਕਿ ਦੀਵਾਲੀ ਦਾ ਪਵਿੱਤਰ ਤਿਉਹਾਰ ਖੁਸ਼ੀਆਂ, ਆਪਸੀ ਭਾਈਚਾਰੇ ਅਤੇ ਰੌਸ਼ਨੀ ਦਾ ਪ੍ਰਤੀਕ ਹੈ। ਇਸ ਤਿਉਹਾਰ ਨੂੰ ਮਨਾਉਂਦਿਆਂ ਸਾਨੂੰ ਵਾਤਾਵਰਨ ਦੀ ਸ਼ੁੱਧਤਾ ਅਤੇ ਕੁਦਰਤ ਦੀ ਸੰਭਾਲ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਵਾਤਾਵਰਨ ਪ੍ਰਦੂਸ਼ਣ ਇੱਕ ਗੰਭੀਰ ਸਮੱਸਿਆ ਬਣ ਚੁੱਕੀ ਹੈ। ਪਟਾਕਿਆਂ ਤੋਂ ਨਿਕਲਣ ਵਾਲਾ ਧੂੰਆਂ ਅਤੇ ਜ਼ਹਿਰੀਲੀਆਂ ਗੈਸਾਂ ਹਵਾ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰਦੀਆਂ ਹਨ, ਜਿਸ ਨਾਲ ਸਾਹ ਅਤੇ ਦਿਲ ਦੇ ਰੋਗਾਂ ਤੋਂ ਪੀੜਤ ਮਰੀਜ਼ਾਂ, ਬਜ਼ੁਰਗਾਂ ਅਤੇ ਛੋਟੇ ਬੱਚਿਆਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਪਟਾਕਿਆਂ ਕਾਰਨ ਹੋਣ ਵਾਲਾ ਧੁਨੀ ਪ੍ਰਦੂਸ਼ਣ ਵੀ ਲੋਕਾਂ ਦੀ ਸਿਹਤ ਅਤੇ ਮਾਨਸਿਕ ਸ਼ਾਂਤੀ 'ਤੇ ਮਾੜਾ ਪ੍ਰਭਾਵ ਪਾਉਂਦਾ ਹੈ। ਉਨ੍ਹਾਂ ਕਿਹਾ ਕਿ ਪਟਾਕੇ ਚਲਾਉਣ ਨਾਲ ਜਿੱਥੇ ਪੈਸੇ ਦੀ ਬੇਲੋੜੀ ਬਰਬਾਦੀ ਹੁੰਦੀ ਹੈ, ਉੱਥੇ ਹੀ ਵਾਤਾਵਰਨ ਨੂੰ ਵੀ ਵੱਡਾ ਨੁਕਸਾਨ ਪਹੁੰਚਦਾ ਹੈ।

ਕਲੱਬ ਆਗੂਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਦੀਵਾਲੀ ਦੇ ਮੌਕੇ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਮਹਿੰਗੇ ਤੋਹਫ਼ੇ ਦੇਣ ਦੀ ਬਜਾਏ ਵੱਧ ਤੋਂ ਵੱਧ ਬੂਟੇ ਤੋਹਫ਼ੇ ਵਜੋਂ ਦੇਣ ਅਤੇ ਉਨ੍ਹਾਂ ਦੀ ਸੰਭਾਲ ਕਰਨ ਦਾ ਸੰਕਲਪ ਲੈਣ। ਉਨ੍ਹਾਂ ਕਿਹਾ ਕਿ ਬੂਟੇ ਲਗਾਉਣਾ ਸਿਰਫ਼ ਇੱਕ ਸਮਾਜਿਕ ਕਾਰਜ ਹੀ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ਼-ਸੁਥਰਾ ਵਾਤਾਵਰਨ ਦੇਣ ਲਈ ਇੱਕ ਅਹਿਮ ਉਪਰਾਲਾ ਹੈ। ਜੇਕਰ ਸਮਾਜ ਦਾ ਹਰ ਵਿਅਕਤੀ ਆਪਣੀ ਜ਼ਿੰਮੇਵਾਰੀ ਸਮਝਦਿਆਂ ਇੱਕ-ਇੱਕ ਬੂਟਾ ਵੀ ਲਗਾਵੇ ਅਤੇ ਉਸ ਦੀ ਸਾਂਭ-ਸੰਭਾਲ ਕਰੇ ਤਾਂ ਵਾਤਾਵਰਨ ਨੂੰ ਸਾਫ਼ ਰੱਖਣ ਵਿੱਚ ਵੱਡਾ ਯੋਗਦਾਨ ਪਾਇਆ ਜਾ ਸਕਦਾ ਹੈ।

ਉਨ੍ਹਾਂ ਸਮੂਹ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਇਸ ਦੀਵਾਲੀ ਮੌਕੇ ਪਟਾਕਿਆਂ ਤੋਂ ਦੂਰੀ ਬਣਾਈ ਰੱਖਦਿਆਂ ਦੀਵੇ ਜਗਾ ਕੇ, ਬੂਟੇ ਲਗਾ ਕੇ ਅਤੇ ਲੋੜਵੰਦਾਂ ਦੀ ਮਦਦ ਕਰਕੇ ਤਿਉਹਾਰ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਜਾਣ, ਤਾਂ ਜੋ ਦੀਵਾਲੀ ਨੂੰ ਸੱਚੇ ਅਰਥਾਂ ਵਿੱਚ ਖੁਸ਼ੀਆਂ ਅਤੇ ਚੰਗੇ ਸੰਦੇਸ਼ ਦਾ ਤਿਉਹਾਰ ਬਣਾਇਆ ਜਾ ਸਕੇ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਬਲਾਕ ਪ੍ਰਧਾਨ ਰਮੇਸ਼ ਕੁਮਾਰ ਸੋਨੂੰ, ਨਰਿੰਦਰ ਸਿੰਘ, ਕਲੱਬ ਦੇ ਸੀਨੀਅਰ ਆਗੂ ਲਖਵਿੰਦਰ ਸਿੰਘ ਹਨੀ ਅਤੇ ਪੰਚਾਇਤ ਸਕੱਤਰ ਹਰਮੀਤ ਸਿੰਘ ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ।

ਪੁਲੀਸ ਨਾਲ ਮੁਕਾਬਲੇ ਦੌਰਾਨ ਭਗੌੜਾ ਮੁਲਜ਼ਮ ਜ਼ਖ਼ਮੀ; ਪਿਸਤੌਲ ਤੇ ਕਾਰਤੂਸ ਬਰਾਮਦ

ਅੰਮ੍ਰਿਤਸਰ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਅੰਮ੍ਰਿਤਸਰ ਕਮਿਸ਼ਨਰੇਟ ਪੁਲੀਸ ਨੇ ਰਾਮਤੀਰਥ ਰੋਡ 'ਤੇ ਇੱਕ ਕਾਰਵਾਈ ਦੌਰਾਨ ਪੁਲੀਸ ਪਾਰਟੀ ਨਾਲ ਹੋਏ ਮੁਕਾਬਲੇ ਵਿੱਚ ਭਗੌੜਾ ਮੁਲਜ਼ਮ ਆਕਾਸ਼ਦੀਪ ਸਿੰਘ ਉਰਫ਼ ਆਕਾਸ਼, ਵਾਸੀ ਕਾਦੀਆਂ ਨੂੰ ਜ਼ਖ਼ਮੀ ਹੋਣ ਮਗਰੋਂ ਕਾਬੂ ਕਰ ਲਿਆ। ਉਸ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾ ਦਿੱਤਾ ਗਿਆ ਹੈ।

ਪੁਲੀਸ ਕਮਿਸ਼ਨਰ ਹਰਮਨਬੀਰ ਸਿੰਘ ਗਿੱਲ ਨੇ ਮੌਕੇ ਦਾ ਜਾਇਜ਼ਾ ਲੈਂਦਿਆਂ ਦੱਸਿਆ ਕਿ ਜਦੋਂ ਪੁਲੀਸ ਪਾਰਟੀ ਵੱਲੋਂ ਉਕਤ ਮੁਲਜ਼ਮ ਨੂੰ ਰੋਕਣ ਲਈ ਇਸ਼ਾਰਾ ਕੀਤਾ ਗਿਆ ਤਾਂ ਉਸ ਨੇ ਰੁਕਣ ਦੀ ਬਜਾਏ ਪੁਲੀਸ ਪਾਰਟੀ 'ਤੇ ਫ਼ਾਇਰਿੰਗ ਕੀਤੀ। ਪੁਲੀਸ ਵੱਲੋਂ ਉਸ ਨੂੰ ਆਤਮ-ਸਮਰਪਣ ਕਰਨ ਦੀ ਚਿਤਾਵਨੀ ਵੀ ਦਿੱਤੀ ਗਈ ਸੀ, ਪਰ ਉਸ ਵੱਲੋਂ ਪੁਲੀਸ ਪਾਰਟੀ 'ਤੇ ਗੋਲੀ ਚਲਾਏ ਜਾਣ ਤੋਂ ਬਾਅਦ ਪੁਲੀਸ ਪਾਰਟੀ ਨੇ ਸਵੈ-ਰੱਖਿਆ ਵਿੱਚ ਜਵਾਬੀ ਫ਼ਾਇਰਿੰਗ ਕੀਤੀ। ਇਸ ਦੌਰਾਨ ਮੁਲਜ਼ਮ ਦੀ ਲੱਤ ਵਿੱਚ ਗੋਲੀ ਲੱਗੀ। ਇਸ ਉਪਰੰਤ ਉਸ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਪੁਲੀਸ ਨੇ ਮੌਕੇ 'ਤੇ ਇੱਕ ਪਿਸਤੌਲ (.30 ਬੋਰ), ਦੋ ਚੱਲੇ ਹੋਏ ਕਾਰਤੂਸ, ਤਿੰਨ ਜ਼ਿੰਦਾ ਕਾਰਤੂਸ ਅਤੇ ਇੱਕ ਐਕਟਿਵਾ ਸਕੂਟਰ ਬਰਾਮਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਕੂਟਰ ਦੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਮੁੱਢਲੀ ਜਾਂਚ ਅਨੁਸਾਰ ਉਕਤ ਮੁਲਜ਼ਮ ਵਿਰੁੱਧ ਵੱਖ-ਵੱਖ ਥਾਣਿਆਂ ਵਿੱਚ 7 ਅਪਰਾਧਿਕ ਮੁਕੱਦਮੇ ਦਰਜ ਹਨ ਅਤੇ ਉਹ ਇੱਕ ਮੁਕੱਦਮੇ ਵਿੱਚ ਲੋੜੀਂਦਾ ਵੀ ਸੀ। ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਮੁਲਜ਼ਮ ਆਕਾਸ਼ ਨੇ ਆਪਣੇ ਹੋਰ ਚਾਰ ਸਾਥੀਆਂ ਨਾਲ ਮਿਲ ਕੇ ਬਟਾਲਾ ਵਿਖੇ ਇੱਕ ਮਨੀ ਐਕਸਚੇਂਜਰ ਦੀ ਦੁਕਾਨ ਤੋਂ ਪਿਸਤੌਲ ਦੀ ਨੋਕ 'ਤੇ ਕਰੀਬ ਢਾਈ ਲੱਖ ਰੁਪਏ ਦੀ ਲੁੱਟ ਕੀਤੀ ਸੀ। ਇਸ ਵਾਰਦਾਤ ਵਿੱਚ ਸ਼ਾਮਲ ਉਸ ਦੇ ਚਾਰ ਹੋਰ ਸਾਥੀਆਂ ਦੀ ਪਛਾਣ ਹੋ ਚੁੱਕੀ ਹੈ ਅਤੇ ਉਨ੍ਹਾਂ ਦੀ ਭਾਲ ਜਾਰੀ ਹੈ।

ਉਨ੍ਹਾਂ ਆਖਿਆ ਕਿ ਇਹ ਵੀ ਸਾਹਮਣੇ ਆਇਆ ਹੈ ਕਿ ਮੁਲਜ਼ਮ ਅਤੇ ਉਸ ਦੇ ਸਾਥੀ ਇੱਕ ਅਪਰਾਧੀ ਅੰਗਰੇਜ਼ ਸਿੰਘ ਉਰਫ਼ ਛੋਟੂ ਨੂੰ ਪੁਲੀਸ ਹਿਰਾਸਤ ਵਿੱਚੋਂ ਛੁਡਵਾਉਣ ਦੀ ਯੋਜਨਾ ਬਣਾ ਰਹੇ ਸਨ, ਜਿਸ ਖ਼ਿਲਾਫ਼ ਕਰੀਬ 15 ਮੁਕੱਦਮੇ ਦਰਜ ਹਨ ਅਤੇ ਉਹ ਇਸ ਸਮੇਂ ਜੇਲ੍ਹ ਵਿੱਚ ਬੰਦ ਹੈ।

ਅਮਰਿੰਦਰ ਸਿੰਘ ਮਡੋਫਲ ਨੂੰ ਮਾਰਕੀਟ ਕਮੇਟੀ ਸਰਹਿੰਦ ਮੰਡੀ ਦਾ ਚੇਅਰਮੈਨ ਬਣਨ 'ਤੇ ਦਵਿੰਦਰ ਜਿੰਦੂ ਨੇ ਸਿਰੋਪਾਓ ਪਾ ਕੇ ਕੀਤਾ ਸਨਮਾਨਿਤ

ਸ੍ਰੀ ਫਤਹਿਗੜ੍ਹ ਸਾਹਿਬ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਸਰਹਿੰਦ ਮੰਡੀ ਵਿਖੇ ਮਾਰਕੀਟ ਕਮੇਟੀ ਦੇ ਨਵ-ਨਿਯੁਕਤ ਚੇਅਰਮੈਨ ਅਮਰਿੰਦਰ ਸਿੰਘ ਮਡੋਫਲ ਨੂੰ ਸੀਨੀਅਰ ਆਗੂ ਦਵਿੰਦਰ ਜਿੰਦੂ ਵੱਲੋਂ ਸਿਰੋਪਾਓ ਪਾ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਦਵਿੰਦਰ ਜਿੰਦੂ ਨੇ ਕਿਹਾ ਕਿ ਅਮਰਿੰਦਰ ਸਿੰਘ ਮਡੋਫਲ ਪਿਛਲੇ ਲੰਬੇ ਸਮੇਂ ਤੋਂ ਆਮ ਆਦਮੀ ਪਾਰਟੀ ਦੀ ਮਜ਼ਬੂਤੀ ਲਈ ਪੂਰੀ ਮਿਹਨਤ ਅਤੇ ਲਗਨ ਨਾਲ ਕੰਮ ਕਰਦੇ ਆ ਰਹੇ ਹਨ।

ਉਨ੍ਹਾਂ ਕਿਹਾ ਕਿ ਪਾਰਟੀ ਹਾਈਕਮਾਂਡ ਵੱਲੋਂ ਅਮਰਿੰਦਰ ਸਿੰਘ ਮਡੋਫਲ ਨੂੰ ਚੇਅਰਮੈਨ ਦੀ ਜ਼ਿੰਮੇਵਾਰੀ ਸੌਂਪ ਕੇ ਜੋ ਮਾਣ-ਸਨਮਾਨ ਦਿੱਤਾ ਗਿਆ ਹੈ, ਉਸ ਲਈ ਉਹ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦੇ ਹਨ।

ਇਸ ਮੌਕੇ ਨਵ-ਨਿਯੁਕਤ ਚੇਅਰਮੈਨ ਅਮਰਿੰਦਰ ਸਿੰਘ ਮਡੋਫਲ ਨੇ ਕਿਹਾ ਕਿ ਉਹ ਪਾਰਟੀ ਹਾਈਕਮਾਂਡ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਸਰਹਿੰਦ ਮੰਡੀ ਦੇ ਫੜ ਨੂੰ ਵੱਡਾ ਕਰਨ ਲਈ ਵੱਡੀਆਂ ਗਰਾਂਟਾਂ ਜਾਰੀ ਕੀਤੀਆਂ ਗਈਆਂ ਹਨ, ਜਿਸ ਨਾਲ ਮੰਡੀ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਹੋਵੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੰਡੀ ਵਿੱਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

ਉਨ੍ਹਾਂ ਅੱਗੇ ਕਿਹਾ ਕਿ ਝੋਨੇ ਦੇ ਮੌਜੂਦਾ ਸੀਜ਼ਨ ਦੌਰਾਨ ਕਿਸਾਨਾਂ ਦੀ ਫ਼ਸਲ ਦੀ ਨਾਲੋ-ਨਾਲ ਖਰੀਦ ਕੀਤੀ ਜਾ ਰਹੀ ਹੈ ਅਤੇ ਫ਼ਸਲ ਦੀ ਅਦਾਇਗੀ ਵੀ ਸਮੇਂ ਸਿਰ ਕੀਤੀ ਜਾ ਰਹੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਕਿਸਾਨਾਂ ਦੀ ਸਹੂਲਤ ਅਤੇ ਮੰਡੀ ਦੇ ਵਿਕਾਸ ਲਈ ਲਗਾਤਾਰ ਯਤਨ ਕੀਤੇ ਜਾਣਗੇ। ਇਸ ਮੌਕੇ ਪਾਵੇਲ ਹਾਂਡਾ ਤੇ ਹੋਰ ਮੌਜੂਦ ਸਨ।

ਬਸੰਤ ਰਿਤੂ ਕਲੱਬ ਨੇ ਕਰਵਾਏ 5 ਲੋੜਵੰਦਾਂ ਦੇ ਅੱਖਾਂ ਦੇ ਉਪਰੇਸ਼ਨ



ਪਟਿਆਲਾ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਗੁਰੂ ਤੇਗ ਬਹਾਦਰ ਅੱਖਾਂ ਦੇ ਹਸਪਤਾਲ ਸਾਹਮਣੇ ਦੁੱਖਨਿਵਾਰਨ ਸਾਹਿਬ ਪਟਿਆਲਾ ਵਿਖੇ ਮਾਸਿਕ ਅੱਖਾਂ ਦਾ ਚੈਕਅੱਪ ਅਤੇ ਉਪਰੇਸ਼ਨ ਕੈਂਪ ਲਗਾਇਆ ਗਿਆ। ਇਸ ਦੀ ਪ੍ਰਧਾਨਗੀ ਕਲੱਬ ਦੇ ਚੇਅਰਮੈਨ ਯਸ਼ਪਾਲ ਬੇਦੀ ਨੇ ਕੀਤੀ। ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਨੇ ਆਖਿਆ ਕਿ ਡਾ. ਆਸ਼ਾ ਪ੍ਰਿਤਪਾਲ ਕੌਰ ਦੀ ਆਈ ਸਰਜਨ ਦੀ ਟੀਮ ਵਲੋਂ ਲੋੜਵੰਦ ਮਰੀਜਾਂ ਦਾ ਅੱਖਾਂ ਦਾ ਚੈਕਅੱਪ ਕੀਤਾ ਜਾਂਦਾ ਹੈ ਅਤੇ ਪੰਜ ਲੋੜਮੰਦ ਮਰੀਜਾਂ ਦੇ ਅੱਖਾਂ ਦੇ ਲੈਂਜ ਵਾਲੇ ਉਪਰੇਸ਼ਨ ਕੀਤੇ ਗਏ। ਡਾ. ਆਸ਼ਾ ਪ੍ਰਿਤਪਾਲ ਕੌਰ ਨੇ ਆਖਿਆ ਕਿ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਜੋ ਕਿ ਪਿਛਲੇ 33 ਸਾਲਾਂ ਤੋਂ ਜਰੂਰਤਮੰਦ ਮਰੀਜਾਂ ਦੇ ਅੱਖਾਂ ਦੇ ਲੈਂਜ ਵਾਲੇ ਉਪਰੇਸ਼ਨ ਕਰਵਾ ਰਿਹਾ ਹੈ ਜੋ ਕਿ ਇੱਕ ਬਹੁਤ ਹੀ ਪਰਉਪਕਾਰ ਭਰੀ ਸੇਵਾ ਦੀ ਮਿਸਾਲ ਹੈ। ਕਲੱਬ ਦੇ ਚੇਅਰਮੈਨ ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਦੱਸਿਆ ਕਿ ਬਸੰਤ ਰਿਤੂ ਕਲੱਬ ਵੱਲੋਂ ਹਰ ਮਹੀਨੇ ਲਗਾਏ ਜਾ ਰਹੇ ਅੱਖਾਂ ਦੇ ਮੁਫ਼ਤ ਉਪਰੇਸ਼ਨ ਕੈਂਪ ਵਿੱਚ ਪੰਜਾਬ ਸਟੇਟ ਤੋਂ ਬਾਹਰੀ ਸਟੇਟ ਤੋਂ ਆ ਕੇ ਵੀ ਇਸ ਕੈਂਪ ਦਾ ਲਾਭ ਉਠਾ ਰਹੇ ਹਨ। ਕਲੱਬ ਵੱਲੋਂ ਲੋੜਮੰਦ ਮਰੀਜ ਜੋ ਬਾਰਲੀਆਂ ਸਟੇਟਾਂ ਤੋਂ ਆਉਂਦੇ ਹਨ ਉਨ੍ਹਾਂ ਨੂੰ ਆਉਣ ਜਾਣ ਦਾ ਕਿਰਾਇਆ ਵੀ ਦਿੱਤਾ ਜਾਂਦਾ ਹੈ ਅਤੇ ਕਲੱਬ ਵੱਲੋਂ ਦਵਾਈਆਂ, ਐਨਕਾਂ ਵੀ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਕਲੱਬ ਵਲੋਂ ਹੁਣ ਤੱਕ ਲਗਭਗ 1500 ਲੋੜਮੰਦ ਮਰੀਜਾਂ ਦੇ ਅੱਖਾਂ ਦੇ ਲੈਂਜ ਵਾਲੇ ਉਪਰੇਸ਼ਨ ਕੀਤੇ ਜਾ ਚੁੱਕੇ ਹਨ। ਇਸ ਪ੍ਰੋਗਰਾਮ ਵਿੱਚ ਸੰਤੋਸ਼ ਕੁਮਾਰ ਲਾਲਵਾਨੀ, ਦੀਪਕ ਕੁਮਾਰ, ਧਰਮਿੰਦਰ ਕੁਮਾਰ, ਮੇਹਰਵਾਨ ਸਿੰਘ ਮਾਗੋ, ਰਮਾਕਾਂਤ ਦੂਬੇ, ਹਰਜੀਤ ਸਿੰਘ, ਆਦਿ ਨੇ ਭਾਗ ਲਿਆ।

ਵਿਦੇਸ਼ਾਂ 'ਚ ਵਸਦੀ ਸੰਗਤ ਬੱਚਿਆਂ ਨੂੰ ਸਿੱਖੀ ਦੀਆਂ ਜੜ੍ਹਾਂ ਨਾਲ ਜੋੜੇ ਤੇ ਗੁਰਮੁਖੀ ਸਿਖਾਏ: ਜਥੇਦਾਰ

ਅੰਮ੍ਰਿਤਸਰ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵਿਦੇਸ਼ ਵਿੱਚ ਵਸਦੀ ਸਿੱਖ ਸੰਗਤ ਨੂੰ ਆਪਣੇ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਤੇ ਗੁਰਮੁਖੀ ਸਿਖਾਉਣ ਲਈ ਪ੍ਰੇਰਿਆ ਹੈ। ਜਥੇਦਾਰ ਨੇ ਸਕਾਟਲੈਂਡ ਦੇ ਐਡਿਨਬਰਗ ਸ਼ਹਿਰ ਵਿਖੇ ਗੁਰੂ ਨਾਨਕ ਗੁਰਦੁਆਰਾ ਸਿੰਘ ਸਭਾ ਵਿਖੇ ਸੰਗਤ ਦੇ ਸਹਿਯੋਗ ਨਾਲ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਉਨ੍ਹਾਂ ਸੰਗਤ ਨਾਲ ਗੁਰਮਤਿ ਤੇ ਸਿੱਖ ਇਤਿਹਾਸ ਦੀਆਂ ਵਿਚਾਰਾਂ ਸਾਂਝੀਆਂ ਕੀਤੀਆਂ ਅਤੇ ਸਿੱਖੀ ਅਨੁਸਾਰ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੱਤੀ।

ਸਮਾਗਮ ਤੋਂ ਪਹਿਲਾਂ ਜਥੇਦਾਰ ਗੜਗੱਜ ਨੇ ਸਕਾਟਲੈਂਡ ਦੇ ਪ੍ਰਮੁੱਖ ਸਿੱਖਾਂ ਤੇ ਗੁਰਦੁਆਰਾ ਪ੍ਰਬੰਧਕਾਂ ਨਾਲ ਵਿਚਾਰ ਕਰਕੇ ਉਨ੍ਹਾਂ ਪਾਸੋਂ ਸਮੱਸਿਆਵਾਂ ਜਾਂ ਚਿੰਤਾਵਾਂ ਅਤੇ ਧਰਮ ਪ੍ਰਚਾਰ-ਪ੍ਰਸਾਰ ਲਈ ਲੋੜਾਂ ਬਾਰੇ ਗੱਲਬਾਤ ਕੀਤੀ। ਉਨ੍ਹਾਂ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਆ ਕੇ ਸਿੱਖ ਇੱਥੇ ਸਕਾਟਲੈਂਡ ਵਿੱਚ ਵੱਸੇ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜੇ ਹੋਏ ਹਨ, ਇਹ ਬਹੁਤ ਹੀ ਖ਼ੁਸ਼ੀ ਦੀ ਗੱਲ ਹੈ।

ਉਨ੍ਹਾਂ ਸੰਗਤ ਨੂੰ ਬੱਚਿਆਂ ਨੂੰ ਗੁਰੂ ਘਰ ਨਾਲ ਜੋੜਨ ਲਈ ਆਖਿਆ ਤਾਂ ਜੋ ਆਉਣ ਵਾਲੀ ਪੀੜ੍ਹੀ ਸਿੱਖੀ ਸੱਭਿਆਚਾਰ, ਰਵਾਇਤਾਂ ਅਤੇ ਸਿਧਾਂਤਾਂ ਨਾਲ ਜੁੜੇ ਤੇ ਸਰਬੱਤ ਦੇ ਭਲੇ ਦੇ ਕਾਰਜ ਕਰੇ। ਉਨ੍ਹਾਂ ਗੁਰਦੁਆਰਾ ਪ੍ਰਬੰਧਕਾਂ ਨੂੰ ਐਡਿਨਬਰਗ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਨੂੰ ਗੁਰਮੁਖੀ ਪੰਜਾਬੀ ਸਿਖਾਉਣ ਲਈ ਗੁਰੂ ਘਰ ਅੰਦਰ ਵਿਸ਼ੇਸ਼ ਪ੍ਰਬੰਧ ਕਰਨ ਲਈ ਆਖਿਆ। ਉਨ੍ਹਾਂ ਕਿਹਾ ਕਿ ਸੰਗਤ ਪੰਜਾਬ ਨਾਲ ਜੁੜੀ ਰਹੇ ਅਤੇ ਸਮੇਂ-ਸਮੇਂ ਆਪਣੇ ਪਿੰਡਾਂ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਦੇ ਦਰਸ਼ਨਾਂ ਲਈ ਪੰਜਾਬ ਆਵੇ। ਇਸ ਮੌਕੇ ਵੱਡੀ ਗਿਣਤੀ ਵਿੱਚ ਸਿੱਖ ਪਰਿਵਾਰ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਆਏ, ਜਿਨ੍ਹਾਂ ਨਾਲ ਬੈਠ ਕੇ ਜਥੇਦਾਰ ਨੇ ਵਿਚਾਰਾਂ ਸਾਂਝੀਆਂ ਕੀਤੀਆਂ।

ਵੱਖ-ਵੱਖ ਮਾਮਲਿਆਂ ਵਿੱਚ 23.5 ਕਿਲੋ ਹੈਰੋਇਨ ਸਮੇਤ ਚਾਰ ਗ੍ਰਿਫ਼ਤਾਰ

ਅੰਮ੍ਰਿਤਸਰ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਅੰਮ੍ਰਿਤਸਰ ਦਿਹਾਤੀ ਪੁਲੀਸ ਨੇ ਪਿਛਲੇ 24 ਘੰਟਿਆਂ ਦੌਰਾਨ ਸਰਹੱਦੀ ਪੱਟੀ ਵਿੱਚ ਤਿੰਨ ਵੱਖ-ਵੱਖ ਕਾਰਵਾਈਆਂ ਕਰਦਿਆਂ ਚਾਰ ਕਥਿਤ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਇਨ੍ਹਾਂ ਦੇ ਕਬਜ਼ੇ ਵਿੱਚੋਂ 23.5 ਕਿਲੋ ਹੈਰੋਇਨ ਅਤੇ ਇੱਕ ਪਿਸਤੌਲ ਬਰਾਮਦ ਕੀਤਾ ਹੈ।

ਪੁਲੀਸ ਨੇ ਪੱਕੀ ਖ਼ੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਬੀਐੱਸਐੱਫ ਦੇ ਇੰਟੈਲੀਜੈਂਸ ਵਿੰਗ ਨਾਲ ਤਾਲਮੇਲ ਕਰਦਿਆਂ ਥਾਣਾ ਲੋਪੋਕੇ ਦੀ ਪੁਲੀਸ ਨੇ ਪਿੰਡ ਲੋਧੀ ਗੁੱਜਰ ਦੇ ਵਸਨੀਕ ਸੁਖਮਨਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਉਸ ਦੇ ਕਬਜ਼ੇ ਵਿੱਚੋਂ 13 ਕਿਲੋ ਹੈਰੋਇਨ ਅਤੇ ਇੱਕ ਪਿਸਤੌਲ ਸਮੇਤ ਮੈਗਜ਼ੀਨ ਬਰਾਮਦ ਹੋਇਆ। ਇਹ ਨਸ਼ੀਲਾ ਪਦਾਰਥ ਅਤੇ ਪਿਸਤੌਲ ਪਾਕਿਸਤਾਨ ਤੋਂ ਡਰੋਨ ਰਾਹੀਂ ਸੁੱਟਿਆ ਗਿਆ ਸੀ। ਪੁਲੀਸ ਅਨੁਸਾਰ ਮੁਲਜ਼ਮ ਪਾਕਿਸਤਾਨੀ ਤਸਕਰਾਂ ਤੋਂ ਹੈਰੋਇਨ ਤੇ ਹਥਿਆਰ ਪ੍ਰਾਪਤ ਕਰ ਕੇ ਅੱਗੇ ਅਪਰਾਧਿਕ ਤੱਤਾਂ ਨੂੰ ਸਪਲਾਈ ਕਰਦਾ ਸੀ। ਪੁਲੀਸ ਅਤੇ ਬੀਐੱਸਐੱਫ ਨੇ ਸੈਦਪੁਰ ਨੇੜੇ ਨਾਕਾ ਲਗਾ ਕੇ ਉਸ ਨੂੰ ਕਾਬੂ ਕੀਤਾ।

ਦੂਜੀ ਕਾਰਵਾਈ ਵਿੱਚ, ਘਰਿੰਡਾ ਪੁਲੀਸ ਨੇ ਦੋ ਕਥਿਤ ਨਸ਼ਾ ਤਸਕਰਾਂ ਗੁਰਚਰਨ ਸਿੰਘ ਉਰਫ਼ ਬਖ਼ਸ਼ੀਸ਼ ਸਿੰਘ ਅਤੇ ਬਿਕਰਮਜੀਤ ਸਿੰਘ (ਦੋਵੇਂ ਵਾਸੀ ਪੰਜਵੜ, ਥਾਣਾ ਝਬਾਲ, ਜ਼ਿਲ੍ਹਾ ਤਰਨਤਾਰਨ) ਨੂੰ ਗ੍ਰਿਫ਼ਤਾਰ ਕਰ ਕੇ 10 ਕਿਲੋ ਹੈਰੋਇਨ ਜ਼ਬਤ ਕੀਤੀ।

ਹੀਰੋ ਏਸ਼ੀਅਨ ਚੈਂਪੀਅਨਜ਼ ਟਰਾਫੀ 2026; ਭਾਰਤ ਵੱਡੀ ਜਿੱਤ ਨਾਲ ਫਾਈਨਲ ’ਚ ਪੁੱਜਾ, ਸੈਮੀਫਾਈਨਲ ਵਿੱਚ ਦੱਖਣੀ ਕੋਰੀਆ ਨੂੰ 8-1 ਨਾਲ ਹਰਾਇਆ



ਮੁਹਾਲੀ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਇੱਕ ਵਾਰ ਫਿਰ ਆਪਣੀ ਖੇਡ ਦਾ ਲੋਹਾ ਮਨਵਾਉਂਦਿਆਂ ਭਾਰਤ ਨੇ ਅੱਜ ਦੱਖਣੀ ਕੋਰੀਆ ਨੂੰ 8-1 ਨਾਲ ਹਰਾ ਕੇ ਸੈਮੀਫਾਈਨਲ ਦੇ ਇੱਕਪਾਸੜ ਮੁਕਾਬਲੇ ਵਿੱਚ ਆਪਣਾ ਦਬਦਬਾ ਕਾਇਮ ਰੱਖਿਆ ਅਤੇ ਫਾਈਨਲ ਵਿੱਚ ਆਪਣੀ ਥਾਂ ਪੱਕੀ ਕਰ ਲਈ ਹੈ ।

ਅੱਜ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਇੰਟਰਨੈਸ਼ਨਲ ਹਾਕੀ ਸਟੇਡੀਅਮ, ਟੀਮ ਇੰਡੀਆ ਦੇ ਸ਼ਾਨਦਾਰ ਪ੍ਰਦਰਸ਼ਨ ਦਾ ਮਾਣਮੱਤਾ ਗਵਾਹ ਬਣ ਗਿਆ।

ਇਹ ਪਹਿਲੀ ਵਾਰ ਸੀ ਜਦੋਂ ਸਟੇਡੀਅਮ ਨੇ ਇੱਕ ਅੰਤਰਰਾਸ਼ਟਰੀ ਮੈਚ ਦੀ ਮੇਜ਼ਬਾਨੀ ਕੀਤੀ ਅਤੇ ਖੇਡ ਜਗਤ ਦੇ ਆਲਮੀ ਨਕਸ਼ੇ ’ਤੇ ਆਪਣੀ ਸ਼ਾਨਾਮੱਤੀ ਸ਼ੁਰੂਆਤ ਕਰਨ ਦਾ ਫ਼ਖਰ ਹਾਸਿਲ ਕੀਤਾ।

ਇਸ ਮੌਕੇ ’ਤੇ ਮੌਜੂਦ ਪਤਵੰਤਿਆਂ ਵਿੱਚ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ, ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ, ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ, ਮੋਹਾਲੀ ਦੇ ਵਿਧਾਇਕ ਕੁਲਵੰਤ ਸਿੰਘ, ਵਿਸ਼ਵ ਕੱਪ ਹਾਕੀ ਜੇਤੂ ਕਪਤਾਨ ਅਜੀਤਪਾਲ ਸਿੰਘ, ਅਸਲਮ ਸ਼ੇਰ ਖਾਨ, ਜ਼ਫਰ ਇਕਬਾਲ, ਓਲੰਪੀਅਨ ਬਲਬੀਰ ਸਿੰਘ ਰੰਧਾਵਾ, ਰਾਜਿੰਦਰ ਸਿੰਘ ਸੀਨੀਅਰ, ਰਾਣੀ ਰਾਮਪਾਲ,ਸਰਦਾਰ ਸਿੰਘ, ਬਲਜੀਤ ਸਿੰਘ ਢਿੱਲੋਂ, ਰਾਜਪਾਲ ਸਿੰਘ, ਪ੍ਰਭਜੋਤ ਸਿੰਘ, ਦੀਪਕ ਠਾਕੁਰ ਅਤੇ ਮਹਾਨ ਹਾਕੀ ਖਿਡਾਰੀ ਸਵਰਗੀ ਬਲਬੀਰ ਸਿੰਘ ਸੀਨੀਅਰ ਦੇ ਦੋਹਤੇ ਕਬੀਰ ਸਿੰਘ ਸ਼ਾਮਿਲ ਸਨ।

ਹੁਣ, ਭਾਰਤ 5 ਨਵੰਬਰ ਨੂੰ ਇਸੇ ਥਾਂ ’ਤੇ ਹੋਣ ਵਾਲੇ ਫਾਈਨਲ ਵਿੱਚ ਜਾਪਾਨ ਨਾਲ ਭਿੜੇਗਾ।

ਸ਼ਿਲਾਨੰਦ ਲਾਕੜਾ ਨੇ ਸ਼ਾਨਦਾਰ ਢੰਗ ਨਾਲ਼ ਚੌਥੇ ਮਿੰਟ ਵਿੱਚ ਹੀ ਫੀਲਡ ਗੋਲ ਕਰਕੇ ਭਾਰਤ ਦਾ ਖਾਤਾ ਖੋਲ੍ਹਿਆ। ਪਰ ਕੋਰੀਆਈ ਖਿਡਾਰੀਆਂ ਨੇ ਜ਼ਿਆਦਾ ਸਮਾਂ ਨਾ ਗਵਾਉਂਦਿਆ 9ਵੇਂ ਮਿੰਟ ਵਿੱਚ ਸੰਜੁਨ ਹਾਨ ਦੇ ਫੀਲਡ ਗੋਲ ਨਾਲ ਬਰਾਬਰੀ ਕਰ ਲਈ। ਇਸ ਤੋਂ ਬਾਅਦ ਭਾਰਤੀ ਖਿਡਾਰੀਆਂ ਵੱਲੋਂ ਗੋਲਾਂ ਦੀ ਵਾਛੜ ਕਰ ਦਿੱਤੀ ਗਈ।

ਕਪਤਾਨ ਹਰਮਨਪ੍ਰੀਤ ਸਿੰਘ ਨੇ 9ਵੇਂ ਮਿੰਟ ਵਿੱਚ ਪੈਨਲਟੀ ਕਾਰਨਰ ਨੂੰ ਗੋਲ ਵਿੱਚ ਬਦਲਿਆ, ਸ਼ਿਲਾਨੰਦ ਲਾਕੜਾ ਨੇ ਵੀ 13ਵੇਂ ਮਿੰਟ ਵਿੱਚ ਪੈਨੇਲਟੀ ਕਾਰਨਰ ਰਾਹੀਂ ਗੋਲ ਕੀਤਾ, ਸੁਖਜੀਤ ਸਿੰਘ ਅਤੇ ਦਿਲਪ੍ਰੀਤ ਸਿੰਘ ਨੇ 21ਵੇਂ ਮਿੰਟ ਵਿੱਚ ਫ਼ੀਲਡ ਗੋਲ ਕੀਤੇ। ਸਿਰਫ਼ ਚਾਰ ਮਿੰਟ ਬਾਅਦ 25ਵੇਂ ਮਿੰਟ ਵਿੱਚ ਦਿਲਪ੍ਰੀਤ ਸਿੰਘ ਨੇ ਫਿਰ ਫੀਲਡ ਗੋਲ ਕਰਕੇ ਸਕੋਰ 6-1 ਕਰ ਦਿੱਤਾ। ਫਿਰ 36ਵੇਂ ਮਿੰਟ ਵਿੱਚ ਅੰਗਦ ਬੀਰ ਸਿੰਘ ਨੇ ਫੀਲਡ ਗੋਲ ਕਰਕੇ ਸਕੋਰ 7-1 ਤੇ ਪਹੁੰਚਾ ਦਿੱਤਾ। 54ਵੇਂ ਮਿੰਟ ਵਿੱਚ ਵਿਵੇਕ ਸਾਗਰ ਪ੍ਰਸਾਦ ਨੇ 8ਵਾਂ ਫ਼ੀਲਡ ਗੋਲ ਕਰਕੇ ਸਕੋਰ 8-1 ਕਰ ਦਿੱਤਾ।

ਇੱਕ ਹੋਰ ਦਿਲਚਸਪ ਸੈਮੀਫਾਈਨਲ ਵਿੱਚ ਜਾਪਾਨ ਅਤੇ ਮਲੇਸ਼ੀਆ ਦੋਵਾਂ ਨੇ ਬੜੀ ਸੋਹਣੀ ਖੇਡ ਦਾ ਮੁਜ਼ਾਹਰਾ ਕੀਤਾ, ਪੂਰੇ ਸਮੇਂ ਦੌਰਾਨ ਦੋਵੇਂ ਟੀਮਾਂ ਕੋਈ ਗੋਲ ਨਹੀਂ ਕਰ ਸਕੀਆਂ। ਅਖੀਰ,ਪੈਨੇਲਟੀ ਸ਼ੂਟਆਊਟ ਵਿੱਚ ਜਾਪਾਨ ਨੇ ਮਲੇਸ਼ੀਆ ਨੂੰ 5-3 ਨਾਲ ਪਛਾੜ ਦਿੱਤਾ ।

ਜਾਪਾਨ ਲਈ ਕਾਜ਼ੂਮਾਸਾ ਮਾਤਸੁਮੋਟੋ, ਰਯੋਮਾ ਓਓਕਾ, ਸੁਬਾਸਾ ਤਨਾਕਾ, ਹਾਰੂਕੀ ਓਚਾਈ ਅਤੇ ਸੇਰੇਨ ਤਨਾਕਾ ਨੇ ਗੋਲ ਦਾਗੇ ।

ਮਲੇਸ਼ੀਆ ਲਈ ਏਮਾਨ ਰੋਜ਼ੇਮੀ, ਸ਼ੈਲੋ ਸਿਲਵਰੀਅਸ ਅਤੇ ਅਬੂ ਕਮਾਲ ਅਜ਼ਰਾਈ ਨੇ ਗੋਲ ਕੀਤੇ।

ਇਸ ਤੋਂ ਪਹਿਲਾਂ, ਚੀਨ ਨੇ ਬੰਗਲਾਦੇਸ਼ ਨੂੰ 3-1 ਨਾਲ ਹਰਾ ਕੇ ਟੂਰਨਾਮੈਂਟ ਵਿੱਚ 5ਵਾਂ ਸਥਾਨ ਹਾਸਿਲ ਕੀਤਾ ਸੀ । ਚੀਨ ਲਈ, ਯੂਲਾਈ ਝਾਓ ਨੇ 10ਵੇਂ ਮਿੰਟ ਵਿੱਚ ਫੀਲਡ ਗੋਲ ਕਰਕੇ ਸਕੋਰ ਲਾਈਨ ਖੋਲ੍ਹੀ। ਫਿਰ ਯਾਕੀ ਵਾਂਗ ਨੇ 18ਵੇਂ ਮਿੰਟ ਵਿੱਚ ਫੀਲਡ ਗੋਲ ਕੀਤਾ ਅਤੇ ਚੀਨੀ ਕਪਤਾਨ ਚੋਂਗਕੋਂਗ ਚੇਨ ਨੇ 22ਵੇਂ ਮਿੰਟ ਵਿੱਚ ਪੈਨਲਟੀ ਸਟ੍ਰੋਕ ਰਾਹੀਂ ਗੇਂਦ ਵਿਰੋਧੀ ਟੀਮ ਦੀ ਗੋਲ ਪੋਸਟ ਵਿੱਚ ਪਹੁੰਚਾ ਦਿੱਤੀ । ਬੰਗਲਾਦੇਸ਼ ਲਈ ਇੱਕੋ- ਇੱਕ ਗੋਲ 48ਵੇਂ ਮਿੰਟ ਵਿੱਚ ਪੈਨਲਟੀ ਕਾਰਨਰ ਨਾਲ ਹੋਇਆ ਜੋ ਕਿ ਸ਼ੋਹਾਨੂਰ ਮੁਹੰਮਦ ਰਹਿਮਾਨ ਵੱਲੋਂ ਕੀਤਾ ਗਿਆ ।

ਸਪੀਕਰ ਸੰਧਵਾਂ ਨੇ ਪੰਜਾਬ ਸਰਕਾਰ ਦੀ ‘ਮੇਰਾ ਘਰ ਮੇਰੇ ਨਾਮ’ ਸਕੀਮ ਤਹਿਤ ਪਿੰਡ ਹਰੀ ਨੌ ਦੇ ਵਸਨੀਕਾਂ ਨੂੰ ਸੌਂਪੇ ਜਾਇਦਾਦ ਦੇ ਮਾਲਕੀ ਹੱਕ



ਚੰਡੀਗੜ੍ਹ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਅੱਜ ਜ਼ਿਲ੍ਹਾ ਫ਼ਰੀਦਕੋਟ ਦੀ ਤਹਿਸੀਲ ਕੋਟਕਪੂਰਾ ਦੇ ਪਿੰਡ ਹਰੀ ਨੌ ਦੇ ਵਸਨੀਕਾਂ ਨੂੰ ਪੰਜਾਬ ਸਰਕਾਰ ਦੀ ‘ਮੇਰਾ ਘਰ ਮੇਰੇ ਨਾਮ’ ਸਕੀਮ ਅਧੀਨ ਘਰਾਂ ਦੇ ਮਾਲਕੀ ਹੱਕ ਸੌਂਪੇ।

ਸਮਾਗਮ ਦੌਰਾਨ ਸਪੀਕਰ ਸੰਧਵਾਂ ਨੇ ‘ਲਾਲ ਲਕੀਰ/ਲਾਲ ਡੋਰੇ’ (ਪਿੰਡ ਦੀ ਆਬਾਦੀ ਦੇਹ) ਅੰਦਰ ਰਹਿੰਦੇ ਲੋਕਾਂ ਨੂੰ ਜਾਇਦਾਦ ਦੇ ਮਾਲਕੀ ਹੱਕ ਪ੍ਰਦਾਨ ਕਰਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਇਹ ਸਕੀਮ ਆਪਣੇ ਘਰ ਵਿੱਚ ਲੰਮੇ ਸਮੇਂ ਤੋਂ ਰਹਿ ਰਹੇ ਵਸਨੀਕਾਂ ਨੂੰ ਕਾਨੂੰਨੀ ਮਾਨਤਾ ਦਿੰਦੀ ਹੈ, ਜਿਸ ਨਾਲ ਉਨ੍ਹਾਂ ਦੇ ਜਾਇਦਾਦ ਦੇ ਹੱਕ ਸੁਰੱਖਿਅਤ ਹੋਣਗੇ, ਜ਼ਮੀਨੀ ਝਗੜੇ ਘਟਣਗੇ ਅਤੇ ਉਹ ਬੈਂਕਾਂ ਤੋਂ ਆਸਾਨੀ ਨਾਲ ਲੋਨ ਵੀ ਲੈ ਸਕਣਗੇ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ, ਸਥਾਨਕ ਆਗੂ ਅਤੇ ਪਿੰਡ ਵਾਸੀ ਹਾਜ਼ਰ ਸਨ। ਲਾਭਪਾਤਰੀਆਂ ਨੇ ਉਨ੍ਹਾਂ ਦੀਆਂ ਜਾਇਦਾਦਾਂ ਦੇ ਮਾਲਕੀ ਹੱਕ ਸੁਰੱਖਿਅਤ ਕਰਨ ਅਤੇ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਨੂੰ ਪੂਰਾ ਕਰਨ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

ਪ੍ਰਸ਼ਾਸਕ ਨੇ ਜੀਐੱਮਐੱਸਐੱਸਐੱਸ- 10 ਵਿਖੇ ਵੋਕੇਸ਼ਨਲ ਲੈਬਾਂ ਦਾ ਉਦਘਾਟਨ ਕੀਤਾ, ਇਨਕਲੂਸਿਵ ਥੀਏਟਰ ਫੈਸਟੀਵਲ ਦੇ ਜੇਤੂਆਂ ਨੂੰ ਸਨਮਾਨਿਤ ਕੀਤਾ



ਚੰਡੀਗੜ੍ਹ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ (ਜੀਐੱਮਐੱਸਐੱਸਐੱਸ), ਸੈਕਟਰ 10, ਚੰਡੀਗੜ੍ਹ ਵਿਖੇ ਫ੍ਰੰਟ ਆਫ਼ਿਸ ਲੈਬ ਅਤੇ ਫੂਡ ਪ੍ਰੋਡਕਸ਼ਨ ਲੈਬ ਦਾ ਉਦਘਾਟਨ ਕੀਤਾ। ਉਨ੍ਹਾਂ ਨੇ ਸਟੇਟ-ਲੈਵਲ ਇਨਕਲੂਸਿਵ ਥੀਏਟਰ ਫੈਸਟੀਵਲ 2026 ਦੇ ਜੇਤੂਆਂ ਨੂੰ ਵੀ ਸਨਮਾਨਿਤ ਕੀਤਾ। ਉਨ੍ਹਾਂ ਨੇ ਸਕੂਲੀ ਵਿਦਿਆਰਥੀਆਂ ਦੁਆਰਾ ਤਲਵਾਰਬਾਜ਼ੀ ਪ੍ਰਦਰਸ਼ਨ ਅਤੇ ਸਟੇਟ-ਲੈਵਲ ਇਨਕਲੂਸਿਵ ਥੀਏਟਰ ਫੈਸਟੀਵਲ ਟੀਮ ਦੇ ਜੇਤੂਆਂ ਦੁਆਰਾ ਪੇਸ਼ ਇੱਕ ਪਰਫਾਰਮੈਂਸ ਦੇਖੀ। ਦੌਰੇ ਦੇ ਦੌਰਾਨ ਉਨ੍ਹਾਂ ਨੇ ਅਟਲ ਟਿੰਕਰਿੰਗ ਲੈਬ ਦਾ ਵੀ ਦੌਰਾ ਕੀਤਾ ਅਤੇ ਵਿਦਿਆਰਥੀਆਂ ਦੀਆਂ ਇਨੋਵੇਸ਼ਨਸ ਅਤੇ ਟੈਕਨੋਲੋਜੀ ਦੇ ਰਚਨਾਤਮਕ ਉਪਯੋਗ ਦੀ ਸ਼ਲਾਘਾ ਕੀਤੀ।

ਨਵੀਆਂ ਉਦਘਾਟਨ ਕੀਤੀਆਂ ਗਈਆਂ ਲੈਬਾਂ ਵਿਦਿਆਰਥੀਆਂ ਨੂੰ ਫ੍ਰੰਟ ਆਫ਼ਿਸ ਸੰਚਾਲਨ, ਖੁਰਾਕ ਉਤਪਾਦਨ, ਖੁਰਾਕ ਪੋਸ਼ਣ ਅਤੇ ਖੁਰਾਕ ਵਿਗਿਆਨ ਵਿੱਚ ਵਿਵਹਾਰਿਕ ਟ੍ਰੇਨਿੰਗ ਦੇਣਗੀਆਂ। ਇਨ੍ਹਾਂ ਸੁਵਿਧਾਵਾਂ ਦਾ ਉਦੇਸ਼ ਵਿਦਿਆਰਥੀਆਂ ਨੂੰ ਰਾਸ਼ਟਰੀ ਸਿੱਖਿਆ ਨੀਤੀ (ਐੱਨਈਪੀ) 2020 ਦੇ ਅਨੁਸਾਰ ਲਾਭਦਾਇਕ ਕੌਸ਼ਲ ਵਿਕਸਿਤ ਕਰਨ ਅਤੇ ਭਵਿੱਖ ਦੇ ਰੋਜ਼ਗਾਰ ਲਈ ਤਿਆਰ ਕਰਨ ਵਿੱਚ ਸਹਾਇਤਾ ਕਰਨਾ ਹੈ। ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਪ੍ਰਸ਼ਾਸਕ ਨੇ ਉਨ੍ਹਾਂ ਨੂੰ ਰੋਜ਼ਾਨਾ ਦੀਆਂ ਗਤੀਵਿਧੀਆਂ ਦੇ ਜ਼ਰੀਏ ਸਿੱਖਣ, ਘਰੇਲੂ ਜ਼ਿੰਮੇਵਾਰੀਆਂ ਸਾਂਝੀਆਂ ਕਰਨ ਅਤੇ ਆਪਣੇ ਪਰਿਵਾਰਾਂ ਦੀ ਮਦਦ ਕਰਨ ਲਈ ਪ੍ਰੋਤਸਾਹਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਅਜਿਹੇ ਅਨੁਭਵ ਹਰ ਤਰ੍ਹਾਂ ਦੇ ਕੰਮ ਲਈ ਸਤਿਕਾਰ ਨੂੰ ਉਤਸ਼ਾਹਿਤ ਕਰਦੇ ਹੋਏ ਵਿਵਹਾਰਿਕ ਕੌਸ਼ਲ, ਵਿਸ਼ਵਾਸ, ਅਨੁਸ਼ਾਸਨ, ਜ਼ਿੰਮੇਵਾਰੀ ਅਤੇ ਆਤਮਨਿਰਭਰਤਾ ਦਾ ਨਿਰਮਾਣ ਕਰਦੇ ਹਨ। ਉਨ੍ਹਾਂ ਨੇ ਸਟੇਟ-ਲੈਵਲ ਇਨਕਲੂਸਿਵ ਥੀਏਟਰ ਫੈਸਟੀਵਲ ਦੀ ਜੇਤੂ ਟੀਮ ਨੂੰ ਰੀਜਨਲ-ਲੈਵਲ ਫੈਸਟੀਵਲ ਲਈ ਚੁਣੇ ਜਾਣ ’ਤੇ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਵਿਸ਼ਵਾਸ ਨਾਲ ਪ੍ਰਦਰਸ਼ਨ ਕਰਨ, ਚੰਗੀ ਤਿਆਰੀ ਕਰਨ ਅਤੇ ਆਪਣੇ ਕੌਸ਼ਲ ਵਿੱਚ ਸੁਧਾਰ ਕਰਦੇ ਰਹਿਣ ਲਈ ਪ੍ਰੋਤਸਾਹਿਤ ਕੀਤਾ। ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੱਦਾ ਦਿੰਦੇ ਹੋਏ, ਉਨ੍ਹਾਂ ਨੂੰ ਕਿਤਾਬਾਂ, ਕਲਾ, ਇਨੋਵੇਸ਼ਨ ਅਤੇ ਹੋਰ ਸਕਾਰਾਤਮਕ ਗਤੀਵਿਧੀਆਂ ’ਤੇ ਧਿਆਨ ਕੇਂਦ੍ਰਿਤ ਕਰਨ ਅਤੇ ਉਨ੍ਹਾਂ ਦੋਸਤਾਂ ਦਾ ਸਮਰਥਨ ਕਰਨ ਲਈ ਉਤਸ਼ਾਹਿਤ ਕੀਤਾ ਜਿਨ੍ਹਾਂ ਨੂੰ ਮਦਦ ਦੀ ਜ਼ਰੂਰਤ ਹੋ ਸਕਦੀ ਹੈ।

ਸਟੇਟ-ਲੈਵਲ ਇਨਕਲੂਸਿਵ ਥੀਏਟਰ ਫੈਸਟੀਵਲ 2026 12 ਤੋਂ 14 ਅਕਤੂਬਰ ਤੱਕ ਪੀਐੱਮ ਸ਼੍ਰੀ ਸਰਕਾਰੀ ਗਰਲਸ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੈਕਟਰ 18, ਚੰਡੀਗੜ੍ਹ ਵਿਖੇ ਆਯੋਜਿਤ ਕੀਤਾ ਗਿਆ, ਜਿਸ ਵਿੱਚ 20 ਕਲੱਸਟਰ ਸਕੂਲਾਂ ਦੇ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ (ਸੀਡਬਲਿਊਐੱਸਐੱਨ) ਸਹਿਤ ਲਗਭਗ 300 ਵਿਦਿਆਰਥੀਆਂ ਨੇ ਹਿੱਸਾ ਲਿਆ। ਕਲੱਸਟਰ 13 ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਉਸ ਤੋਂ ਬਾਅਦ ਕਲੱਸਟਰ 19 ਦੂਸਰੇ ਸਥਾਨ ’ਤੇ ਅਤੇ ਕਲੱਸਟਰ 11 ਤੀਸਰੇ ਸਥਾਨ ’ਤੇ ਰਿਹਾ। ਜੇਤੂਆਂ ਨੂੰ ਵਧਾਈ ਦਿੰਦੇ ਹੋਏ ਪ੍ਰਸ਼ਾਸਕ ਨੇ ਉਨ੍ਹਾਂ ਨੂੰ ਆਪਣੀ ਪ੍ਰਤਿਭਾ ਨੂੰ ਵਿਕਸਿਤ ਕਰਦੇ ਰਹਿਣ ਲਈ ਉਤਸ਼ਾਹਿਤ ਕੀਤਾ। ਜੇਤੂ ਟੀਮ 18 ਨਵੰਬਰ, 2026 ਨੂੰ ਚੰਡੀਗੜ੍ਹ ਵਿੱਚ ਰੀਜਨਲ-ਲੈਵਲ ਫੈਸਟੀਵਲ ਵਿੱਚ ਚੰਡੀਗੜ੍ਹ ਦੀ ਪ੍ਰਤੀਨਿਧਤਾ ਕਰੇਗੀ, ਜਿਸ ਦੇ ਨਾਲ 3 ਦਸੰਬਰ, 2026 ਨੂੰ ਦਿੱਲੀ ਵਿੱਚ ਨੈਸ਼ਨਲ-ਲੈਵਲ ਫੈਸਟੀਵਲ ਵਿੱਚ ਹਿੱਸਾ ਲੈਣ ਦਾ ਅਵਸਰ ਮਿਲੇਗਾ।

ਪ੍ਰਸ਼ਾਸਕ ਦੇ ਨਾਲ ਸਕੱਤਰ ਸਿੱਖਿਆ ਸੁਸ਼੍ਰੀ ਪ੍ਰੇਰਣਾ ਪੁਰੀ, ਡਾਇਰੈਕਟਰ ਸਕੂਲ ਸਿੱਖਿਆ ਸ਼੍ਰੀ ਨਿਤੀਸ਼ ਸਿੰਗਲਾ, ਅਤੇ ਸਕੂਲ ਸਿੱਖਿਆ ਵਿਭਾਗ, ਯੂ.ਟੀ. ਚੰਡੀਗੜ੍ਹ ਦੇ ਹੋਰ ਅਧਿਕਾਰੀ ਅਤੇ ਅਧਿਆਪਕ ਮੌਜੂਦ ਸਨ।

ਭਾਸ਼ਾ ਵਿਭਾਗ ਵੱਲੋਂ ਵਿਦਿਆਰਥੀਆਂ ਦੇ ਜ਼ਿਲ੍ਹਾ ਪੱਧਰੀ ਕਵਿਤਾ ਗਾਇਨ ਅਤੇ ਸਾਹਿਤ ਸਿਰਜਣ ਮੁਕਾਬਲੇ ਕਰਵਾਏ



ਸ੍ਰੀ ਫਤਹਿਗੜ੍ਹ ਸਾਹਿਬ,10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿਦਿਆਰਥੀਆਂ ਦੀਆਂ ਸਿਰਜਣਾਤਮਕ ਅਤੇ ਸੁਹਜਾਤਮਕ ਰੁਚੀਆਂ ਨੂੰ ਪ੍ਰਫੁੱਲਿਤ ਕਰਨ ਦੇ ਉਦੇਸ਼ ਨਾਲ ਜ਼ਿਲ੍ਹਾ ਭਾਸ਼ਾ ਦਫ਼ਤਰ, ਫ਼ਤਹਿਗੜ੍ਹ ਸਾਹਿਬ ਵਲੋਂ ਵਿਦਿਆਰਥੀਆਂ ਦੇ ਪੰਜਾਬੀ ਕਵਿਤਾ ਗਾਇਨ ਅਤੇ ਸਾਹਿਤ ਸਿਰਜਣ ਦੇ ਜ਼ਿਲ੍ਹਾ ਪੱਧਰੀ ਮੁਕਾਬਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਕਰਵਾਏ ਗਏ।

ਇਨ੍ਹਾਂ ਮੁਕਾਬਲਿਆਂ ਵਿੱਚ ਜ਼ਿਲ੍ਹੇ ਭਰ ਦੇ ਸਰਕਾਰੀ, ਅਰਧ-ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਭਾਸ਼ਾ ਦਫ਼ਤਰ ਦੇ ਖੋਜ ਅਫ਼ਸਰ ਸੰਦੀਪ ਸਿੰਘ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਦਾ ਮੁੱਖ ਮੰਤਵ ਵਿਦਿਆਰਥੀਆਂ ਅੰਦਰ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਪ੍ਰਤੀ ਰੁਚੀ ਪੈਦਾ ਕਰਨ ਦੇ ਨਾਲ-ਨਾਲ ਉਨ੍ਹਾਂ ਦੀਆਂ ਕਲਾਤਮਕ ਅਤੇ ਸਾਹਿਤਕ ਪ੍ਰਤਿਭਾਵਾਂ ਨੂੰ ਮੰਚ ਪ੍ਰਦਾਨ ਕਰਨਾ ਹੈ।

ਉਨ੍ਹਾਂ ਦੱਸਿਆ ਕਿ ਪੰਜਾਬੀ ਕਵਿਤਾ ਗਾਇਨ ਮੁਕਾਬਲੇ ਵਿੱਚ ਸੇਂਟ ਫ਼ਰੀਦ ਪਬਲਿਕ ਸਕੂਲ ਦੀ ਵਿਦਿਆਰਥਣ ਸ਼ਗਨਪ੍ਰੀਤ ਕੌਰ ਨੇ ਪਹਿਲਾ, ਮਾਤਾ ਗੁਜਰੀ ਸਕੂਲ ਆਫ਼ ਐਮੀਨੈਂਸ ਦੇ ਵਿਦਿਆਰਥੀ ਜਸਪਿੰਦਰ ਸਿੰਘ ਨੇ ਦੂਜਾ ਅਤੇ ਇਸੇ ਸਕੂਲ ਦੀ ਵਿਦਿਆਰਥਣ ਪ੍ਰਭਜੋਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।

ਕਹਾਣੀ ਰਚਨਾ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਲਾੜ੍ਹੀ ਕਲਾਂ ਦੀ ਵਿਦਿਆਰਥਣ ਸਵਨੀਤ ਕੌਰ ਨੇ ਪਹਿਲਾ, ਜੀਸਸ ਸੇਵੀਅਰਜ਼ ਸਕੂਲ, ਫ਼ਤਹਿਗੜ੍ਹ ਸਾਹਿਬ ਦੀ ਵਿਦਿਆਰਥਣ ਹਰਲੀਨ ਕੌਰ ਨੇ ਦੂਜਾ ਅਤੇ ਸਰਕਾਰੀ ਹਾਈ ਸਕੂਲ ਮਾਧੋਪੁਰ ਦੀ ਵਿਦਿਆਰਥਣ ਹਰਸਿਮਰਨ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਕਵਿਤਾ ਰਚਨਾ ਮੁਕਾਬਲੇ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਬੱਸੀ ਪਠਾਣਾ ਦੀ ਵਿਦਿਆਰਥਣ ਸਿਮਰਨਜੀਤ ਕੌਰ ਨੇ ਪਹਿਲਾ, ਐੱਸ.ਐੱਨ.ਏ.ਐੱਸ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਮੰਡੀ ਗੋਬਿੰਦਗੜ੍ਹ ਦੀ ਵਿਦਿਆਰਥਣ ਸਿਮਰਨ ਮਿੱਤਲ ਨੇ ਦੂਜਾ ਅਤੇ ਬੀ.ਜੇ.ਐੱਸ.ਐੱਫ.ਐੱਸ. ਸੀਨੀਅਰ ਸੈਕੰਡਰੀ ਸਕੂਲ, ਫ਼ਤਹਿਗੜ੍ਹ ਸਾਹਿਬ ਦੇ ਵਿਦਿਆਰਥੀ ਮੁਹੰਮਦ ਆਬਿਦ ਨੇ ਤੀਜਾ ਸਥਾਨ ਹਾਸਲ ਕੀਤਾ।

ਇਸੇ ਤਰ੍ਹਾਂ ਲੇਖ ਰਚਨਾ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੋਟਲਾ ਬਜਵਾੜਾ ਦੀ ਵਿਦਿਆਰਥਣ ਤਮੰਨਾ ਨੇ ਪਹਿਲਾ, ਜੀਸਸ ਸੇਵੀਅਰਜ਼ ਸਕੂਲ ਦੇ ਵਿਦਿਆਰਥੀ ਸਮਰਪ੍ਰੀਤ ਸਿੰਘ ਨੇ ਦੂਜਾ ਅਤੇ ਸੇਂਟ ਫ਼ਰੀਦ ਪਬਲਿਕ ਸਕੂਲ ਦੀ ਵਿਦਿਆਰਥਣ ਹਰਨੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਮੁਕਾਬਲਿਆਂ ਦੇ ਹਰੇਕ ਵਰਗ ਵਿੱਚ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ 1000, 750 ਅਤੇ 500 ਰੁਪਏ ਦੀ ਨਕਦ ਇਨਾਮੀ ਰਾਸ਼ੀ ਦੇ ਨਾਲ-ਨਾਲ ਭਾਸ਼ਾ ਵਿਭਾਗ ਵੱਲੋਂ ਜਾਰੀ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਚਿੰਤਾਜਨਕ: ਐਡਵੋਕੇਟ ਬਿਕਰਮ ਸਿੰਘ ਸਿੱਧੂ



ਲੁਧਿਆਣਾ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਜਪਾ ਪੰਜਾਬ ਦੇ ਕਾਰਜਕਾਰਨੀ ਮੈਂਬਰ ਅਤੇ ਸੀਨੀਅਰ ਐਡਵੋਕੇਟ ਬਿਕਰਮ ਸਿੰਘ ਸਿੱਧੂ ਨੇ ਪੰਜਾਬ ਦੀ ਮੌਜੂਦਾ ਕਾਨੂੰਨ ਵਿਵਸਥਾ ’ਤੇ ਸਵਾਲ ਚੁੱਕਦਿਆਂ ਕਿਹਾ ਕਿ ਸੂਬੇ ਵਿੱਚ ਕਤਲ, ਫਿਰੌਤੀਆਂ ਅਤੇ ਗੁੰਡਾਗਰਦੀ ਦੀਆਂ ਘਟਨਾਵਾਂ ਕਾਰਨ ਆਮ ਲੋਕਾਂ ਵਿੱਚ ਡਰ ਦਾ ਮਾਹੌਲ ਹੈ। ਉਨ੍ਹਾਂ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਵਿੱਚ ਪ੍ਰਸ਼ਾਸਨ ਨਾਕਾਮ ਰਿਹਾ ਹੈ।

ਉਨ੍ਹਾਂ ਲੁਧਿਆਣਾ ਸੈਂਟਰਲ ਹਲਕੇ ਵਿੱਚ ਇੱਕ ਨੌਜਵਾਨ ਲੜਕੀ ਵੱਲੋਂ ਖੁਦਕੁਸ਼ੀ ਕੀਤੇ ਜਾਣ ਦੇ ਮਾਮਲੇ ਦਾ ਜ਼ਿਕਰ ਕਰਦਿਆਂ ਦੋਸ਼ ਲਾਇਆ ਕਿ ਕਥਿਤ ਮੁਲਜ਼ਮ ਦੇਵਾਂਸ਼ੂ ਬੱਗਾ ਵੱਲੋਂ ਲੜਕੀ ਨੂੰ ਧਮਕਾਉਣ ਅਤੇ ਪ੍ਰੇਸ਼ਾਨ ਕਰਨ ਕਾਰਨ ਇਹ ਦੁਖਦਾਈ ਘਟਨਾ ਵਾਪਰੀ। ਉਨ੍ਹਾਂ ਅਨੁਸਾਰ, ਇਸ ਮਾਮਲੇ ਵਿੱਚ 3 ਨਵੰਬਰ 2026 ਨੂੰ ਦੇਵਾਂਸ਼ੂ ਬੱਗਾ ਅਤੇ ਕੁਝ ਹੋਰ ਵਿਅਕਤੀਆਂ ਖ਼ਿਲਾਫ਼ ਬੀਐਨਐਸ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਐਡਵੋਕੇਟ ਸਿੱਧੂ ਨੇ ਪੁਲਿਸ ਕਮਿਸ਼ਨਰ ਲੁਧਿਆਣਾ ਤੋਂ ਮੰਗ ਕੀਤੀ ਕਿ ਮਾਮਲੇ ਦੀ ਨਿਰਪੱਖ ਜਾਂਚ ਕਰਕੇ ਸਾਰੇ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਪੀੜਤ ਪਰਿਵਾਰ ਨੂੰ ਇਨਸਾਫ਼ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਪੁਲਿਸ ਨੇ ਤੁਰੰਤ ਕਾਰਵਾਈ ਨਾ ਕੀਤੀ ਤਾਂ ਉਹ ਆਮ ਲੋਕਾਂ ਨੂੰ ਨਾਲ ਲੈ ਕੇ ਪੁਲਿਸ ਕਮਿਸ਼ਨਰ ਦਫ਼ਤਰ ਅੱਗੇ ਪ੍ਰਦਰਸ਼ਨ ਕਰਨਗੇ ਅਤੇ ਮਾਮਲੇ ਦੀ ਨਿੱਜੀ ਪੱਧਰ ’ਤੇ ਪੈਰਵੀ ਵੀ ਕਰਨਗੇ।

ਉਨ੍ਹਾਂ ਕਿਹਾ ਕਿ ਪੁਲਿਸ ਦੀ ਮੁੱਖ ਜ਼ਿੰਮੇਵਾਰੀ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਅਤੇ ਸ਼ਹਿਰ ਵਿੱਚ ਅਮਨ-ਕਾਨੂੰਨ ਕਾਇਮ ਰੱਖਣਾ ਹੈ। ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਨੂੰ ਅਜਿਹੀਆਂ ਘਟਨਾਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਦੋਸ਼ੀਆਂ ਖ਼ਿਲਾਫ਼ ਬਿਨਾਂ ਕਿਸੇ ਦਬਾਅ ਦੇ ਕਾਰਵਾਈ ਕਰਨੀ ਚਾਹੀਦੀ ਹੈ।

ਪੰਜਾਬ ਪੁਲਿਸ ਨੇ ਸੂਬੇ ਭਰ ਦੇ 214 ਬੱਸ ਅੱਡਿਆਂ ’ਤੇ ਤਲਾਸ਼ੀ ਮੁਹਿੰਮ ਚਲਾਈ

ਚੰਡੀਗੜ੍ਹ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਅਨੁਸਾਰ ਸੂਬੇ ਭਰ ਵਿੱਚ ਦੀਵਾਲੀ ਦੇ ਤਿਉਹਾਰ ਨੂੰ ਸੁਰੱਖਿਅਤ ਅਤੇ ਸ਼ਾਂਤੀਪੂਰਵਕ ਢੰਗ ਨਾਲ ਮਨਾਉਣਾ ਯਕੀਨੀ ਬਣਾਉਣ ਲਈ, ਪੰਜਾਬ ਪੁਲਿਸ ਵੱਲੋਂ ਅੱਜ ਸੂਬੇ ਭਰ ਦੇ 214 ਬੱਸ ਅੱਡਿਆਂ ’ਤੇ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ (ਕਾਸੋ) ਚਲਾਈ ਗਈ।

ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ’ਤੇ ਇਹ ਮੁਹਿੰਮ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ ਇੱਕੋ ਸਮੇਂ ਚਲਾਈ ਗਈ।

ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਪ੍ਰਵੀਨ ਸਿਨਹਾ, ਜੋ ਨਿੱਜੀ ਤੌਰ ‘ਤੇ ਇਸ ਸੂਬਾ-ਪੱਧਰੀ ਅਪਰੇਸ਼ਨ ਦੀ ਨਿਗਰਾਨੀ ਕਰ ਰਹੇ ਸਨ, ਨੇ ਦੱਸਿਆ ਕਿ ਇਸ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਸਾਰੇ ਸੀਪੀਜ਼/ਐੱਸਐੱਸਪੀਜ਼ ਨੂੰ ਗਜ਼ਟਿਡ ਅਧਿਕਾਰੀਆਂ ਦੀ ਅਗਵਾਈ ਹੇਠ ਭਾਰੀ ਪੁਲਿਸ ਬਲ ਤਾਇਨਾਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਸੂਬੇ ਦੇ ਬੱਸ ਅੱਡਿਆਂ ’ਤੇ ਚਲਾਈ ਗਈ ਇਸ ਮੁਹਿੰਮ ਦੌਰਾਨ 1161 ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਲਈ ਗਈ।

ਸਪੈਸ਼ਲ ਡੀਜੀਪੀ ਨੇ ਜਾਣਕਾਰੀ ਦਿੱਤੀ ਕਿ 100 ਤੋਂ ਵੱਧ ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1500 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 216 ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ ਛਾਪੇਮਾਰੀ ਕੀਤੀ।

ਇਸ ਤੋਂ ਇਲਾਵਾ, ਪੁਲਿਸ ਟੀਮਾਂ ਨੇ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਦੇ 613ਵੇਂ ਦਿਨ ਅੱਜ 301 ਥਾਵਾਂ ’ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ ਸੂਬੇ ਭਰ ਵਿੱਚ 86 ਐਫਆਈਆਰਜ਼ ਦਰਜ ਕਰਕੇ 112 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 613 ਦਿਨਾਂ ਦੇ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 91,031 ਤੱਕ ਪਹੁੰਚ ਗਈ ਹੈ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਇਸ ਛਾਪੇਮਾਰੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਕੋਲੋਂ 2.5 ਕਿਲੋ ਹੈਰੋਇਨ, 2.5 ਕਿਲੋ ਅਫ਼ੀਮ, 488 ਨਸ਼ੀਲੀਆਂ ਗੋਲੀਆਂ ਅਤੇ 2.24 ਲੱਖ ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਅੰਬਰ ਐਂਟਰਪ੍ਰਾਇਜਿਜ਼ ਵੱਲੋਂ 80 ਅਸਾਮੀਆਂ ਦੀ ਭਰਤੀ ਲਈ 15 ਨਵੰਬਰ ਤੱਕ ਵਾਕ-ਇਨ ਇੰਟਰਵਿਊ

ਪਟਿਆਲਾ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਅੰਬਰ ਐਂਟਰਪ੍ਰਾਇਜਿਜ਼ ਵੱਲੋਂ 80 ਅਸਾਮੀਆਂ ਦੀ ਭਰਤੀ ਲਈ ਮਿਤੀ 27 ਅਕਤੂਬਰ ਤੋਂ ਕੀਤੀ ਜਾ ਰਹੀ ਵਾਕ-ਇੰਨ ਇੰਟਰਵਿਊ 15 ਨਵੰਬਰ ਤੱਕ ਕੀਤੀ ਜਾ ਰਹੀ।\

ਇਸ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ ਦੇ ਡਿਪਟੀ ਡਾਇਰੈਕਟਰ ਰਵਿੰਦਰਪਾਲ ਸਿੰਘ ਨੇ ਦੱਸਿਆ ਕਿ ਅੰਬਰ ਐਂਟਰਪ੍ਰਾਇਜਿਜ਼ ਵੱਲੋਂ ਪੇਂਟਰ, ਵੈਲਡਰ ਅਤੇ ਪ੍ਰੈਸ ਉਪਰੇਟਰ ਲਈ 80 ਅਸਾਮੀਆਂ ਦੀ ਭਰਤੀ ਕੀਤੀ ਜਾਣੀ ਹੈ। ਇੰਟਰਵਿਊ ਲਈ ਵਿਦਿਅਕ ਯੋਗਤਾ 12ਵੀਂ, ਆਈ.ਟੀ.ਆਈ ਅਤੇ ਡਿਪਲੋਮਾ ਹੋਣਾ ਚਾਹੀਦਾ ਹੈ। ਪ੍ਰਾਰਥੀ ਦੀ ਉਮਰ 18 ਤੋਂ 45 ਸਾਲ ਤੇ ਇਹਨਾ ਅਸਾਮੀਆਂ ਲਈ ਲੜਕੇ-ਲੜਕੀਆਂ ਦੋਵੇ ਹੀ ਇੰਟਰਵਿਊ ਦੇ ਸਕਦੇ ਹਨ। ਪ੍ਰਾਰਥੀ ਨੂੰ ਯੋਗਤਾ ਅਨੁਸਾਰ 20,000 ਤੋਂ 25,000 ਤੱਕ ਤਨਖਾਹ ਦਿੱਤੀ ਜਾਵੇਗੀ। ਇੰਟਰਵਿਊ ਦਾ ਸਥਾਨ ਅੰਬਰ ਐਂਟਰਪ੍ਰਾਇਜਿਜ਼, ਪਲਾਟ ਨੰ: ਸੀ-12, ਫੋਕਲ ਪੁਆਇੰਟ ਰਾਜਪੁਰਾ ਹੈ।

ਹੋਰ ਵਧੇਰੇ ਜਾਣਕਾਰੀ ਲਈ ਅੰਬਰ ਕੰਪਨੀ ਦੇ ਦਫ਼ਤਰ ਦੇ ਨੰਬਰ 9276428485, 9216428446 ਤੇ ਸੰਪਰਕ ਕਰ ਸਕਦੇ ਹਨ। ਇਸ ਵਾਕ-ਇੰਨ ਇੰਟਰਵਿਊ ਲਈ ਕੋਈ ਟੀ.ਏ/ਡੀ.ਏ ਮਿਲਣਯੋਗ ਨਹੀ ਹੋਵੇਗਾ।

ਮੁਲਤਾਨੀ ਮਲ ਮੋਦੀ ਕਾਲਜ ਪਟਿਆਲਾ ਵੱਲੋਂ ਵਿਕਸਿਤ ਭਾਰਤ ਯੂਥ ਪਾਰਲੀਮੈਂਟ ਦਾ ਆਯੋਜਨ



ਪਟਿਆਲਾ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੇਰਾ ਯੁਵਾ ਭਾਰਤ ਅਤੇ ਮੁਲਤਾਨੀ ਮਲ ਮੋਦੀ ਕਾਲਜ ਪਟਿਆਲਾ ਵੱਲੋਂ ਵਿਕਸਿਤ ਭਾਰਤ ਯੂਥ ਪਾਰਲੀਮੈਂਟ ਦਾ ਆਯੋਜਨ ਕਾਨਫਰਸ ਹਾਲ ਮੁਲਤਾਨੀ ਮੁਲ ਮੋਦੀ ਕਾਲਜ ਪਟਿਆਲਾ ਵਿਖੇ ਕੀਤਾ ਗਿਆ। ਪ੍ਰੋਗਰਾਮ ਵਿੱਚ ਡਾਕਟਰ ਨੀਰਜ ਗੋਇਲ ਪ੍ਰਿੰਸੀਪਲ ਮੁਲਤਾਨੀ ਮਲ ਮੋਦੀ ਕਾਲਜ ਪਟਿਆਲਾ ਜੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਵਿੱਚ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਕਾਲਜਾਂ ਤੇ ਯੂਨੀਵਰਸਿਟੀ ਵਿੱਚੋਂ ਲਗਭਗ 60 ਨੌਜਵਾਨਾਂ ਨੇ ਇੱਕ ਰਾਸ਼ਟਰ ਇੱਕ ਮਤਦਾਨ ਵਿਸ਼ੇ ਉੱਤੇ ਆਪਣਾ ਭਾਸ਼ਣ ਦਿੱਤਾ। ਭਾਸ਼ਣ ਪ੍ਰਤੋਗਿਤਾ ਵਿੱਚ ਪਹਿਲਾ ਸਥਾਨ ਮਨਬੀਰ ਕੌਰ ਦੂਜਾ ਸਥਾਨ ਏਕਮ ਪ੍ਰੀਤ ਕੌਰ ਤੀਜਾ ਸਥਾਨ ਖੁਸ਼ੀ ਨੂੰ ਹਾਸਿਲ ਹੋਇਆ। ਪ੍ਰੋਗਰਾਮ ਵਿੱਚ ਡਾਕਟਰ ਅਭਿਨਵ ਭੰਡਾਰੀ ਡਾਕਟਰ ਜਸਵਿੰਦਰ ਕੌਰ ਸ਼੍ਰੀਮਤੀ ਬਲਜਿੰਦਰ ਕੌਰ ਔਜਲਾ, ਡਾਕਟਰ ਰੁਪਿੰਦਰ ਸ਼ਰਮਾ, ਅਤੇ ਡਾਕਟਰ ਪ੍ਰੀਤੀ ਭਾਟੀਆ ਜੀ ਵੱਲੋਂ ਜੱਜ ਦੀ ਭੂਮਿਕਾ ਨਿਭਾਈ ਗਈ। ਸਟੇਜ ਦਾ ਸੰਚਾਲਨ ਮੁਲਤਾਨੀ ਮਲ ਮੋਦੀ ਕਾਲਜ ਦੀ ਵਿਦਿਆਰਥਨਾ ਅਮਨਜੋਤ ਕੌਰ ਦਿਲਜੀਤ ਕੌਰ ਅਤੇ ਸਮ੍ਰਿਤੀ ਸਿੰਗਲਾ ਵੱਲੋਂ ਕੀਤਾ ਗਿਆ। ਪ੍ਰੋਗਰਾਮ ਦਾ ਆਯੋਜਨ ਵਿਚ ਜਿਲਾ ਯੂਥ ਅਫਸਰ ਕਾਰਤਿਕ ਸਿੰਗਲਾ, ਲੇਖਪਾਲ ਜਿਤੇਂਦਰਾ ਕੁਮਾਰ ਤੇ ਦਫ਼ਤਰ ਸਹਾਇਕ ਇੰਦਰਪ੍ਰੀਤ ਸਿੰਘ ਨੇ ਮੁੱਖ ਭੂਮਿਕਾ ਨਿਭਾਇ। ਪ੍ਰੋਗਰਾਮ ਦੇ ਸੁਚਾਰੂ ਸੰਚਾਲਨ ਵਿੱਚ ਮੇਰਾ ਯੁਵਾ ਭਾਰਤ ਦੇ ਵੌਲੰਟੀਅਰਾਂ ਨੇ ਅਹਿਮ ਭੂਮਿਕਾ ਨਿਭਾਈ ਜਿਸ ਵਿੱਚ ਲਵਿਆ ਕੇਸ਼ਵ ਹਾਰਦਿਕ ਸ਼ਿਵਮ ਸਿਮਰਨ ਤੇ ਰਜਨੀ ਸ਼ਾਮਲ ਸਨ। ਕਾਲਜ ਵੱਲੋਂ ਡਾਕਟਰ ਸੰਜੀਵ ਕੁਮਾਰ ਨੇ ਕਾਰੇਕਰਮ ਦੇ ਸੁਚਾਰੂ ਆਯੋਜਨ ਵਿੱਚ ਮੁੱਖ ਭੂਮਿਕਾ ਨਿਭਾਈ। ਪ੍ਰੋਗਰਾਮ ਦੇ ਅੰਤ ਵਿੱਚ ਪਹਿਲੇ ਦੂਜੇ ਤੇ ਤੀਜੇ ਸਥਾਨ ਤੇ ਆਉਣ ਵਾਲੇ ਨੌਜਵਾਨਾਂ ਨੂੰ ਟਰੌਫੀ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ ਤੇ ਨਾਲ ਹੀ ਸਾਰੇ ਪ੍ਰਤਿਭਾਗੀਆ ਨੂੰ ਸਰਟੀਫਿਕੇਟ ਦੇ ਕੇ ਹੌਸਲਾ ਅਫਜਾਈ ਕੀਤੀ ਗਈ। ਪਹਿਲੇ ਤਿੰਨ ਸਥਾਨ ਤੇ ਰਹਿਣ ਵਾਲੇ ਨੌਜਵਾਨ ਪਟਿਆਲਾ ਜ਼ਿਲ੍ਹੇ ਦਾ ਰਾਜ ਪੱਧਰੀ ਮੁਕਾਬਲੇ ਵਿੱਚ ਪ੍ਰਤੀਨਿਧ ਕਰਨਗੇ।

ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਨੂੰ ਸਮਰਪਿਤ ਲੰਗਰ ਅਯੋਜਨ ਮੌਕੇ ਆਪਸੀ ਏਕਤਾ ਅਤੇ ਦਲਿਤ ਆਰਥਿਕ ਪੱਧਰ ਨੂੰ ਮਜਬੂਤ ਕਰਨ ਦਾ ਲਿਆ ਸੰਕਲਪ



ਪਟਿਆਲਾ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਗਵਾਨ ਵਾਲਮੀਕਿ ਪ੍ਰਗਟ ਦਿਵਸ ਨੂੰ ਸਮਰਪਿਤ ਵਾਲਮੀਕਿ, ਮਜ਼ਬੀ ਸਿੱਖ ਭਾਈਚਾਰੇ ਵੱਲੋਂ ਪਿੰਡ ਸੇ ?ਖੂਪੁਰ ਵਿਖੇ ਅਤੁੱਟ ਲੰਗਰ ਵਰਤਾਇਆ ਗਿਆ, ਜਿਸ ਦੌਰਾਨ ਅਧਿਕਾਰ ਸੰਘਰਸ਼ ਪਾਰਟੀ, ਹਲਕਾ ਘਨੌਰ ਦੇ ਇੰਚਾਰਜ ਸਲਿੰਦਰਪਾਲ ਸਿੰਘ ਅਤੇ ਸਵਰਨ ਸਿੰਘ ਜਿਲ੍ਹਾ ਪ੍ਰਧਾਨ ਦਿਹਾਤੀ ਵੱਲੋਂ ਵਿਸ਼ੇ ?ਸ਼ ਹਾਜਰੀ ਲਗਵਾਈ ਗਈ ।

ਇਸ ਉਪਰੰਤ ਮੌਜੂਦ ਦਲਿਤ ਭਾਈਚਾਰੇ ਨਾਲ ਸਬੰਧਤ ਕੁੱਝ ਵਿਅਕਤੀਆਂ ਵੱਲੋਂ ਆਪਣੀਆਂ ਸਮੱਸਿਆਵਾਂ ਤੋਂ ਇਨ੍ਹਾਂ ਨੇਤਾਵਾਂ ਨੂੰ ਜਾਣੂ ਕਰਵਾਇਆ ਗਿਆ । ਜਿਨ੍ਹਾਂ ਨੇ ਅਧਿਕਾਰ ਸੰਘਰਸ਼ ਪਾਰਟੀ ਦੇ ਅਹੁਦੇਦਾਰਾਂ ਦੇ ਨਾਲ ਆਪਣੇ ਅਧਿਕਾਰਾਂ ਅਤੇ ਸਹੀ ਪ੍ਰਤੀਨਿਧਤਾ ਲਈ ਲਾਮਬੰਦ ਹੋਣ ਦਾ, ਨੌਜਵਾਨ ਪੀੜੀ ਨੂੰ ਨਸਿ ?ਆਂ ਵਰਗੀਆਂ ਕੁਰੀਤੀਆਂ ਦੇ ਵਿਰੁੱਧ ਲਾਮਬੰਦ ਹੋਣ, ਭਗਵਾਨ ਵਾਲਮੀਕਿ ਜੀ ਵੱਲੋਂ ਦਰਸਾਏ ਮਾਰਗ ਸੱਚ, ਸਮਾਨਤਾ ਅਤੇ ਆਪਸੀ ਏਕਤਾ ਨੂੰ ਮਜਬੂਤ ਕਰਨ ਅਤੇ ਦਲਿਤ ਵਰਗ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦਾ ਸੰਕਲਪ ਲਿਆ।

ਇਸ ਮੌਕੇ ਤੇ ਅਧਿਕਾਰ ਸੰਘਰਸ਼ ਪਾਰਟੀ ਦੇ ਹਲਕਾ ਘਨੌਰ ਦੇ ਇੰਚਾਰਜ ਸਲਿੰਦਰਪਾਲ ਸਿੰਘ ਨੇ ਕਿਹਾ ਕਿ ਪਿੰਡਾਂ ਵਿਚ ਵਸਦੇ ਬਹੁਗਿਣਤੀ ਦਲਿਤ ਪਰਿਵਾਰਾਂ ਦੀ ਆਰਥਿਕ ਸਥਿਤੀ ਅਤੀ ਕਮਜੌਰ ਅਤੇ ਚਿੰਤਾਜਨਕ ਬਣੀ ਹੋਈ ਹੈ । ਜਿਆਦਾਤਰ ਦਲਿਤ ਪਰਿਵਾਰ ਖੇਤੀ—ਬਾੜੀ ਅਤੇ ਮਜਦੂਰੀ ਹੀ ਕਰਦੇ ਹਨ। ਜਿਨ੍ਹਾ ਨੂੰ ਸੀਜਨ ਮੁਤਾਬਿਕ ਹੀ ਕੰਮ ਮਿਲਦਾ ਹੈ । ਇਨ੍ਹਾਂ ਪਰਿਵਾਰਾਂ ਨੂੰ ਕਰਜੇ ਅਸਾਨੀ ਨਾਲ ਨਾ ਮਿਲਣ ਕਾਰਨ ਮਹਿੰਗੇ ਵਿਆਜਾਂ ਦਾ ਭੁਗਤਾਨ ਕਰਨਾ ਪੈਂਦਾ ਹੈ । ਉਨ੍ਹਾਂ ਕਿਹਾ ਕਿ ਸਾਨੂੰ ਅੱਜ ਆਪਣੇ ਅਧਿਕਾਰਾਂ ਦੀ ਰਾਖੀ ਅਤੇ ਦਲਿਤਾਂ ਦੇ ਆਰਥਿਕ ਪੱਧਰ ਨੂੰ ਉੱਚਾ ਚੁੱਕਣ ਲਈ ਇੱਕ ਦੂਜੇ ਦਾ ਸਹਿਯੋਗ ਕਰਨ ਅਤੇ ਸੰਘਰਸ਼ ਨੂੰ ਤੇਜ਼ ਕਰਨ ਦੀ ਲੋੜ ਹੈ । ਇਸ ਮੌਕੇ ਬਾਗੜੀ ਰਾਮ ਬਿਡਲਾਨ, ਤਰਸੇਮ ਸਿੰਘ, ਬਲਬੀਰ ਸਿੰਘ, ਭਾਗ ਸਿੰਘ, ਜ਼ੋਰਾ ਸਿੰਘ, ਗੁਰਧਿਆਨ ਸਿੰਘ, ਆਸ਼ੂ, ਅਵਤਾਰ ਸਿੰਘ, ਨਿਰਮਲ ਸਿੰਘ ਆਦਿ ਸ਼ਾਮਲ ਸਨ।

ਜਨਗਣਨਾ 2027 ਦੇ ਦੂਸਰੇ ਪੜਾਅ ’ਤੇ ਤੀਸਰੀ ਸਟੇਟ ਲੈਵਲ ਸੈਂਸਸ ਕੋਆਰਡੀਨੇਸ਼ਨ- ਅਤੇ- ਪ੍ਰਿੰਸੀਪਲ ਸੈਂਸਸ ਅ.ਫਸਰ ਕਾਨਫਰੰਸ ਚੰਡੀਗੜ੍ਹ ਵਿੱਚ ਆਯੋਜਿਤ

ਚੰਡੀਗੜ੍ਹ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜਨਗਣਨਾ 2027 (ਜਨਸੰਖਿਆ ਗਣਨਾ) ਦੇ ਦੂਸਰੇ ਪੜਾਅ ’ਤੇ ਤੀਸਰੀ ਸਟੇਟ ਲੈਵਲ ਸੈਂਸਸ ਕੋਆਰਡੀਨੇਸ਼ਨ-ਅਤੇ- ਪ੍ਰਿੰਸੀਪਲ ਸੈਂਸਸ ਅਫ਼ਸਰ ਕਾਨਫਰੰਸ ਅੱਜ ਯੂ.ਟੀ. ਸਕੱਤਰੇਤ, ਸੈਕਟਰ 9, ਚੰਡੀਗੜ੍ਹ ਵਿੱਚ ਸ਼੍ਰੀ ਐੱਚ. ਰਾਜੇਸ਼ ਪ੍ਰਸਾਦ, ਆਈਏਐੱਸ, ਮੁੱਖ ਸਕੱਤਰ, ਯੂ.ਟੀ. ਚੰਡੀਗੜ੍ਹ ਦੀ ਪ੍ਰਧਾਨਗੀ ਵਿੱਚ ਆਯੋਜਿਤ ਕੀਤੀ ਗਈ।



ਕਾਨਫਰੰਸ ਵਿੱਚ ਸਟੇਟ ਲੈਵਲ ਸੈਂਸਸ ਕੋਆਰਡੀਨੇਸ਼ਨ ਕਮੇਟੀ ਦੇ ਮੈਂਬਰ, ਪ੍ਰਿੰਸੀਪਲ ਸੈਂਸਸ ਅਫ਼ਸਰ, ਡਿਸਟ੍ਰਿਕਟ ਸੈਂਸਸ ਅਫ਼ਸਰ, ਚਾਰਜ ਅਫ਼ਸਰ, ਭਾਰਤ ਦੇ ਰਜਿਸਟਰਾਰ ਜਨਰਲ ਤੇ ਸੈਂਸਸ ਕਮਿਸ਼ਨਰ ਦਫ਼ਤਰ (ਓਆਰਜੀਆਈ), ਨਵੀਂ ਦਿੱਲੀ ਦੇ ਡਾਇਰੈਕਟਰ ਸ਼੍ਰੀ ਐੱਸ.ਐੱਨ. ਸ਼ਰਮਾ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਹੋਰ ਸੀਨੀਅਰ ਅਧਿਕਾਰੀ ਉਪਸਥਿਤ ਰਹੇ। ਡਾਇਰੈਕਟਰ, ਸੈਂਸਸ ਅਪ੍ਰੇਸ਼ਨਸ, ਚੰਡੀਗੜ੍ਹ, ਡਾ. ਨਵਜੋਤ ਖੋਸਾ, ਆਈਏਐੱਸ ਨੇ ਸੈਂਸਸ 2027 ਦੇ ਪੜਾਅ-99 ਬਾਰੇ ਵਿਸਤ੍ਰਿਤ ਪ੍ਰਸਤੁਤੀ ਦਿੱਤੀ। ਉਨ੍ਹਾਂ ਨੇ ਇਸ ਦੇ ਪ੍ਰਮੁੱਖ ਪਹਿਲੂਆਂ, ਸੰਚਾਲਨ ਸਬੰਧੀ ਜ਼ਰੂਰਤਾਂ ਅਤੇ ਚੰਡੀਗੜ੍ਹ ਦੀਆਂ ਤਿਆਰੀਆਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਪਹਿਲੇ ਪੜਾਅ- ਮਕਾਨ ਸੂਚੀਕਰਣ ਅਤੇ ਆਵਾਸ ਗਣਨਾ- ਦੀ ਪ੍ਰਗਤੀ ਅਤੇ ਨਤੀਜਿਆਂ ਬਾਰੇ ਵੀ ਪ੍ਰਤੀਭਾਗੀਆਂ ਨੂੰ ਜਾਣੂ ਕਰਵਾਇਆ ਅਤੇ ਜਨਸੰਖਿਆ ਗਣਨਾ ਦੀਆਂ ਤਿਆਰੀਆਂ ਦੀ ਰੂਪਰੇਖਾ ਪ੍ਰਸਤੁਤ ਕੀਤੀ। ਪ੍ਰਸਤੁਤੀ ਵਿੱਚ ਸੰਚਾਲਨ ਸਬੰਧੀ ਚੁਣੌਤੀਆਂ, ਡਿਜੀਟਲ ਟੂਲਸ ਅਤੇ ਐਪਲੀਕੇਸ਼ਨਾਂ ਤੋਂ ਜਾਣੂ ਕਰਵਾਉਣ, ਅਧਿਕਾਰੀਆਂ ਅਤੇ ਫੀਲਡ ਕਰਮਚਾਰੀਆਂ ਦੀ ਟ੍ਰੇਨਿੰਗ ਅਤੇ ਸਮਰੱਥਾ ਨਿਰਮਾਣ ਅਤੇ ਅੰਤਰ-ਵਿਭਾਗੀ ਤਾਲਮੇਲ ਜਿਹੇ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ। ਕਾਨਫਰੰਸ ਵਿੱਚ ਦੱਸਿਆ ਗਿਆ ਕਿ ਚੰਡੀਗੜ੍ਹ ਵਿੱਚ ਸਵੈ-ਗਣਨਾ 10 ਜਨਵਰੀ ਤੋਂ 24 ਜਨਵਰੀ, 2027 ਤੱਕ ਕੀਤੀ ਜਾਵੇਗੀ। ਇਸ ਤੋਂ ਬਾਅਦ ਜਨਸੰਖਿਆ ਗਣਨਾ 25 ਜਨਵਰੀ ਤੋਂ 28 ਫਰਵਰੀ, 2027 ਤੱਕ ਹੋਵੇਗੀ। ਇਸ ਤੋਂ ਬਾਅਦ 1 ਤੋਂ 5 ਮਾਰਚ, 2027 ਤੱਕ ਇੱਕ ਸੋਧ ਦੌਰ ਆਯੋਜਿਤ ਕੀਤਾ ਜਾਵੇਗਾ।

ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਮੁੱਖ ਸਕੱਤਰ ਨੇ ਜਨਗਣਨਾ ਦੇ ਵਿਆਪਕ ਪੱਧਰ ਅਤੇ ਮਹੱਤਵ ਨੂੰ ਧਿਆਨ ਵਿੱਚ ਰੱਖਦੇ ਹੋਏ ਅੰਕੜਿਆਂ ਦੀ ਸਟੀਕਤਾ, ਸੂਖਮ ਤਿਆਰੀ ਅਤੇ ਅਗਾਊਂ ਯੋਜਨਾ ’ਤੇ ਬਲ ਦਿੱਤਾ। ਉਨ੍ਹਾਂ ਨੇ ਸਾਰੇ ਚਾਰਜ ਅਫ਼ਸਰਾਂ ਨੂੰ ਜਨਗਣਨਾ ਕਾਰਜ ਨੂੰ ਸਰਬਉੱਚ ਪ੍ਰਾਥਮਿਕਤਾ ਦੇਣ ਅਤੇ ਸਾਰੀਆਂ ਗਤੀਵਿਧੀਆਂ ਦੀ ਵਿਅਕਤੀਗਤ ਤੌਰ ’ਤੇ ਨਿਗਰਾਨੀ ਕਰਨ ਦੇ ਨਿਰਦੇਸ਼ ਦਿੱਤੇ, ਤਾਕਿ ਇਨ੍ਹਾਂ ਨੂੰ ਸਮਾਂਬੱਧ ਅਤੇ ਸਟੀਕ ਢੰਗ ਨਾਲ ਪੂਰਾ ਕੀਤਾ ਜਾ ਸਕੇ। ਉਨ੍ਹਾਂ ਨੇ ਸਾਰੇ ਸਬੰਧਿਤ ਵਿਭਾਗਾਂ ਅਤੇ ਅਧਿਕਾਰੀਆਂ ਨੂੰ ਸੈਂਸਸ ਅਪ੍ਰੇਸ਼ਨਸ ਡਾਇਰੈਕਟੋਰੇਟ ਨੂੰ ਪੂਰਨ ਸਹਿਯੋਗ ਅਤੇ ਸਹਾਇਤਾ ਪ੍ਰਦਾਨ ਕਰਨ ਦੇ ਵੀ ਨਿਰਦੇਸ਼ ਦਿੱਤੇ।

ਮੁੱਖ ਸਕੱਤਰ ਨੇ ਸਵੈ- ਗਣਨਾ ’ਤੇ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ’ਤੇ ਬਲ ਦਿੰਦੇ ਹੋਏ ਸੰਬੰਧਿਤ ਵਿਭਾਗਾਂ ਨੂੰ ਵਿਆਪਕ ਜਾਗਰੂਕਤਾ ਮੁਹਿੰਮਾਂ ਅਤੇ ਤਾਲਮੇਲ ਵਾਲੇ ਆਊਟਰੀਚ ਪ੍ਰਯਾਸਾਂ ਦੇ ਜ਼ਰੀਏ ਨਾਗਰਿਕਾਂ ਦੀ ਭਾਗੀਦਾਰੀ ਨੂੰ ਪ੍ਰੋਤਸਾਹਿਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਕਿਹਾ ਕਿ ਚੰਡੀਗੜ੍ਹ ਦੀ ਸੰਪੂਰਨ ਆਬਾਦੀ ਨੂੰ ਜਨਗਣਨਾ ਵਿੱਚ ਸ਼ਾਮਲ ਕਰਨਾ ਸੁਨਿਸ਼ਚਿਤ ਕਰਨ ਲਈ ਅਧਿਕਤਮ ਜਨਭਾਗੀਦਾਰੀ ਜ਼ਰੂਰੀ ਹੋਵੇਗੀ।

ਕਾਨਫਰੰਸ ਦਾ ਸਮਾਪਨ ਇੰਟਰਐਕਟਿਵ ਚਰਚਾ ਅਤੇ ਧੰਨਵਾਦ ਦੇ ਮਤੇ ਨਾਲ ਹੋਇਆ। ਇਸ ਅਵਸਰ ’ਤੇ ਯੂ.ਟੀ. ਪ੍ਰਸ਼ਾਸਨ ਅਤੇ ਸੈਂਸਸ ਅਪ੍ਰੇਸ਼ਨਸ ਡਾਇਰੈਕਟੋਰੇਟ ਨੇ ਸਟੀਕਤਾ, ਦਕਸ਼ਤਾ ਪਾਰਦਰਸ਼ਤਾ ਅਤੇ ਗੁਣਵੱਤਾ ਦੇ ਉੱਚਤਮ ਮਿਆਰਾਂ ਨਾਲ ਚੰਡੀਗੜ੍ਹ ਵਿੱਚ ਜਨਗਣਨਾ 2027 ਦੇ ਸਫ਼ਲ ਸੰਚਾਲਨ ਦੀ ਪ੍ਰਤੀਬੱਧਤਾ ਦੁਹਰਾਈ।

ਰਜਨੀਗੰਧਾ ਦੀ ਇਕ ਵਾਰੀ ਦੀ ਬਿਜਾਈ ਰਾਹੀਂ ਦੋ ਤੋਂ ਤਿੰਨ ਸਾਲ ਤਕ ਫ਼ਸਲ ਲਈ ਜਾ ਸਕਦੀ ਹੈ। ਕਿਸਾਨ ਇਸ ਦੇ ਫੁੱਲਾਂ ਦੀ ਕਾਸ਼ਤ ਬਦਲਵੀਂ ਫ਼ਸਲ ਵਜੋਂ ਕਰ ਕੇ ਵਧੇਰੇ ਲਾਭ ਪ੍ਰਾਪਤ ਕਰ ਸਕਦੇ ਹਨ...

• ਡਾ. ਮਧੂ ਬਾਲਾ

ਰਜਨੀਗੰਧਾ

ਰਜਨੀਗੰਧਾ ਇਕ ਖ਼ੁਸ਼ਬੂਦਾਰ ਫੁੱਲਾਂ ਵਾਲੀ ਫ਼ਸਲ ਹੈ। ਇਸ ਦੇ ਫੁੱਲਾਂ ਦਾ ਇਸਤੇਮਾਲ ਹਾਰ, ਗੁਲਦਸਤੇ ਅਤੇ ਫੁੱਲਾਂ ਦੇ ਗਹਿਣੇ ਆਦਿ ਬਣਾਉਣ ਲਈ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਇਸ ਦੀਆਂ ਡੰਡੀਆਂ ਨੂੰ ਕੱਟ ਕੇ ਪਾਣੀ ਵਿਚ ਰੱਖ ਕੇ ਸਜਾਵਟ ਲਈ ਵਰਤਿਆ ਜਾ ਸਕਦਾ ਹੈ। ਇਸ ਦੀਆਂ ਕੁਝ ਕਿਸਮਾਂ ਦੀ ਵਰਤੋਂ ਤੇਲ ਕੱਢਣ ਲਈ ਵੀ ਕੀਤੀ ਜਾਂਦੀ ਹੈ।

ਰਜਨੀਗੰਧਾ ਦੇ ਫੁੱਲ ਇਕਹਿਰੇ ਅਤੇ ਦੂਹਰੇ ਦੋ ਤਰ੍ਹਾਂ ਦੇ ਹੁੰਦੇ ਹਨ। ਇਕਹਿਰੇ ਫੁੱਲਾਂ ਦੀਆਂ ਕਿਸਮਾਂ ਦੇ ਫੁੱਲ ਜ਼ਿਆਦਾ ਖ਼ੁਸ਼ਬੂਦਾਰ ਤੇ ਚਿੱਟੇ ਰੰਗ ਦੇ ਹੁੰਦੇ ਹਨ। ਇਨ੍ਹਾਂ ਫੁੱਲਾਂ ਵਿਚ ਪੱਤੀਆਂ ਦੀ ਸਿਰਫ਼ ਇਕ ਹੀ ਕਤਾਰ ਹੁੰਦੀ ਹੈ ਜਦੋਂਕਿ ਦੂਹਰੇ ਫੁੱਲਾਂ ਵਾਲੀਆਂ ਕਿਸਮਾਂ ਦੇ ਫੁੱਲ ਚਿੱਟੇ ਜੋ ਕਿ ਗੁਲਾਬੀ ਭਾਅ ਮਾਰਦੇ ਹਨ। ਇਹ ਇਕਹਿਰੇ ਫੁੱਲਾਂ ਦੀ ਤੁਲਨਾ ਵਿਚ ਘੱਟ ਖ਼ੁਸ਼ਬੂ ਵਾਲੇ ਹੁੰਦੇ ਹਨ।

ਕਿਸਮਾਂ

ਇਕਹਿਰੇ ਫੁੱਲਾਂ ਵਾਲੀਆਂ ਕਿਸਮਾਂ : ਪ੍ਰਜਵਲ, ਸ਼ਿੰਗਾਰ, ਮੈਕਸਿਕਨ ਸਿੰਗਲ।
ਦੂਹਰੇ ਫੁੱਲਾਂ ਵਾਲੀਆਂ ਕਿਸਮਾਂ : ਵੈਭਵ, ਸੁਵਾਸਨੀ, ਪਰਲ ਡਬਲ।

ਪੌਣ-ਪਾਣੀ ਅਤੇ ਮਿੱਟੀ

ਇਸ ਫ਼ਸਲ ਲਈ ਖੁੱਲ੍ਹਾ ਧੁੱਪਦਾਰ ਗਰਮ ਅਤੇ ਨਮੀ ਭਰਿਆ ਮੌਸਮ ਜ਼ਿਆਦਾ ਢੁਕਵਾਂ ਮੰਨਿਆ ਜਾਂਦਾ ਹੈ। ਫ਼ਸਲ ਦੇ ਚੰਗੇ ਵਾਧੇ ਲਈ ਔਸਤਨ ਤਾਪਮਾਨ 20 ਤੋਂ 30 ਡਿਗਰੀ ਸੈਂਟੀਗਰੇਟ ਹੈ। ਰਜਨੀਗੰਧਾ ਨੂੰ ਹਰ ਕਿਸਮ ਦੀ ਜ਼ਮੀਨ ਵਿਚ ਉਗਾਇਆ ਜਾ ਸਕਦਾ ਹੈ, ਪਰ ਚੰਗੇ ਜਲ ਨਿਕਾਸ ਵਾਲੀ ਮਲੱੜ੍ਹ ਭਰਪੂਰ ਰੇਤਲੀ ਮੈਰਾ ਜ਼ਮੀਨ ਜਿਸ ਦੀ ਪੀਐਚ 6.5 ਤੋਂ 7.0 ਹੋਵੇ ਇਸ ਫ਼ਸਲ ਲਈ ਢੁਕਵੀ ਪਾਈ ਜਾਂਦੀ ਹੈ।

ਜ਼ਮੀਨ ਦੀ ਤਿਆਰੀ

ਬਿਜਾਈ ਤੋਂ ਪਹਿਲਾਂ ਜ਼ਮੀਨ ਨੂੰ ਚੰਗੀ ਤਰ੍ਹਾਂ ਵਾਹ ਕੇ ਪੱਧਰਾ ਕਰ ਲੈਣਾ ਚਾਹੀਦਾ ਹੈ। ਰੂੜੀ ਖਾਦ 20 ਤੋਂ 25 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਤੋਂ ਇਕ ਮਹੀਨਾ ਪਹਿਲਾਂ ਜ਼ਮੀਨ ਵਿਚ ਰਲਾਈ ਜਾਂਦੀ ਹੈ। ਬਿਜਾਈ ਦੇ ਸਮੇਂ 40 ਕਿਲੋ ਫਾਸਫੋਰਸ ਤੱਤ, 250 ਕਿਲੋ ਗ੍ਰਾਮ ਸਿੰਗਲ ਸੁਪਰ ਫਾਸਫੇਟ, 40 ਕਿਲੋ ਗ੍ਰਾਮ ਪੋਟਾਸ਼ ਤੱਤ ਅਤੇ 66 ਕਿਲੋ ਗ੍ਰਾਮ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਈ ਜਾਂਦੀ ਹੈ। ਸ਼ੁਰੂ ਵਿਚ ਫ਼ਸਲ ਦੇ ਵਾਧੇ ਦੌਰਾਨ 80 ਕਿਲੋ ਨਾਈਟ੍ਰੋਜ਼ਨ ਪ੍ਰਤੀ ਏਕੜ ਦੇ ਹਿਸਾਬ ਨਾਲ ਦੋ ਵਾਰ ਬਿਜਾਈ ਤੋਂ ਬਾਅਦ ਇਕ-ਇਕ ਮਹੀਨੇ ਦੇ ਫ਼ਾਸਲੇ ’ਤੇ ਪਾਈ ਜਾਂਦੀ ਹੈ।

ਬਿਜਾਈ ਦਾ ਤਰੀਕਾ

ਰਜਨੀਗੰਧਾ ਦੀ ਬਿਜਾਈ ਗੰਢਿਆਂ ਰਾਹੀਂ ਕੀਤੀ ਜਾਂਦੀ ਹੈ ਜੋ ਕਿ ਭਾਰੀਆਂ ਜ਼ਮੀਨਾਂ ਵਿਚ ਉੱਚੀਆਂ ਕਿਆਰੀਆਂ ਅਤੇ ਰੇਤਲੀਆਂ ਜ਼ਮੀਨਾਂ ਵਿਚ ਪੱਧਰੀਆਂ ਕਿਆਰੀਆਂ ’ਤੇ ਲਗਾਏ ਜਾਂਦੇ ਹਨ।

ਰਜਨੀਗੰਧਾ ਦੀ ਬਿਜਾਈ ਦਾ ਤਰੀਕਾ ਇਹ ਹੈ ਕਿ ਕਤਾਰ ਅਤੇ ਪੌਦਿਆਂ ਵਿਚਲਾ ਫ਼ਾਸਲਾ 30 ਸੈਂਟੀਮੀਟਰ ਅਤੇ ਡੂੰਘਾਈ 5 ਤੋਂ 7 ਸੈਂਟੀਮੀਟਰ ਹੋਣੀ ਚਾਹੀਦੀ ਹੈ। ਫ਼ਸਲ ਦੇ ਚੰਗੇ ਵਾਧੇ ਅਤੇ ਵਧੀਆ ਫੁੱਲ ਲੈਣ ਲਈ ਜ਼ਮੀਨ ਵਿਚ ਨਮੀ ਦਾ ਹੋਣਾ ਬਹੁਤ ਜ਼ਰੂਰੀ ਹੈ।

ਰਜਨੀਗੰਧਾ ਦੀ ਫ਼ਸਲ ਇਕ ਵਾਰ ਲਗਾ ਕੇ ਇਸ ਤੋਂ 2 ਤੋਂ 3 ਸਾਲ ਲਈ ਫੁੱਲ ਲਏ ਜਾ ਸਕਦੇ ਹਨ।

ਫੁੱਲਾਂ ਦੀ ਤੁੜਾਈ

ਰਜਨੀਗੰਧਾ ਦੇ ਫੁੱਲ ਬਿਜਾਈ ਤੋਂ 90 ਤੋਂ 150 ਦਿਨਾਂ ਬਾਅਦ ਤੁੜਾਈ ਲਈ ਤਿਆਰ ਹੋ ਜਾਂਦੇ ਹਨ। ਡੰਡੀਦਾਰ ਫੁੱਲਾਂ ਦੀ ਤੁੜਾਈ ਹੇਠਲੇ ਦੋ ਫੁੱਲ ਖੁੱਲ੍ਹਣ ’ਤੇ ਕੀਤੀ ਜਾਂਦੀ ਹੈ। ਇਨ੍ਹਾਂ ਨੂੰ ਗੁਲਦਸਤੇ ਬਣਾਉਣ ਵਿਚ ਵਰਤਿਆ ਜਾਂਦਾ ਹੈ। ਤੇਲ ਕੱਢਣ ਲਈ ਫੁੱਲ ਪੂਰੇ ਖੁੱਲ੍ਹੇ ਹੋਣੇ ਚਾਹੀਦੇ ਹਨ। ਤੁੜਾਈ ਤੋਂ ਬਾਅਦ ਇੱਕੋ ਬਿਜਾਈ ਰਾਹੀਂ 2 ਤੋਂ 3 ਸਾਲ ਤਕ ਫ਼ਸਲ ਲਈ ਜਾ ਸਕਦੀ ਹੈ। ਰਜਨੀਗੰਧਾ ਦੇ ਡੰਡੀਦਾਰ ਫੁੱਲਾਂ ਨੂੰ ਕੱਟਣ ਤੋਂ ਤੁਰੰਤ ਬਾਅਦ ਪਾਣੀ ਵਿਚ ਰੱਖ ਕੇ ਇਨ੍ਹਾਂ ਦੇ ਵਧ ਸਮੇਂ ਤਕ ਰੱਖਣ ਲਈ ਗੁਣਵਤਾ ਵਧਾਈ ਜਾ ਸਕਦੀ ਹੈ।



ਰਜਨੀਗੰਧਾ

ਸਿੰਜਾਈ

ਵਧੀਆ ਫ਼ਸਲ ਲੈਣ ਲਈ ਜ਼ਮੀਨ ਵਿਚ ਭਰਪੂਰ ਨਮੀ ਬਣਾਈ ਰੱਖਣੀ ਚਾਹੀਦੀ ਹੈ। ਮਿੱਟੀ ਦੀ ਕਿਸਮ ਅਤੇ ਮੌਸਮ ਦੇ ਹਿਸਾਬ ਨਾਲ ਫ਼ਸਲ ਨੂੰ ਪਾਣੀ ਦੇਣਾ ਚਾਹੀਦਾ ਹੈ।

ਗੰਢਿਆਂ ਦੀ ਪੁਟਾਈ

ਫੁੱਲਾਂ ਦੀ ਤੁੜਾਈ ਤੋਂ 40 ਤੋਂ 45 ਦਿਨਾਂ ਬਾਅਦ ਗੰਢੇ ਪੁੱਟਣ ਲਈ ਤਿਆਰ ਹੋ ਜਾਂਦੇ ਹਨ। ਪੁਟਾਈ ਤੋਂ ਦੋ ਹਫ਼ਤੇ ਪਹਿਲਾਂ ਜਦੋਂ ਫ਼ਸਲ ਦੇ ਪੱਤੇ ਪੀਲੇ ਹੋ ਜਾਂਦੇ ਹਨ ਤਾਂ ਸਿੰਜਾਈ ਬੰਦ ਕਰ ਦੇਣੀ ਚਾਹੀਦੀ ਹੈ। ਪੱਤਿਆਂ ਨੂੰ ਜ਼ਮੀਨ ਤਕ ਕੱਟ ਕੇ ਗੰਢਿਆਂ ਨੂੰ ਪੁੱਟ ਲੈਣਾ ਚਾਹੀਦਾ ਹੈ। ਗੰਢੇ ਅਤੇ ਗੰਢਿਆਂ ਨੂੰ ਅਲੱਗ ਕਰਕੇ ਸਾਫ਼ ਕਰਨ ਤੋਂ ਬਾਅਦ 4 ਤੋਂ 5 ਦਿਨਾਂ ਲਈ ਛਾਂ ਵਿਚ ਰੱਖ ਕੇ ਸੁਕਾਇਆ ਜਾਂਦਾ ਹੈ ਜੋ ਕਿ ਅਗਲੀ ਬਿਜਾਈ ਲਈ ਫਿਰ ਤਿਆਰ ਹੋ ਜਾਂਦੇ ਹਨ। ਇਹ ਸਾਫ਼ ਕੀਤੇ ਹੋਏ ਗੰਢੇ ਅਤੇ ਗੰਢਿਆਂ ਨੂੰ ਅਗਲੇ ਸਾਲ ਬਿਜਾਈ ਲਈ ਵਰਤਣ ਲਈ ਸਟੋਰ ਕਰਕੇ ਰੱਖਿਆ ਜਾ ਸਕਦਾ ਹੈ। •

• ਸੁਖਪਾਲ ਸਿੰਘ, ਬਲਦੇਵ ਸਿੰਘ ਢਿੱਲੋਂ



ਦੂਸ਼ਣਬਾਜ਼ੀ ਛੱਡ ਕੇ ਕਿਸਾਨ ਖ਼ੁਦਕੁਸ਼ੀਆਂ ਦਾ ਹੱਲ ਲੱਭੀਏ

ਫ਼ਰੀਦਕੋਟ ਵਿਖੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਲਗਾਏ ਕਿਸਾਨ ਮੇਲੇ ਮੌਕੇ ਜਦੋਂ ਇਕ ਬਜ਼ੁਰਗ ਕਿਸਾਨ ਨੇ ਖੇਤੀ ਮਾਹਿਰਾਂ ਨੂੰ ਹੱਥ ਜੋੜਦਿਆਂ ਕਿਹਾ ਕਿ ਤੁਸੀਂ ਸਾਨੂੰ ਸਿਰਫ਼ ਖੇਤੀ ਸਿਫ਼ਾਰਸ਼ਾਂ ਬਾਰੇ ਹੀ ਚਾਨਣਾ ਨਾ ਪਾਓ ਬਲਕਿ ਕਿਰਸਾਨੀ ਭਾਈਚਾਰੇ ਦੇ ਮੱਥੇ ਤੇ ਕਲੰਕ ਬਣਦੇ ਜਾ ਰਹੇ ਖ਼ੁਦਕੁਸ਼ੀਆਂ ਦੇ ਮਸਲੇ ਦੇ ਹੱਲ ਲਈ ਵੀ ਸਾਡੇ ਰਾਹ ਦਸੇਰੇ ਬਣੋ। ਖ਼ੁਦਕੁਸ਼ੀਆਂ ਦੇ ਇਸ ਗੰਭੀਰ ਮਸਲੇ ਨੂੰ ਲੈ ਕੇ ਕਿਸਾਨ ਦੀ ਅਜਿਹੀ ਸਾਕਾਰਤਮਿਕ ਸੋਚ ਨੇ ਜਿੱਥੇ ਸਾਰੇ ਖੇਤੀ ਮਾਹਿਰਾਂ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ ਉੱਥੇ ਸਾਨੂੰ ਵੀ ਉਤੇਜਿਤ ਕੀਤਾ ਕਿ ਇਸ ਗੰਭੀਰ ਮੁੱਦੇ ਨੂੰ ਲੇਖ ਰਾਹੀਂ ਤੁਹਾਡੇ ਸਨਮੁੱਖ ਰੱਖੀਏ ਤਾਂ ਜੋ ਇਸ ਸਮੱਸਿਆ ਦਾ ਕੋਈ ਹੱਲ ਮਿਲ ਸਕੇ।

ਲਗਪਗ ਹਰ ਰੋਜ਼ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਦੀਆਂ ਮਾੜੀਆਂ ਖ਼ਬਰਾਂ ਸੁਣਨਾ ਸਾਡੇ ਸਾਰਿਆਂ ਲਈ ਅਤਿਅੰਤ ਦੁਖਦਾਈ ਹੁੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਸਾਡਾ ਕਿਸਾਨ ਆਰਥਿਕ ਤੰਗੀ ਦੇ ਦੌਰ ਵਿੱਚੋਂ ਨਿਕਲ ਰਿਹਾ ਹੈ ਅਤੇ ਕਿਸਾਨੀ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਆਮ ਲੋਕਾਂ ਤਕ ਪਹੁੰਚਾ ਕੇ ਮੀਡੀਆ ਆਪਣੇ ਫ਼ਰਜ਼ਾਂ ਦੀ ਪੂਰਤੀ ਕਰ ਰਿਹਾ ਹੈ। ਪਰ ਇਸ ਸਮੁੱਚੇ ਵਰਤਾਰੇ ਨਾਲ ਸਮਾਜ ਵਿਚ ਇਕ ਅਜਿਹੀ ਸੋਚ ਹਾਵੀ ਹੋ ਰਹੀ ਹੈ ਕਿ ਪੰਜਾਬ ਵਿਚ ਕਿਸਾਨ ਖ਼ੁਦਕੁਸ਼ੀਆਂ ਦਾ ਰੁਝਾਨ ਪਿਛਲੇ ਸਮਿਆਂ ਨਾਲੋਂ ਵਧਿਆ ਹੈ, ਜਦੋਂ ਕਿ ਇਸ ਸੋਚ ਨੂੰ ਤੱਥਾਂ ਨਾਲ ਜੋੜ ਕੇ ਨਹੀਂ ਵੇਖਿਆ ਜਾ ਰਿਹਾ। ਮੀਡੀਆ ਵਿਚ ਹਰ ਰੋਜ਼ ਖ਼ੁਦਕੁਸ਼ੀਆਂ ਬਾਰੇ ਕੁਝ ਅੰਕੜੇ ਦਿੱਤੇ ਜਾਂਦੇ ਹਨ। 22 ਅਕਤੂਬਰ 20 17 ਨੂੰ ਪ੍ਰਕਾਸ਼ਿਤ ਹੋਏ ਇਕ ਪੰਜਾਬੀ ਅਖ਼ਬਾਰ ਮੁਤਾਬਕ ਪਿਛਲੇ ਸੱਤ ਮਹੀਨਿਆਂ ਦੌਰਾਨ ਕਿਸਾਨ ਖ਼ੁਦਕੁਸ਼ੀਆਂ ਦੀ ਵੱਧ ਤੋਂ ਵੱਧ ਗਿਣਤੀ 284 ਦਿੱਤੀ ਗਈ ਹੈ ਅਤੇ ਇਸ ਹਿਸਾਬ ਨਾਲ ਇਹ ਗਿਣਤੀ ਸਾਲ ਵਿਚ 487 ਬਣਦੀ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਰਾਜ ਦੇ 13 ਜ਼ਿਲ੍ਹਿਆਂ ਦਾ ਸਾਲ 2000 ਤੋਂ ਲੈ ਕੇ ਕਿਸਾਨ ਖ਼ੁਦਕੁਸ਼ੀਆਂ ਦਾ ਸਰਵੇਖਣ ਕਰਨ ਦਾ ਕਾਰਜ ਸੌਂਪਿਆ ਗਿਆ ਸੀ। ਪੰਜਾਬ ਸਰਕਾਰ ਨੂੰ ਜਣਗਣਨਾ ਅਧਾਰਿਤ ਪੇਸ਼ ਕੀਤੀਆਂ ਰਿਪੋਰਟਾਂ ਮੁਤਾਬਕ ਕਿਸਾਨ ਖ਼ੁਦਕੁਸ਼ੀਆਂ ਦੀ ਗਿਣਤੀ ਸਾਲ 2000-20 15 ਦੌਰਾਨ 500 ਤੋਂ ਵੀ ਜ਼ਿਆਦਾ ਰਹੀ, ਸਿਰਫ਼ ਸਾਲ 2006 ਵਿਚ ਇਹ ਗਿਣਤੀ 487 ਸੀ। ਇੱਥੋਂ ਤਕ ਸਾਲ 2007, 2008, 2010 ਅਤੇ 2015 ਦੌਰਾਨ ਕਿਸਾਨ ਖ਼ੁਦਕੁਸ਼ੀਆਂ ਦੀ ਗਿਣਤੀ 600 ਤੋਂ ਵੀ ਵਧ ਰਹੀ। ਜੇਕਰ ਆਪਾਂ ਬਾਕੀ ਰਹਿੰਦੇ ਜ਼ਿਲ੍ਹੇ, ਜਿਨ੍ਹਾਂ ਦੇ ਅੰਕੜੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਇਕੱਤਰ ਕੀਤੇ ਗਏ ਹਨ ਨੂੰ ਵੀ ਨਾਲ ਰਲਾ ਲਈਏ ਤਾਂ ਪੰਜਾਬ ਵਿਚ ਕਿਸਾਨ ਖ਼ੁਦਕੁਸ਼ੀਆਂ ਦੀ ਸਾਲ 2000-20 15 ਦੌਰਾਨ ਦੀ ਪ੍ਰਤੀ ਸਾਲ ਗਿਣਤੀ ਹੋਰ ਵੀ ਵਧ ਜਾਵੇਗੀ। ਸੋ ਸਾਨੂੰ ਇਹ ਕਹਿਣ ਵਿਚ ਥੋੜ੍ਹੀ ਰਾਹਤ ਮਹਿਸੂਸ ਹੋ ਰਹੀ ਹੈ ਕਿ ਮੌਜੂਦਾ ਸਮੇਂ ਇਨ੍ਹਾਂ ਦੁਖਦਾਈ ਘਟਨਾਵਾਂ ਵਿਚ ਵਾਧਾ ਨਹੀਂ ਹੋਇਆ। ਇਸ ਤੋਂ ਇਲਾਵਾ ਆਮ ਤੌਰ ਤੇ ਇਹ ਮੰਨ ਲੈਣਾ ਕਿ ਸਾਰੀਆਂ ਖ਼ੁਦਕੁਸ਼ੀਆਂ ਕਰਜ਼ਿਆਂ ਕਾਰਨ ਹੋ ਰਹੀਆਂ ਹਨ, ਇਹ ਵੀ ਠੀਕ ਨਹੀਂ ਹੈ । ਪੀਏਯੂ ਦੀ ਖੋਜ ਮੁਤਾਬਕ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਤਿੰਨ-ਚੌਥਾਈ ਖ਼ੁਦਕੁਸ਼ੀਆਂ ਕਰਜ਼ਿਆਂ ਕਾਰਨ ਸੀ ਜਦੋਂ ਕਿ ਇੱਕ-ਚੌਥਾਈ ਦੇ ਕਾਰਨ ਸਮਾਜਿਕ-ਮਨੋਵਿਗਿਆਨਿਕ ਵੀ ਸਨ। ਇਸ ਕਰਕੇ ਸਾਡੀ ਅਪੀਲ ਹੈ ਕਿ ਇਸ ਸਮੱਸਿਆ ਬਾਰੇ ਤੱਥਾਂ ਤੋਂ ਹਟ ਕੇ ਵਧਾ ਚੜ੍ਹਾਅ ਕੇ ਦੱਸਣ ਅਤੇ ਇਕ ਦੂਜੇ ਤੇ ਦੋਸ਼ ਮੜ੍ਹਨ ਦੀ ਥਾਂ ਆਪਾਂ ਅਨਮੋਲ ਜ਼ਿੰਦਗੀ ਨੂੰ ਖ਼ਤਮ ਕਰ ਲੈਣ ਦੇ ਇਸ ਦਰਦਨਾਕ ਕਾਰੇ ਤੋਂ ਬਚਣ ਲਈ ਢੰਗ-ਤਰੀਕੇ ਲੱਭਣ ਵਿੱਚ ਆਪਣਾ ਯੋਗਦਾਨ ਪਾਈਏ।

ਖੇਤੀਬਾੜੀ ਦੇ ਖੇਤਰ ਵਿਚ ਪੰਜਾਬ ਨੇ ਬਿਨਾਂ ਸ਼ੱਕ ਅਥਾਹ ਵਿਕਾਸ ਕੀਤਾ। ਸਾਲ 1960-61 ਤੋਂ ਲੈ ਕੇ ਸਾਲ 2016-17 ਦੌਰਾਨ ਕਣਕ ਦਾ ਝਾੜ 1244 ਤੋਂ 5046 ਕਿੱਲੋ ਅਤੇ ਝੋਨੇ ਦਾ ਝਾੜ 1553 ਤੋਂ 6193 ਕਿੱਲੋ ਪ੍ਰਤੀ ਹੈਕਟੇਅਰ ਹੋ ਗਿਆ। ਇਸ ਸਮੇਂ ਦੌਰਾਨ ਕਣਕ ਦਾ ਉਤਪਾਦਨ (ਝਾੜ-ਰਕਬਾ) 10 ਗੁਣਾਂ ਤੋਂ ਵੀ ਵਧ (1.74 ਤੋਂ 17. 6 ਮਿਲੀਅਨ ਟਨ) ਅਤੇ ਝੋਨੇ ਦਾ ਉਤਪਾਦਨ ਲਗਪਗ 56 ਗੁਣਾਂ (0.35 ਤੋਂ 18.9 ਮਿਲੀਅਨ ਟਨ) ਵਧਿਆ। ਅਨਾਜ (ਕਣਕ ਅਤੇ ਝੋਨੇ) ਪੱਖੋਂ ਕੇਂਦਰੀ ਅੰਨ ਭੰਡਾਰ ਨੂੰ ਭਰਪੂਰ ਕਰਨ ਵਿਚ ਪੰਜਾਬ ਦਾ ਵੱਡਾ ਯੋਗਦਾਨ ਰਿਹਾ ਪਰ ਕਿੰਨੀ ਅਫ਼ਸੋਸ ਜਨਕ ਗੱਲ ਹੈ ਕਿ ਖੇਤੀ ਉਤਪਾਦਨ ਵਿਚ ਰਿਕਾਰਡ ਕਾਇਮ ਕਰਨ ਵਾਲਾ ਅਤੇ ਵਿਸ਼ਵ ਭਰ ਵਿਚ ਆਪਣਾ ਲੋਹਾ ਮਨਵਾਉਣ ਵਾਲਾ ਕਿਸਾਨ ਅੱਜ ਖ਼ੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ।

ਖੇਤੀ-ਜਲਵਾਯੂ ਪੱਖੋਂ ਭਾਰਤ ਅਨੇਕਾਂ ਵਿਭਿੰਨਤਾਵਾਂ ਰੱਖਦਾ ਹੈ। ਰਾਸ਼ਟਰੀ ਖੇਤੀ ਨੀਤੀਆਂ ਜੋ ਕਿ ਆਮ ਤੌਰ ਤੇ ਸਮੁੱਚੇ ਦੇਸ਼ ਅਤੇ ਸਮਾਜ ਦੇ ਸਾਰੇ ਵਰਗਾਂ ਨੂੰ ਮੱਦੇਨਜ਼ਰ ਰੱਖ ਕੇ ਬਣਾਈਆਂ ਜਾਂਦੀਆਂ ਹਨ। ਪਰ ਇਹ ਖੇਤੀ ਨੀਤੀਆਂ ਰਾਸ਼ਟਰੀ ਪੱਧਰ ਤੇ ਆਮ ਕਰਕੇ ਅਤੇ ਪੰਜਾਬ, ਹਰਿਆਣਾ ਅਤੇ ਹੋਰ ਉੱਚ ਉਤਪਾਦਨ ਖੇਤਰਾਂ ਲਈ ਖ਼ਾਸ ਕਰਕੇ ਆਪਣੀ ਸਹੀ ਭੂਮਿਕਾ ਨਹੀਂ ਨਿਭਾਅ ਰਹੀਆਂ। ਕਿਸਾਨਾਂ ਵੱਲੋਂ ਅਦਾ ਕੀਤੀਆਂ ਜਾਣ ਅਤੇ ਹਾਸਲ ਕੀਤੀਆਂ ਜਾਣ ਵਾਲੀਆਂ ਕੀਮਤਾਂ ਵਿਚ ਤਾਲਮੇਲ ਨਾ ਹੋਣ ਕਰਕੇ ਵਪਾਰ ਦੀਆਂ ਸ਼ਰਤਾਂ ਖੇਤੀ ਲਈ ਸਹਾਈ ਨਹੀਂ ਹੋ ਰਹੀਆਂ ਜਿਸ ਕਰਕੇ ਖੇਤੀ ਮੁਨਾਫ਼ੇ ਵਿਚ ਪਿੱਛਲੇ ਸਮੇਂ ਤੋਂ ਗਿਰਾਵਟ ਆ ਰਹੀ ਹੈ ।

ਜੇਕਰ ਆਪਾਂ ਕਾਰਨਾਂ ਵੱਲ ਨਜ਼ਰ ਮਾਰੀਏ ਤਾਂ ਵੱਡੇ ਕਾਰਨਾਂ ਵਿੱਚੋਂ, ਖੇਤੀ ਕਾਮਿਆਂ ਦੀ ਆਮਦਨ ਗ਼ੈਰ ਖੇਤੀ ਕਾਮਿਆਂ ਨਾਲੋਂ ਘੱਟ ਹੋਣਾ, ਖੇਤੀ ਮੁਨਾਫ਼ੇ ਦਾ ਪ੍ਰਤੀ ਦਿਨ ਘੱਟਣਾ, ਹਾਸ਼ੀਆਗਤ ਅਤੇ ਛੋਟੀਆਂ ਜੋਤਾਂ ਦੀ ਹੁੰਦੀ ਬੇਕਦਰੀ ਮੁੱਖ ਸਨ ਜਦੋਂ ਕਿ ਛੋਟੇ ਕਾਰਨਾਂ ਵਿੱਚੋਂ ਸਮੁੱਚੇ ਅਰਥਚਾਰੇ ਵਿਚ ਵਾਧਾ ਹੋਣ ਕਰ ਕੇ ਕਿਸਾਨਾਂ ਵੱਲੋਂ ਖੇਤੀ ਤੋਂ ਮੂੰਹ ਮੋੜਣ ਦਾ ਰੁਝਾਨ ਸ਼ੁਰੂ ਹੋ ਗਿਆ। ਸਾਲ 2011 ਦੀ ਜਣਗਣਨਾ ਮੁਤਾਬਿਕ ਖੇਤੀ ਖੇਤਰ ਨੇ ਭਾਵੇਂ 35.6 ਪ੍ਰਤੀਸ਼ਤ ਕਾਮਿਆਂ ਨੂੰ ਹੀ ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਪਰ ਰਾਜ ਦੀ 50-55 ਪ੍ਰਤੀਸ਼ਤ ਅਬਾਦੀ ਦਾ ਗੁਜ਼ਾਰਾ ਇਸੇ ਖੇਤਰ ’ਤੇ ਨਿਰਭਰ ਹੈ। ਇਸ ਵਿਚ ਹਾਸ਼ੀਆਗਤ ਅਤੇ ਛੋਟੇ ਕਿਸਾਨਾਂ ਨੂੰ ਜ਼ਿਆਦਾ ਨੁਕਸਾਨ ਸਹਿਣਾ ਪਿਆ। ਉਦਾਹਰਨ ਵਜੋਂ ਪੰਜਾਬ ਵਿਚ ਅਜਿਹੇ ਕਾਸ਼ਤਕਾਰਾਂ ਜਿਨ੍ਹਾਂ ਦੀ ਗਿਣਤੀ ਸਾਲ 1991 ਵਿਚ 5 ਲੱਖ ਸੀ, ਸਾਲ 2011 ਵਿਚ ਘੱਟ ਕੇ 3.60 ਲੱਖ ਰਹਿ ਗਈ। ਭਾਵੇਂ ਪੰਜਾਬ ਸਰਕਾਰ ਵੱਲੋਂ ਸਾਲ 2017-18 ਦੌਰਾਨ ਖੇਤੀ ਸੈਕਟਰ ਨੂੰ 5977 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਮੁਹੱਈਆ ਕਰਨ ਦੀ ਉਮੀਦ ਹੈ ਪਰ ਹਾਸ਼ੀਆਗਤ ਅਤੇ ਛੋਟੇ ਕਿਸਾਨਾਂ ਨੂੰ ਕੁੱਲ ਜ਼ਮੀਨ ਵਿਚਲੇ 34 ਪ੍ਰਤੀਸ਼ਤ ਦੀ ਅਨੁਪਾਤ ਦੇ ਮੁਕਾਬਲਤਨ ਇਸ ਦਾ ਸਿਰਫ਼ 7 ਪ੍ਰਤੀਸ਼ਤ ਹੀ ਹਾਸਲ ਹੋਵੇਗਾ। ਇਨ੍ਹਾਂ ਕਿਸਾਨਾਂ ਨੂੰ ਖਾਦ ਦੀ ਸਬਸਿਡੀ 5200 ਕਰੋੜ ਰੁਪਏ ਅਤੇ ਨਹਿਰੀ ਸਿੰਚਾਈ ਸਬਸਿਡੀ 1000 ਕਰੋੜ ਰੁਪਏ ਵੀ ਘੱਟ ਹੀ ਹਾਸਲ ਹੋਵੇਗੀ। ਅਜਿਹਾ ਇਸ ਕਰਕੇ ਹੈ ਕਿਉਂਕਿ ਖੇਤੀ ਸਬਸਿਡੀਆਂ ਦਾ ਸਿੱਧਾ ਸਬੰਧ ਜ਼ਮੀਨਾਂ ਦੇ ਅਕਾਰ ਨਾਲ ਹੈ।



ਰਿਪੋਰਟਾਂ ਮੁਤਾਬਕ ਕਿਸਾਨ ਖ਼ੁਦਕੁਸ਼ੀਆਂ ਦੀ ਗਿਣਤੀ ਸਾਲ 2000-2015 ਦੌਰਾਨ 500 ਤੋਂ ਵੀ ਜ਼ਿਆਦਾ ਰਹੀ, ਸਿਰਫ਼ ਸਾਲ 2006 ਵਿਚ ਇਹ ਗਿਣਤੀ 487 ਸੀ। ਇੱਥੋਂ ਤਕ ਸਾਲ 2007, 2008, 2010 ਅਤੇ 2015 ਦੌਰਾਨ ਕਿਸਾਨ ਖ਼ੁਦਕੁਸ਼ੀਆਂ ਦੀ ਗਿਣਤੀ 600 ਤੋਂ ਵੀ ਵਧ ਰਹੀ...

ਇਨ੍ਹਾਂ ਮੁੱਦਿਆਂ ਦੇ ਨਾਲ-ਨਾਲ ਸਰਕਾਰੀ ਨੀਤੀਆਂ ਨੇ ਕਿਸਾਨਾਂ ਨੂੰ ਕਰਜ਼ੇ ਮੁਹੱਈਆ ਕਰਵਾਉਣ ਦਾ ਕੰਮ ਅਸਾਨ ਕਰ ਦਿੱਤਾ ਜਿਸ ਕਰਕੇ ਉਨ੍ਹਾਂ ਨੇ ਨਾ ਸਿਰਫ਼ ਖੇਤੀ ਲੋੜਾਂ ਲਈ ਬਲਕਿ ਘਰੇਲੂ ਲੋੜਾਂ ਨੂੰ ਪੂਰਨ ਲਈ ਵੀ ਕਰਜ਼ੇ ਚੁੱਕ ਲਏ। ਕਿਸਾਨ ਸਿਹਤ ਦੀ ਦੇਖਭਾਲ ਕਰਨ ਅਤੇ ਆਪਣੇ ਬੱਚਿਆਂ ਨੂੰ ਉਚੇਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਵੀ ਕਰਜ਼ੇ ਲੈ ਰਹੇ ਹਨ। ਇਨ੍ਹਾਂ ਸਾਰੇ ਕਾਰਨਾਂ ਕਰ ਕੇ ਵਧ ਵਿਆਜ ਦਰ ਵਾਲੇ ਕਰਜ਼ਿਆਂ ਦੀ ਪੰਡ ਭਾਰੀ ਹੁੰਦੀ ਜਾ ਰਹੀ ਹੈ। ਹਾਸ਼ੀਆਗਤ ਅਤੇ ਛੋਟੇ ਕਿਸਾਨਾਂ ਦੀ ਕਰਜ਼ੇ ਮੋੜਣ ਤੋਂ ਅਸਮਰਥਾ ਬਹੁਤੇ ਕੇਸਾਂ ਵਿਚ ਨਿਰਾਸ਼ਾ ਵਧਾ ਰਹੀ ਹੈ ਅਤੇ ਜਿਸ ਕਾਰਨ ਖ਼ੁਦਕੁਸ਼ੀਆਂ ਹੋ ਰਹੀਆਂ ਹਨ।

ਸਮੱਸਿਆ ਦਾ ਹੱਲ

ਕਿਸਾਨਾਂ ਨੂੰ ਕਰਜ਼ਿਆਂ ਤੋਂ ਮੁਕਤ ਕਰਨ ਅਤੇ ਖ਼ੁਦਕੁਸ਼ੀਆਂ ਨੂੰ ਰੋਕਣ ਲਈ ਸਾਨੂੰ ਬਹੁ-ਪੱਖੀ ਨੀਤੀਆਂ ਅਪਨਾਉਣ ਦੀ ਲੋੜ ਹੈ।

1 ਖੇਤੀ ਮੰਡੀਆਂ ਅਪੂਰਨ ਹੁੰਦੀਆਂ ਹਨ ਜਿਸ ਕਰਕੇ ਖੇਤੀ ਲਾਗਤਾਂ ਅਤੇ ਮੁਨਾਫ਼ਿਆਂ ਨੂੰ ਨਿਯਮਿਤ ਕਰਕੇ ਲੋੜਾਂ ਨੂੰ ਮੰਗ ਅਤੇ ਪੂਰਤੀ ਵਾਲੀ ਨੀਤੀ ਤੋਂ ਬਚਾਉਣ ਦੀ ਲੋੜ ਹੈ। ਖੇਤੀ ਉਤਪਾਦਨ ਦੀ ਉਚਿੱਤ ਅਤੇ ਸੁਚਾਰੂ ਖਰੀਦ ਨੂੰ ਹਰ ਹੀਲੇ ਵਸੀਲੇ ਯਕੀਨੀ ਬਣਾਇਆ ਜਾਵੇ ਭਾਵੇਂ ਕਿ ਸਾਰੀਆਂ ਖੇਤੀ ਜਿਨਸਾਂ ਲਈ ਅਜਿਹਾ ਕਰਨਾ ਮੁਸ਼ਕਿਲਾਂ ਭਰਿਆ ਕੰਮ ਹੈ। ਅਰਥਚਾਰੇ ਦੇ ਹੋਰ ਖੇਤਰਾਂ ਵਿਚਲੀਆਂ ਲਾਗਤਾਂ ਅਤੇ ਆਮਦਨ ਦੀ ਤਰਜ਼ ਤੇ ਸਾਰੀਆਂ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ ਵੀ ਬਰਾਬਰ ਵਾਧਾ ਹੋਣਾ ਚਾਹੀਦਾ ਹੈ। ਇਹ ਆਮ ਤੌਰ ਤੇ ਮੰਨਿਆ ਜਾਂਦਾ ਹੈ ਕਿ ਵਧੇਰੇ ਘੱਟੋ ਘੱਟ ਸਮਰਥਨ ਮੁੱਲ ਅਤੇ ਯਕੀਨਨ ਖਰੀਦ ਖੇਤੀ ਖੇਤਰ ਦੀਆਂ ਸਾਰੀਆਂ ਸਮੱਸਿਆਵਾਂ ਦਾ ਸੁਯੋਗ ਹੱਲ ਹੈ। ਲੇਕਿਨ ਹਾਸ਼ੀਆਗਤ ਜਾਂ ਛੋਟੇ ਕਿਸਾਨਾਂ ਲਈ ਅਜਿਹਾ ਨਹੀਂ ਹੈ ਕਿਉਂਕਿ ਉਨ੍ਹਾਂ ਕੋਲ ਵੇਚਣ ਵਾਸਤੇ ਵਾਧੂ ਖੇਤੀ ਉਤਪਾਦਨ ਬਹੁਤ ਘੱਟ ਜਾਂ ਨਿਗੂਣਾ ਹੀ ਹੁੰਦਾ ਹੈ। ਸੋ ਅਜਿਹੀਆਂ ਨੀਤੀਆਂ ਬਨਾਉਣ ਦੀ ਲੋੜ ਹੈ, ਜਿਸ ਨਾਲ ਕਿਸਾਨਾਂ ਨੂੰ ਬੀਜ, ਖਾਦਾਂ, ਖੇਤੀ ਰਸਾਇਣਾਂ ਅਤੇ ਖੇਤੀ ਮਸ਼ੀਨਰੀ ਆਦਿ ਵਧੇਰੇ ਰਿਆਇਤੀ ਦਰਾਂ ਤੇ ਮਿਲ ਸਕੇ। ਇਸ ਦੇ ਨਾਲ ਖੇਤੀ ਲਾਗਤਾਂ ਦੀ ਗੁਣਵਤਾ ਅਤੇ ਕੀਮਤਾਂ ਤੇ ਵੀ ਕਰੜੀ ਨਜ਼ਰ ਰੱਖਣ, ਇਸ ਤੋਂ ਇਲਾਵਾ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਨੂੰ ਮੱਦੇਨਜ਼ਰ ਰੱਖਕੇ ਲਾਗਤਾਂ ਦੀਆਂ ਸਬਸਿਡੀਆਂ ਨੂੰ ਤਰਕ ਸੰਗਤ ਬਨਾਉਣ, ਲਾਗਤਾਂ ਦੀ ਲੋੜ ਅਧਾਰਿਤ ਵਰਤੋਂ ਕਰਨ ਲਈ ਜਾਗਰੂਕਤਾ ਪੈਦਾ ਕਰਨ ਦੀ ਲੋੜ ਹੈ ਤਾਂ ਜੋ ਕਾਸ਼ਤ ਦੀ ਲਾਗਤ ਤੇ ਆਉਂਦੇ ਖਰਚ ਘਟਾਏ ਜਾ ਸਕਣ ਅਤੇ ਉਨ੍ਹਾਂ ਦੀ ਅੰਧਾਧੁੰਦ ਵਰਤੋਂ ਨਾਲ ਹੋਣ ਵਾਲੇ ਨੁਕਸਾਨਾਂ ਤੋਂ ਵੀ ਬਚਿਆ ਜਾ ਸਕੇ। ਅਗਲੀ ਵੱਡੀ ਗੱਲ ਕਿ ਪੰਜਾਬ ਭੌਂ ਦਾਰੀ ਸੁਰੱਖਿਆ ਐਕਟ 1953 ਦੇ ਤਹਿਤ ਜ਼ਮੀਨ ਦਾ ਠੇਕਾ ਖੇਤੀ ਉਤਪਾਦਨ ਦੇ ਮੁੱਲ ਦੇ ਇਕ-ਤਿਹਾਈ ਤੋਂ ਵਧਣ ਨਹੀਂ ਦੇਣਾ ਚਾਹੀਦਾ ।

2 ਖੇਤੀ-ਜਲਵਾਯੂ ਖੇਤਰਾਂ ਦੇ ਮੁਤਾਬਕ ਢੁਕਵੀਆਂ ਫ਼ਸਲਾਂ ਦੀ ਪਛਾਣ ਅਤੇ ਉਨ੍ਹਾਂ ਨੂੰ ਵਿਕਸਿਤ ਕਰਨਾ ਅਤੇ ਉਨ੍ਹਾਂ ਦੀ ਗੁਣਵਤਾ ਵਧਾਉਣੀ ਤਾਂ ਜੋ ਖੇਤੀ ਆਮਦਨ ਵਿਚ ਵਾਧਾ ਹੋ ਸਕੇ। ਇਸ ਨਾਲ ਲਘੂ ਅਤੇ ਛੋਟੇ ਪੱਧਰ ਦੇ ਉਦਯੋਗ, ਜਿਨ੍ਹਾਂ ਵਿਚ ਮੁੱਢਲੀ ਐਗਰੋ-ਪ੍ਰੋਸੈਸਿੰਗ ਅਤੇ ਜਿਣਸ ਸਪਲਾਈ ਚੇਨਜ਼ ਸ਼ਾਮਲ ਹਨ, ਸਥਾਪਿਤ ਹੋਣਗੀਆਂ। ਹੁਨਰ ਵਿਕਾਸ ਅਤੇ ਉਦਯੋਗ ਵੱਲੋਂ ਹੁਨਰ ਨੂੰ ਉਤਸ਼ਾਹਿਤ ਕਰਨ ਨਾਲ ਮਿੱਥੇ ਟੀਚੇ ਪੂਰਨ ਵਿੱਚ ਮਦਦ ਮਿਲੇਗੀ ।

3 ਪਸ਼ੂ ਪਾਲਣ ਅਤੇ ਪੋਲਟਰੀ ਫਾਰਮਿੰਗ, ਮਧੂ ਮੱਖੀ ਪਾਲਣ, ਖੁੰਬਾਂ ਦੀ ਕਾਸ਼ਤ ਆਦਿ ਸਹਾਇਕ ਧੰਦਿਆਂ ਨੂੰ ਪੂਰੇ ਜੋਸ਼ ਅਤੇ ਲਗਨ ਨਾਲ ਉਤਸ਼ਾਹਿਤ ਕਰਨ ਦਾ ਢੁੱਕਵਾਂ ਸਮਾਂ ਆ ਗਿਆ ਹੈ। ਇਸ ਤੋਂ ਇਲਾਵਾ ਮਨਰੇਗਾ ਦੀਆਂ ਧਾਰਾਵਾਂ ਮੁਤਾਬਕ ਹਾਸ਼ੀਆਗਤ ਅਤੇ ਛੋਟੇ ਕਿਸਾਨਾਂ ਦੀਆਂ ਨਿਯਮਿਤ ਕਾਰਜ ਗਤੀਵਿਧੀਆਂ ਨੂੰ ਸਹੀ ਤਰ੍ਹਾਂ ਲਾਗੂ ਕਰਨ ਦੀ ਲੋੜ ਹੈ।

4 ਖੇਤੀ ਮਸ਼ੀਨੀਕਰਨ ਨੇ ਵੀ ਕਰਜ਼ੇ ਦੀ ਪੰਡ ਭਾਰੀ ਕੀਤੀ ਹੈ। ਘੱਟ ਜ਼ਮੀਨਾਂ ਵਾਲੇ ਬਹੁਤ ਸਾਰੇ ਕਿਸਾਨ ਕਰਜ਼ੇ ਚੁੱਕ ਕੇ ਅਤੇ ਰਿਆਇਤਾਂ ਲੈ ਕੇ ਖੇਤੀ ਮਸ਼ੀਨਰੀ ਖਰੀਦਦੇ ਹਨ ਕਿਉਂਕਿ ਇਸੇ ਵਿਚ ਉਹ ਆਪਣੀ ਸ਼ਾਨ ਸਮਝਦੇ ਹਨ। ਉਦਾਹਰਨ ਵਜੋਂ ਪੰਜਾਬ ਦੇ ਇੱਕ-ਚੌਥਾਈ ਹਾਸ਼ੀਆਗਤ ਅਤੇ ਛੋਟੇ ਕਿਸਾਨਾਂ ਕੋਲ ਆਪਣੇ ਟਰੈਕਟਰ ਹਨ । ਖੇਤ ਮਸ਼ੀਨਰੀ ਤੇ ਆਉਂਦੇ ਪੱਕੇ ਖਰਚ ਬਹੁਤ ਜ਼ਿਆਦਾ ਹਨ, ਜਿਸ ਕਰਕੇ ਉਹਨਾਂ ਦੀ ਖੇਤੀ ਲਾਹੇਵੰਦ ਧੰਦੇ ਵਜੋਂ ਨਹੀਂ ਉਭਰ ਰਹੀ। ਹਰ ਪਿੰਡ ਵਿਚ ਸਹਿਕਾਰਤਾ ਅਧਾਰਿਤ ਖੇਤੀ ਲੋੜਾਂ ਨੂੰ ਪੂਰਨ ਲਈ ਐਗਰੋ ਮਸ਼ੀਨਰੀ ਸਰਵਿਸ ਸੈਂਟਰ (ਏਐਮਐਸਸੀ) ਸਥਾਪਿਤ ਕਰਨ ਦੀ ਲੋੜ ਹੈ ਤਾਂ ਜੋ ਹਾਸ਼ੀਆਗਤ ਅਤੇ ਛੋਟੇ ਕਿਸਾਨਾਂ ਨੂੰ ਪਹਿਲ ਦੇ ਅਧਾਰ ਤੇ ਕਿਰਾਏ ਤੇ ਮਸ਼ੀਨਰੀ ਮਿਲ ਸਕੇ। ਮੌਜੂਦਾ ਸਮੇਂ ਰਾਜ ਦੇ 12581 ਪਿੰਡਾਂ ਵਿਚ ਸਿਰਫ਼ 1560 ਏਐਮਐਸਸੀਜ਼ ਹਨ। ਪੀਏਯੂ ਵੱਲੋਂ ਕੀਤੀ ਖੋਜ ਮੁਤਾਬਕ ਆਪਣੀ ਖੇਤੀ ਮਸ਼ੀਨਰੀ ਖਰੀਦਣ ਦੀ ਬਜਾਇ ਏਐਮਐਸਸੀਜ਼ ਤੋਂ ਕਿਰਾਏ ਤੇ ਲੈ ਕੇ ਵਰਤਣ ਨਾਲ 35 ਪ੍ਰਤੀਸ਼ਤ ਦੀ ਬਚਤ ਹੁੰਦੀ ਹੈ ।

5 ਕਰਜ਼ਾ/ਉਧਾਰ ਦੀ ਯੋਜਨਾਬੰਦੀ ਇਕ ਕਮਜ਼ੋਰ ਲਿੰਕ ਹੈ, ਜਿਸ ਨੂੰ ਤਗੜਾ ਕਰਨ ਦੀ ਲੋੜ ਹੈ। ਸਾਡੀ ਕਿਰਸਾਨੀ ਹੱਦੋਂ ਵਧ ਫ਼ਸਲੀ ਕਰਜ਼ੇ ਲੈਣ ਅਤੇ ਬੇਲੋੜੇ ਘਰੇਲੂ ਕਰਜ਼ੇ ਲੈਣ ਲਈ ਵਧ ਵਿਆਜ ਦਰਾਂ ਤੇ ਰਕਮਾਂ ਦੇਣ ਵਾਲਿਆਂ ਦਾ ਸ਼ਿਕਾਰ ਹੋ ਰਹੀ ਹੈ। ਉਧਾਰ/ਕਰਜ਼ੇ ਨੂੰ ਲੋੜ ਅਤੇ ਆਰਥਿਕ ਉਚਿਤਤਾ ਮੁਤਾਬਕ ਤਰਕਸੰਗਤ ਬਨਾਉਣ ਦੀ ਲੋੜ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਕਰਜ਼ੇ ਤੇ ਲਏ ਪੈਸਿਆਂ ਦੀ ਉਚਿੱਤ ਵਰਤੋਂ ਹੋਣੀ ਚਾਹੀਦੀ ਹੈ। ਗ਼ੈਰ ਸੰਸਥਾਗਤ ਅਦਾਰਿਆਂ ਵੱਲੋਂ ਦਿੱਤੇ ਜਾਂਦੇ ਕਰਜ਼ੇ ਜੋ ਕਿ ਕਰਜ਼ੇ ਦੀ ਕੁੱਲ ਰਾਸ਼ੀ ਦਾ ਲਗਪਗ ਚੌਥਾ ਹਿੱਸਾ ਬਣਦੇ ਹਨ, ਤੋਂ ਖਹਿੜਾ ਛੁਡਵਾਉਣ ਲਈ ਕਰਜ਼ਦਾਰਾਂ ਦੀ ਕਰਜ਼ਾ ਮਾਫ਼ੀ ਸਕੀਮਾਂ ਨੂੰ ਗ਼ੈਰ-ਸੰਸਥਾਗਤ ਕਰਜ਼ਿਆਂ ਤੋਂ ਸੰਸਥਾਗਤ ਕਰਜ਼ਿਆਂ ਵਿਚ ਤਬਦੀਲ ਕਰਨ ਵਜੋਂ ਅਸਰਦਾਇਕ ਬਣਾਇਆ ਜਾਵੇ ।

6 ਰਾਜ ਵਿਚ ਹੋ ਰਹੀਆਂ ਇਕ-ਚੌਥਾਈ ਖ਼ੁਦਕੁਸ਼ੀਆਂ ਸਮਾਜਿਕ ਅਤੇ ਮਨੋਵਿਗਿਆਨਕ ਜਿਵੇਂ ਕਿ ਪਰਿਵਾਰਕ ਝਗੜਿਆਂ, ਸਰੀਰਕ ਬਿਮਾਰੀਆਂ, ਮਾਨਸਿਕ ਸਿਹਤ ਦੇ ਵਿਗਾੜ, ਅਦਾਲਤੀ ਝਗੜਿਆਂ, ਸਮਾਜਿਕ ਸਮਾਗਮਾਂ ਤੇ ਹੁੰਦੇ ਵਾਧੂ ਖਰਚਿਆਂ ਅਤੇ ਨਸ਼ਿਆਂ ਦੀ ਆਦਤ ਕਾਰਨ ਹੋ ਰਹੀਆਂ ਹਨ। ਸਮਾਜ ਨੂੰ ਇਨ੍ਹਾਂ ਮਸਲਿਆਂ ਪ੍ਰਤੀ ਗੰਭੀਰ ਹੋਣ ਦੀ ਲੋੜ ਹੈ ।

ਕਈ ਤਰ੍ਹਾਂ ਦੇ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਮਸਲਿਆਂ ਨਾਲ ਅਸੀਂ ਜੂਝ ਰਹੇ ਹਾਂ। ਆਰਥਿਕ ਸੁਧਾਰਾਂ ਦੇ ਨਾਲ-ਨਾਲ ਸਾਨੂੰ ਜਾਗਰੂਕਤਾ ਲਹਿਰ ਵੀ ਚਲਾਉਣ ਦੀ ਲੋੜ ਹੈ। ਇਹ ਕਦੇ ਨਾ ਭੁਲੀਏ ਕਿ ਜ਼ਿੰਦਗੀ ਅਨਮੋਲ ਹੈ, ਕਿਸੇ ਵੀ ਵਿਅਕਤੀ ਵੱਲੋਂ ਕੀਤੀ ਖ਼ੁਦਕੁਸ਼ੀ ਸਮੁੱਚੇ ਸਮਾਜ ਲਈ ਕਲੰਕ ਹੈ। ਸੋ ਇਕ ਦੂਜੇ ਨੂੰ ਦੋਸ਼ੀ ਠਹਿਰਾਉਣ ਦੀ ਥਾਂ ਆਓ ਰਲ਼-ਮਿਲ ਕੇ ਆਪਣੇ ਅੰਨਦਾਤਾ ਨੂੰ ਬਚਾਈਏ। •



ਹਰੀ ਕ੍ਰਾਂਤੀ, ਬਹੁਕੌਮੀ ਕੰਪਨੀਆਂ ਤੇ ਕਿਸਾਨ


• ਬਲਜੀਤ ਪਾਲ ਸਿੰਘ
ਮੋਬਾਈਲ : 9417324432


ਸਰਕਾਰ ਵੱਲੋਂ ਵਧ ਤਰਜੀਹ ਦੇਣ ਕਾਰਨ ਨਿੱਜੀ ਬਹੁ-ਕੌਮੀ ਵੱਡ ਆਕਾਰੀ ਕੰਪਨੀਆਂ ਨੇ ਖੇਤੀ ਸੈਕਟਰ ਵਿਚ ਅਜਿਹੇ ਪੈਰ ਪਸਾਰੇ ਕਿ ਕਿਸਾਨ ਨੂੰ ਮਿਲਣ ਵਾਲੇ ਲਾਭ ਚਟਮ ਕਰ ਗਈਆਂ। ਹੈਰਾਨੀਜਨਕ ਤੱਥ ਹੈ ਕਿ ਅੱਜ ਖੇਤੀ ਵਿਚ ਸੁਧਰੇ ਹਾਈਬ੍ਰਿਡ ਬੀਜਾਂ, ਕੀਟਨਾਸ਼ਕ ਦਵਾਈਆਂ, ਰਸਾਇਣਕ ਖਾਦਾਂ ਅਤੇ ਖੇਤੀ ਮਸ਼ੀਨਰੀ ਦਾ ਪੂਰੇ ਦਾ ਪੂਰਾ ਪ੍ਰਬੰਧ ਨਿੱਜੀ ਕੰਪਨੀਆਂ ਹਵਾਲੇ ਹੈ। ਅਜਿਹਾ ਕਰ ਕੇ ਸਰਕਾਰ ਨੇ ਕਿਸਾਨਾਂ ਨੂੰ ਉਨ੍ਹਾਂ ਦੇ ਰਹਿਮੋ-ਕਰਮ ’ਤੇ ਛੱਡ ਦਿੱਤਾ ਹੈ...

1965 ਤੋਂ ਪਹਿਲਾਂ ਸਾਡੇ ਦੇਸ਼ ਵਿਚ ਅਨਾਜ ਦੀ ਭਾਰੀ ਥੁੜ੍ਹ ਸੀ ਅਤੇ ਦੇਸ਼ ਦੀ ਜਨਤਾ ਦੀ ਅਨਾਜ ਦੀ ਲੋੜ ਪੂਰਾ ਕਰਨ ਵਾਸਤੇ ਵਿਦੇਸ਼ਾਂ ਤੋਂ ਕਣਕ ਚਾਵਲ ਮੰਗਵਾਉਣੇ ਪੈਂਦੇ ਸਨ। ਇਹ ਵਪਾਰ ਜ਼ਿਆਦਾਤਰ ਅਮਰੀਕਾ ਵਰਗੇ ਅਮੀਰ ਮੁਲਕਾਂ ਨਾਲ ਹੋਣ ਕਰਕੇ ਬਹੁਤ ਹੀ ਘਾਟੇ ਦਾ ਸੌਦਾ ਸੀ ਅਤੇ ਇਸ ਵਾਸਤੇ ਬਹੁਤ ਭਾਰੀ ਕੀਮਤ ਅਦਾ ਕਰਨੀ ਪੈਂਦੀ ਸੀ। ਇਸ ਸਮੇਂ ਸਾਡੇ ਦੇਸ਼ ਦਾ ਖੇਤੀਬਾੜੀ ਮੰਤਰਾਲਾ, ਖੇਤੀ ਯੂਨੀਵਰਸਿਟੀਆਂ ਅਤੇ ਖੇਤੀ ਨਾਲ ਜੁੜੇ ਹੋਰ ਅਦਾਰੇ ਦੇਸ਼ ਵਿਚ ਖੇਤੀ ਪੈਦਾਵਾਰ ਵਧਾਉਣ ਦੇ ਢੰਗ ਤਰੀਕਿਆਂ ਦੀ ਖੋਜ ਵਿਚ ਰੁੱਝੇ ਹੋਏ ਸਨ। ਇਸ ਸਮੇਂ ਜ਼ਿਆਦਾ ਸੰਭਾਵਨਾਵਾਂ ਪੰਜਾਬ ਦੀ ਖੇਤੀ ’ਤੇ ਟਿਕੀਆਂ ਹੋਈਆਂ ਸਨ ਕਿਉਂਕਿ ਪੰਜਾਬ ਨੂੰ ਕੁਦਰਤ ਨੇ ਜਰਖ਼ੇਜ਼ ਮਿੱਟੀ ਅਤੇ ਦਰਿਆਈ ਪਾਣੀਆਂ ਨਾਲ ਨਿਵਾਜ਼ਿਆ ਹੈ। ਖੇਤੀ ਨੂੰ ਵਧੀਆ ਤਰੀਕੇ ਨਾਲ ਕਰਨ ਵਿਚ ਮਾਹਿਰ ਹੋਣ ਕਾਰਨ ਇੱਥੋਂ ਦੇ ਕਿਸਾਨ ਵਿਸ਼ਵ ਪ੍ਰਸਿੱਧ ਹਨ। ਉਹ ਖੇਤੀ ਦੀਆਂ ਆਧੁਨਿਕ ਵਿਧੀਆਂ ਨੂੰ ਬਹੁਤ ਛੇਤੀ ਅਪਣਾ ਲੈਂਦੇ ਹਨ।

ਖੇਤੀ ਸੈਕਟਰ ਦੀਆਂ ਆਸਾਂ ਨੂੰ ਓਦੋਂ ਬੂਰ ਪਿਆ ਜਦ ਸੁਧਰੇ ਹਾਈਬ੍ਰਿਡ ਬੀਜਾਂ, ਰਸਾਇਣਕ ਖਾਦਾਂ, ਕੀਟਨਾਸ਼ਕ ਦਵਾਈਆਂ, ਖੇਤੀ ਮਸ਼ੀਨਰੀ ਦੀ ਵਰਤੋਂ ਅਤੇ ਕਿਸਾਨ ਦੀ ਮਿਹਨਤ ਕਾਰਨ ਦੇਸ਼ ਵਿਚ ਹਰੀ ਕ੍ਰਾਂਤੀ ਆਈ। ਨਤੀਜੇ ਵਜੋਂ ਖੇਤੀ ਉਤਪਾਦਨ ਇਕ ਦਮ ਬਹੁਤ ਵਧ ਗਿਆ ਅਤੇ ਦੇਸ਼ ਦੇ ਅੰਨ ਭੰਡਾਰ ਅਨਾਜ ਨਾਲ ਭਰ ਗਏ। ਅਨਾਜ ਵਾਸਤੇ ਵਿਦੇਸ਼ਾਂ ਉੱਪਰ ਨਿਰਭਰਤਾ ਖ਼ਤਮ ਹੋ ਗਈ ਅਤੇ ਦੇਸ਼ ਦੀ ਅਰਬਾਂ ਰੁਪਏ ਦੀ ਬੱਚਤ ਹੋ ਗਈ। ਹਰੀ ਕ੍ਰਾਂਤੀ ਤੋਂ 6-7 ਸਾਲ ਬਾਅਦ ਤਕ ਤਾਂ ਇਹ ਪ੍ਰਤੀਤ ਹੁੰਦਾ ਰਿਹਾ ਕਿ ਹੁਣ ਅੰਨਦਾਤਾ ਖ਼ੁਸ਼ਹਾਲ ਹੋ ਜਾਵੇਗਾ ਪਰ ਦੇਖਦੇ-ਦੇਖਦੇ ਹੀ ਸਭ ਉਲਟ ਹੋਣ ਲੱਗਿਆ। ਆਖਿਰ ਹਰੀ ਕ੍ਰਾਂਤੀ ਦਾ ਕਿਸਾਨ ਨੂੰ ਮਿਲਣ ਵਾਲਾ ਫਾਇਦਾ ਕਿੱਧਰ ਗਿਆ? ਕਿਉਂ ਓਦੋਂ ਤੋਂ ਲੈ ਕੇ ਅੱਜ ਤਕ ਕਿਸਾਨ ਕੰਗਾਲ ਹੁੰਦਾ ਚਲਾ ਗਿਆ ਅਤੇ ਖ਼ੁਦਕੁਸ਼ੀਆਂ ਦੇ ਰਾਹ ਪੈ ਗਿਆ? ਰਾਜਨੀਤਕ, ਸਮਾਜਿਕ ਅਤੇ ਆਰਥਿਕ ਕਾਰਨਾਂ ਦੇ ਨਾਲ ਨਾਲ ਇਸ ਦਾ ਅਸਲ ਕਾਰਨ ਬਹੁ-ਕੌਮੀ ਨਿੱਜੀ ਕੰਪਨੀਆਂ ਦਾ ਖੇਤੀ ਸੈਕਟਰ ਵਿਚ ਵੱਡੇ ਪੱਧਰ ਤੇ ਪ੍ਰਵੇਸ਼ ਕਰਨਾ ਹੈ। ਸਰਕਾਰ ਵੱਲੋਂ ਨੂੰ ਵਧ ਤਰਜੀਹ ਦੇਣ ਕਾਰਨ ਨਿੱਜੀ ਬਹੁ-ਕੌਮੀ ਵੱਡ ਆਕਾਰੀ ਕੰਪਨੀਆਂ ਨੇ ਖੇਤੀ ਸੈਕਟਰ ਵਿਚ ਅਜਿਹੇ ਪੈਰ ਪਸਾਰੇ ਕਿ ਕਿਸਾਨ ਨੂੰ ਮਿਲਣ ਵਾਲੇ ਲਾਭ ਚਟਮ ਕਰ ਗਈਆਂ । ਹੈਰਾਨੀਜਨਕ ਤੱਥ ਹੈ ਕਿ ਅੱਜ ਖੇਤੀ ਵਿਚ ਸੁਧਰੇ ਹਾਈਬ੍ਰਿਡ ਬੀਜਾਂ, ਕੀਟਨਾਸ਼ਕ ਦਵਾਈਆਂ, ਰਸਾਇਣਕ ਖਾਦਾਂ ਅਤੇ ਖੇਤੀ ਮਸ਼ੀਨਰੀ ਦਾ ਪੂਰੇ ਦਾ ਪੂਰਾ ਪ੍ਰਬੰਧ ਨਿੱਜੀ ਕੰਪਨੀਆਂ ਹਵਾਲੇ ਕਰਕੇ ਸਰਕਾਰ ਨੇ ਕਿਸਾਨਾਂ ਨੂੰ ਉਨ੍ਹਾਂ ਦੇ ਰਹਿਮੋ-ਕਰਮ ’ਤੇ ਛੱਡ ਦਿੱਤਾ ਹੈ। ਇਸ ਦੀ ਮਿਸਾਲ ਇਨ੍ਹਾਂ ਤੱਥਾਂ ਤੋਂ ਸਪੱਸ਼ਟ ਹੋ ਜਾਂਦੀ ਹੈ ਕਿ ਪੰਜਾਬ ਦੀ ਇਕੱਲੀ ਨਰਮਾ ਪੱਟੀ ਵਿਚ ਤਕਰੀਬਨ 10 ਲੱਖ ਏਕੜ ਏਰੀਏ ਵਿਚ ਨਰਮੇ ਦੀ ਕਾਸ਼ਤ ਹਰ ਸਾਲ ਕੀਤੀ ਜਾਂਦੀ ਹੈ। ਇਕ ਏਕੜ ਦੀ ਬਿਜਾਈ ਵਾਸਤੇ ਨਰਮੇ ਦੇ ਬੀਟੀ ਬੀਜ ਦੇ ਤਿੰਨ ਪੈਕਟਾਂ ਦੀ ਲੋੜ ਪੈਂਦੀ ਹੈ।

ਜੇਕਰ ਇਕ ਪੈਕਟ ਦੀ ਕੀਮਤ ਔਸਤਨ 800/- ਰੁਪਏ ਵੀ ਲਗਾਈ ਜਾਵੇ ਤਾਂ ਤਕਰੀਬਨ ਕਰੋੜਾਂ ਦਾ ਬੀ ਟੀ ਨਰਮੇ ਦਾ ਬੀਜ ਸਿਰਫ਼ ਅਪ੍ਰੈਲ ਮਈ ਮਹੀਨੇ ਵਿਚ ਹੀ ਕਿਸਾਨਾਂ ਨੂੰ ਵੇਚ ਕੇ ਬਹੁ-ਕੌਮੀ ਬੀਜ ਕੰਪਨੀਆਂ ਆਪਣਾ ਲਾਭ ਕਮਾ ਲੈਂਦੀਆਂ ਹਨ। ਹਰੀ ਕ੍ਰਾਂਤੀ ਤੋਂ ਪਹਿਲਾਂ ਕਿਸਾਨ ਆਪਣੀ ਫਸਲ ਵਿੱਚੋਂ ਹੀ ਬੀਜ ਵਾਸਤੇ ਵਰਤ ਲੈਂਦਾ ਸੀ ਪਰ ਕੰਪਨੀਆਂ ਵਧ ਝਾੜ ਅਤੇ ਮੁਨਾਫ਼ੇ ਦੇ ਲਾਲਚ ਵਿਚ ਸਿਰਫ਼ ਇਕ ਵਾਰ ਹੀ ਬੀਜੇ ਜਾਣ ਵਾਲੇ ਬੀਜ (ਟਰਮੀਨੇਟਰ ਸੀਡ) ਈਜਾਦ ਕਰ ਲਏ। ਇਨ੍ਹਾਂ ਬੀਜਾਂ ਤੋਂ ਪੈਦਾ ਹੋਈ ਫ਼ਸਲ ਦੇ ਬੀਜ ਅਗਲੇ ਸਾਲ ਬਿਜਾਈ ਵਾਸਤੇ ਨਹੀਂ ਵਰਤੇ ਜਾ ਸਕਦੇ ਅਤੇ ਕਿਸਾਨ ਨੂੰ ਮਜਬੂਰਨ ਅਗਲੇ ਸਾਲ ਫਿਰ ਕੰਪਨੀਆਂ ਦੀ ਲੁੱਟ ਦਾ ਸ਼ਿਕਾਰ ਹੋਣਾ ਪੈਂਦਾ ਹੈ। ਬਿਜਾਈ ਤੋਂ ਬਾਅਦ ਨਰਮੇ ਦੀ ਫ਼ਸਲ ਨੂੰ ਕੀੜਿਆਂ ਅਤੇ ਹੋਰ ਬਿਮਾਰੀਆਂ ਤੋਂ ਬਚਾਉਣ ਲਈ ਸਪਰੇਅ ਜ਼ਹਿਰਾਂ ਦੀ ਲੋੜ ਪੈਂਦੀ ਹੈ। ਨਰਮੇ ਦੀ ਇਕ ਏਕੜ ਫ਼ਸਲ ਤੇ ਕਿਸਾਨ ਤਕਰੀਬਨ 8000/- ਰੁਪਏ ਦੀਆਂ ਦਵਾਈਆਂ ਛਿੜਕ ਦਿੰਦਾ ਹੈ। ਕਈ ਵਾਰ ਚਿੱਟੇ ਮੱਛਰ ਜਾਂ ਹੋਰ ਬਿਮਾਰੀਆਂ ਕਰਕੇ ਇਹ ਖਰਚਾ ਵੱਧ ਵੀ ਸਕਦਾ ਹੈ। ਨਤੀਜੇ ਵਜੋਂ ਨਰਮਾ ਪੱਟੀ ਦਾ ਕਰੋੜਾਂ ਦਾ ਸਪਰੇਆਂ ਦਾ ਖਰਚ ਵੀ ਨਿੱਜੀ ਕੰਪਨੀਆਂ ਨੂੰ ਲਾਭ ਵਜੋਂ ਚਲਾ ਜਾਂਦਾ ਹੈ। ਇਸੇ ਤਰ੍ਹਾਂ ਰਸਾਇਣਕ ਖਾਦਾਂ ਦੇ ਮਸਲੇ ਵਿਚ ਇਕ ਏਕੜ ਵਿਚ ਜੇ ਇਕ ਬੈਗ ਡੀਏਪੀ ਅਤੇ ਦੋ ਬੈਗ ਨਾਈਟਰੋਜਨੀ ਖਾਦਾਂ ਦੀ ਔਸਤਨ ਵਰਤੋਂ ਕੀਤੀ ਜਾਵੇ ਤਾਂ ਇਕ ਏਕੜ ਵਿਚ ਕੁੱਲ ਖਰਚੇ ਦੇ ਹਿਸਾਬ ਨਾਲ ਕਰੋੜ ਰੁਪਏ ਕੰਪਨੀਆਂ ਡਕਾਰ ਜਾਂਦੀਆਂ ਹਨ।





ਪੰਜਾਬ ਵਿਚ ਖੇਤੀਬਾੜੀ ਤੇ ਵਰਤੀਆਂ ਜਾਣ ਵਾਲੀਆਂ ਕੀਟਨਾਸ਼ਕ ਦਵਾਈਆਂ, ਹਾਈਬ੍ਰਿਡ ਬੀਜ, ਰਸਾਇਣਕ ਖਾਦਾਂ ਦੇ ਕੁਲ ਖਰਚ ਦੇ ਸਹੀ ਅੰਕੜੇ ਕਿਸੇ ਵੀ ਵਿਭਾਗ ਜਾਂ ਕੰਪਨੀ ਕੋਲ ਉਪਲੱਬਦ ਨਹੀਂ ਹਨ ਜਾਂ ਉਹ ਜਾਣ ਬੁਝ ਕੇ ਸਰਕਾਰ ਵੱਲੋਂ ਕਦੇ ਨਸ਼ਰ ਨਹੀਂ ਕੀਤੇ ਗਏ। ਇਹ ਆਪਣੇ ਆਪ ਵਿਚ ਇਕ ਰਹੱਸ ਹੈ। ਉੱਪਰ ਦਰਸਾਏ ਗਏ ਅੰਕੜੇ ਸਿਰਫ਼ ਮਾਲਵਾ ਖੇਤਰ ਦੀ ਨਰਮਾ ਪੱਟੀ ਨਾਲ ਸਬੰਧਿਤ ਇਕ ਅੰਦਾਜ਼ਾ ਹੈ ਅਤੇ ਜੇਕਰ ਸਮੁੱਚੇ ਪੰਜਾਬ ਦੀ ਖੇਤੀ ਦੇ ਅੰਕੜਿਆਂ ਦਾ ਅਧਿਐਨ ਕੀਤਾ ਜਾਵੇ ਤਾਂ ਨਤੀਜੇ ਹੋਰ ਵੀ ਹੈਰਾਨੀਜਨਕ ਹੋਣਗੇ। ਖੇਤੀ ਪ੍ਰਧਾਨ ਹੋਣ ਦੇ ਬਾਵਜੂਦ ਭਾਰਤ ਸਰਕਾਰ ਦੇਸ਼ ਦੀ ਖੇਤੀ ਵਾਸਤੇ ਦੇਸ਼ ਵਿਚ ਹੀ ਰਸਾਇਣਕ ਖਾਦਾਂ ਤਿਆਰ ਕਰਨ ਵਿਚ ਬੁਰੀ ਤਰ੍ਹਾਂ ਅਸਫ਼ਲ ਹੈ। ਵਰਤਮਾਨ ਸਮੇਂ ਵਿਚ ਖੇਤੀ ਲੋੜ ਵਾਸਤੇ ਸਰਕਾਰ 40 ਫੀਸਦੀ ਯੂਰੀਆ, 97 ਫੀਸਦੀ ਡੀਏਪੀ ਅਤੇ 100 ਪੋਟਾਸ਼ ਖਾਦਾਂ ਅਜੇ ਵੀ ਵਿਦੇਸ਼ਾਂ ਤੋਂ ਦਰਾਮਦ ਕਰਦੀ ਹੈ।

ਖੇਤੀ ਮਸ਼ੀਨਰੀ ਦਾ ਕਾਰੋਬਾਰ ਵੀ ਪੂਰੇ ਦਾ ਪੂਰਾ ਨਿੱਜੀ ਕੰਪਨੀਆਂ ਕੋਲ ਹੀ ਹੈ। ਬਹੁਤ ਸਾਰੀਆਂ ਬਹੁਕੌਮੀ ਕੰਪਨੀਆਂ ਨੇ ਖੇਤੀ ਸੰਦਾਂ ਵਿਸ਼ੇਸ਼ ਕਰਕੇ ਟਰੈਕਟਰ, ਕੰਬਾਈਨ ਹਾਰਵੈਸਟਰ ਆਦਿ ਖੇਤਰਾਂ ਵਿਚ ਆਪਣੇ ਪੈਰ ਪਸਾਰ ਰੱਖੇ ਹਨ ਅਤੇ ਕੀਮਤਾਂ ਵੀ ਆਪਣੀ ਮਰਜ਼ੀ ਨਾਲ ਹੀ ਨਿਰਧਾਰਿਤ ਕਰਦੀਆਂ ਹਨ। ਇਹ ਬਹੁਕੌਮੀ ਕੰਪਨੀਆਂ ਐਨਾਂ ਜ਼ਿਆਦਾ ਅਸਰ ਰਸੂਖ ਰੱਖਦੀਆਂ ਹਨ ਕਿ ਸਰਕਾਰ ਵੀ ਇਨ੍ਹਾਂ ਦੀਆਂ ਮਨਮਰਜ਼ੀਆਂ ’ਤੇ ਰੋਕ ਨਹੀਂ ਲਗਾਉਂਦੀ। ਕਿਸਾਨ ਵਿਚਾਰਾ ਅੱਜ ਵੀ ਇਨ੍ਹਾਂ ਦੀ ਲੁੱਟ ਦਾ ਸ਼ਿਕਾਰ ਹੋਈ ਜਾ ਰਿਹਾ ਹੈ। ਮਹੱਤਵਪੂਰਨ ਸੱਚਾਈ ਇਹ ਹੈ ਕਿ ਖੇਤੀ ਨਾਲ ਜੁੜੇ ਇਸ ਵਿਸ਼ਾਲ ਖੇਤਰ ਨੂੰ ਸਿਰਫ਼ ਨਿੱਜੀ ਹੱਥਾਂ ਵਿਚ ਸੌਂਪ ਕੇ ਕਿਸਾਨ ਦੀ ਨਿਰੰਤਰ ਹੁੰਦੀ ਲੁੱਟ ਨੂੰ ਅਣਗੌਲਿਆਂ ਕਰਕੇ ਸਰਕਾਰਾਂ ਸੁਰਖ਼ਰੂ ਨਹੀਂ ਹੋ ਸਕਦੀਆਂ। ਇਨ੍ਹਾਂ ਤੱਥਾਂ ਨੂੰ ਜੇਕਰ ਹੁਣ ਵੀ ਗੰਭੀਰਤਾ ਨਾਲ ਨਾ ਲਿਆਂ ਗਿਆ ਤਾਂ ਬਹੁਤ ਦੇਰ ਹੋ ਜਾਵੇਗੀ। •

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਲਾਡਵਾ ਵਿਧਾਨ ਸਭਾ ਹਲਕੇ ਵਿੱਚ ਪਿੰਡ ਵਾਸੀਆਂ ਨਾਲ ਮਨਾਈ ਦੀਵਾਲੀ, ਲੋਕਾਂ ਨੂੰ ਮਿਲ ਕੇ ਦਿੱਤੀਆਂ ਤਿਉਹਾਰ ਦੀਆਂ ਮੁਬਾਰਕਾਂ

ਚੰਡੀਗੜ੍ਹ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਆਮ ਸਿੰਘ ਰਾਣਾ ਨੇ ਜ਼ਿਲ੍ਹੇ ਦੀਆਂ ਹਥੀਨ, ਹੋਡਲ, ਹਸਨਪੁਰ ਅਤੇ ਪਲਵਲ ਅਨਾਜ ਮੰਡੀਆਂ ਦਾ ਦੌਰਾ ਕਰ ਕੇ ਚਾਲੂ ਫ਼ਸਲ ਖ਼ਰੀਦ ਸੀਜ਼ਨ ਦੌਰਾਨ ਕਿਸਾਨਾਂ ਲਈ ਕੀਤੇ ਗਏ ਪ੍ਰਬੰਧਾਂ ਅਤੇ ਸਹੂਲਤਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਅਧਿਕਾਰੀਆਂ ਨਾਲ ਮੀਟਿੰਗ ਕਰ ਕੇ ਫ਼ਸਲ ਖ਼ਰੀਦ ਪ੍ਰਕਿਰਿਆ ਨੂੰ ਸੁਚਾਰੂ, ਪਾਰਦਰਸ਼ੀ ਅਤੇ ਸਮਾਂਬੱਧ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ।



ਖੇਤੀਬਾੜੀ ਮੰਤਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਹਰਿਆਣਾ ਸਰਕਾਰ ਕਿਸਾਨਾਂ ਦੀ ਮਿਹਨਤ ਅਤੇ ਉਨ੍ਹਾਂ ਦੀ ਉਪਜ ਦਾ ਪੂਰਾ ਸਤਿਕਾਰ ਕਰਦੀ ਹੈ। ਸਰਕਾਰ ਦਾ ਮਨੋਰਥ ਕਿਸਾਨਾਂ ਦੀ ਫ਼ਸਲ ਦਾ ਇੱਕ-ਇੱਕ ਦਾਣਾ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) 'ਤੇ ਖ਼ਰੀਦਣਾ ਯਕੀਨੀ ਬਣਾਉਣਾ ਹੈ। ਕਿਸਾਨਾਂ ਨੂੰ ਸਹੂਲਤਾਂ, ਸਨਮਾਨ ਅਤੇ ਉਨ੍ਹਾਂ ਦੇ ਆਰਥਿਕ ਹਿੱਤਾਂ ਦੀ ਸੁਰੱਖਿਆ ਕਰਨਾ ਸਰਕਾਰ ਦੀ ਸਰਵਉੱਚ ਪਹਿਲ ਹੈ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਫ਼ਸਲ ਲੈ ਕੇ ਪਹੁੰਚਣ ਵਾਲੇ ਕਿਸਾਨਾਂ ਦੇ ਗੇਟ ਪਾਸ ਬਣਵਾਉਣ ਤੋਂ ਲੈ ਕੇ ਫ਼ਸਲ ਵੇਚਣ, ਮਾਪ-ਤੋਲ, ਚੁਕਾਈ ਅਤੇ ਭੁਗਤਾਨ ਕਰਨ ਤੱਕ ਕਿਸੇ ਵੀ ਪੱਧਰ 'ਤੇ ਪਰੇਸ਼ਾਨੀ ਨਹੀਂ ਹੋਣੀ ਚਾਹੀਦੀ। ਇਸ ਲਈ ਸਾਰੇ ਸਬੰਧਤ ਵਿਭਾਗ ਆਪਸੀ ਤਾਲਮੇਲ ਨਾਲ ਕੰਮ ਕਰਨ।

ਮੰਡੀਆਂ ਵਿੱਚ ਵਿਕਾਸ ਕਾਰਜਾਂ ਅਤੇ ਕਿਸਾਨਾਂ ਦੀਆਂ ਮੰਗਾਂ 'ਤੇ ਕੀਤੀ ਚਰਚਾ

ਖੇਤੀਬਾੜੀ ਮੰਤਰੀ ਨੇ ਸਾਰੀਆਂ ਮੰਡੀਆਂ ਵਿੱਚ ਖ਼ਰੀਦ ਦੀ ਆਮਦ, ਚੁਕਾਈ ਪ੍ਰਕਿਰਿਆ, ਕਿਸਾਨਾਂ ਦੀਆਂ ਸਮੱਸਿਆਵਾਂ ਅਤੇ ਵਿਕਾਸ ਕਾਰਜਾਂ ਨਾਲ ਸਬੰਧਤ ਮੰਗਾਂ ਦੀ ਜਾਣਕਾਰੀ ਲੈਂਦੇ ਹੋਏ ਅਧਿਕਾਰੀਆਂ ਨੂੰ ਜ਼ਰੂਰੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਦੁਹਰਾਇਆ ਕਿ ਸਰਕਾਰ ਕਿਸਾਨਾਂ ਦੀ ਫ਼ਸਲ ਦਾ ਯੋਗ ਮੁੱਲ ਦਿਵਾਉਣ ਅਤੇ ਮੰਡੀਆਂ ਵਿੱਚ ਬਿਹਤਰ ਸਹੂਲਤਾਂ ਉਪਲਬਧ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਹਥੀਨ ਅਤੇ ਪਲਵਲ ਅਨਾਜ ਮੰਡੀ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਉਨ੍ਹਾਂ ਦੇ ਹੱਲ ਦਾ ਭਰੋਸਾ ਦਿੱਤਾ।

ਯੂਪੀ ਵਿੱਚ ਵਾਪਰੇ ਭਿਆਨਕ ਸੜਕ ਹਾਦਸੇ 'ਚ ਹਰਿਆਣਾ ਦੇ ਛੇ ਨੌਜਵਾਨ ਜਿਊਂਦੇ ਸੜੇ

ਹਿਸਾਰ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਜ਼ਿਲ੍ਹੇ ਤੋਂ ਲਗਪਗ 25 ਕਿਲੋਮੀਟਰ ਦੂਰ ਪਾਨੀਪਤ-ਖਟੀਮਾ ਕੌਮੀ ਰਾਜਮਾਰਗ 'ਤੇ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਹਰਿਆਣਾ ਦੇ ਹਾਂਸੀ ਜ਼ਿਲ੍ਹੇ ਦੇ ਦੋ ਪਿੰਡਾਂ ਦੇ ਛੇ ਨੌਜਵਾਨ ਉਸ ਸਮੇਂ ਜਿਊਂਦੇ ਸੜ ਗਏ, ਜਦੋਂ ਉਨ੍ਹਾਂ ਦੀ ਕਾਰ ਇੱਕ ਬਿਜਲੀ ਦੇ ਖੰਭੇ ਨਾਲ ਟਕਰਾਉਣ ਤੋਂ ਬਾਅਦ ਅੱਗ ਦੀ ਲਪੇਟ ਵਿੱਚ ਆ ਗਈ। ਇਹ ਹਾਦਸਾ ਅੱਜ ਸਵੇਰੇ ਵਾਪਰਿਆ।

ਮ੍ਰਿਤਕਾਂ ਦੀ ਪਛਾਣ ਸਾਹਿਲ (20), ਅਮਨ (21), ਅਜੈ (21), ਅੰਕਿਤ (21), ਉਸ ਦੇ ਹਮਨਾਮ ਅੰਕਿਤ (21) ਅਤੇ ਰਾਹੁਲ (23) ਵਜੋਂ ਹੋਈ ਹੈ। ਇਨ੍ਹਾਂ ਵਿੱਚੋਂ ਚਾਰ ਨੌਜਵਾਨ—ਸਾਹਿਲ, ਰਾਹੁਲ ਅਤੇ ਦੋਵੇਂ ਅੰਕਿਤ ਰਾਖੀਗੜ੍ਹੀ ਪਿੰਡ ਨਾਲ ਸਬੰਧਤ ਸਨ, ਜਦਕਿ ਅਮਨ ਅਤੇ ਅਜੈ ਮੋਠ ਰੰਗੜਾਂ ਪਿੰਡ ਦੇ ਰਹਿਣ ਵਾਲੇ ਸਨ। ਅੰਕਿਤ ਅਤੇ ਰਾਹੁਲ ਸਕੇ ਭਰਾ ਸਨ। ਜਿੱਥੇ ਅਮਨ, ਅਜੈ ਅਤੇ ਅੰਕਿਤ ਵਿਦਿਆਰਥੀ ਸਨ, ਉੱਥੇ ਹੀ ਬਾਕੀ ਤਿੰਨ ਨੌਜਵਾਨ ਆਪਣਾ ਕੰਮ-ਕਾਰ ਕਰਦੇ ਸਨ।



ਇਸ ਦਰਦਨਾਕ ਹਾਦਸੇ ਦੀ ਖ਼ਬਰ ਮਿਲਦਿਆਂ ਹੀ ਦੋਵਾਂ ਗੁਆਂਢੀ ਪਿੰਡਾਂ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਇਹ ਨੌਜਵਾਨ ਸੋਮਵਾਰ ਨੂੰ ਮੱਸਿਆ ਦੇ ਮੌਕੇ 'ਤੇ ਹਰੀਦਵਾਰ ਵਿਖੇ ਗੰਗਾ ਵਿੱਚ ਪਵਿੱਤਰ ਇਸ਼ਨਾਨ ਕਰਨ ਲਈ ਦੇਰ ਰਾਤ ਕਰੀਬ 12 ਵਜੇ ਬਿਨਾਂ ਦੱਸੇ ਘਰੋਂ ਨਿਕਲੇ ਸਨ। ਪਰਿਵਾਰ ਵਾਲੇ ਇਸ ਘਟਨਾ ਤੋਂ ਡੂੰਘੇ ਸਦਮੇ ਵਿੱਚ ਹਨ ਅਤੇ ਕੁਝ ਪਰਿਵਾਰਕ ਮੈਂਬਰ ਮ੍ਰਿਤਕ ਦੇਹਾਂ ਨੂੰ ਲਿਆਉਣ ਲਈ ਉੱਤਰ ਪ੍ਰਦੇਸ਼ ਲਈ ਰਵਾਨਾ ਹੋ ਚੁੱਕੇ ਹਨ।

ਪੀੜਤਾਂ ਵਿੱਚੋਂ ਇੱਕ ਸਾਹਿਲ ਦੇ ਪਿਤਾ ਸੋਮ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਹੁੰਡਈ ਔਰਾ (Hyundai Aura) ਕਾਰ ਚਲਾ ਰਿਹਾ ਸੀ, ਜੋ ਕਿ ਪਰਵੀਨ ਨਾਮ ਦੇ ਨੌਜਵਾਨ ਦੀ ਸੀ। ਸਾਹਿਲ ਨੇ ਹਾਦਸੇ ਤੋਂ ਦੋ ਦਿਨ ਪਹਿਲਾਂ ਹੀ ਪਰਵੀਨ ਤੋਂ ਇਹ ਕਾਰ ਲਈ ਸੀ।

ਸੂਤਰਾਂ ਅਨੁਸਾਰ ਬਿਜਲੀ ਦੇ ਖੰਭੇ ਨਾਲ ਟਕਰਾਉਣ ਤੋਂ ਤੁਰੰਤ ਬਾਅਦ ਕਾਰ ਨੂੰ ਅੱਗ ਲੱਗ ਗਈ ਅਤੇ ਉਹ ਪੂਰੀ ਤਰ੍ਹਾਂ ਅੱਗ ਦੀ ਲਪੇਟ ਵਿੱਚ ਆ ਗਈ।

ਰਾਹਗੀਰਾਂ ਵੱਲੋਂ ਸੂਚਨਾ ਮਿਲਣ 'ਤੇ ਪੁਲੀਸ ਅਤੇ ਫਾਇਰ ਬ੍ਰਿਗੇਡ ਦੇ ਕਰਮਚਾਰੀ ਮੌਕੇ 'ਤੇ ਪਹੁੰਚ ਗਏ ਅਤੇ ਕਾਫ਼ੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ।

ਕਾਰ ਵਿੱਚ ਸਵਾਰ ਨੌਜਵਾਨਾਂ ਦੀਆਂ ਲਾਸ਼ਾਂ ਇਸ ਤਰ੍ਹਾਂ ਸੜ ਚੁੱਕੀਆਂ ਸਨ ਕਿ ਉਨ੍ਹਾਂ ਦੀ ਪਛਾਣ ਕਰਨਾ ਬਹੁਤ ਮੁਸ਼ਕਲ ਸੀ।

ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਮਹਿਜ਼ 1 ਸਾਲ ਵਿੱਚ 56,183 ਕੰਪਿਊਟਰ ਦਿੱਤੇ : ਹਰਜੋਤ ਸਿੰਘ ਬੈਂਸ

ਚੰਡੀਗੜ੍ਹ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਪਣੇ ਪ੍ਰਮੁੱਖ ਪ੍ਰੋਗਰਾਮ 'ਸਿੱਖਿਆ ਕ੍ਰਾਂਤੀ' ਤਹਿਤ ਪੰਜਾਬ ਭਰ ਦੇ ਸਰਕਾਰੀ ਸਕੂਲਾਂ ਵਿੱਚ ਡਿਜੀਟਲ ਬਦਲਾਅ ਲਿਆਉਣ ਲਈ ਅਹਿਮ ਕਦਮ ਚੁੱਕੇ ਜਾ ਰਹੇ ਹਨ। ਇਸੇ ਤਹਿਤ, ਇਸ ਸਾਲ ਦੀ ਸ਼ੁਰੂਆਤ ਵਿੱਚ ਲਗਭਗ 396 ਕਰੋੜ ਰੁਪਏ ਦੇ ਨਿਵੇਸ਼ ਨਾਲ 40,003 ਡੈਸਕਟਾਪ ਕੰਪਿਊਟਰ ਮੁਹੱਈਆ ਕਰਵਾਏ ਗਏ। ਹੁਣ ਇਸ ਪਹਿਲਕਦਮੀ ਦੇ ਦੂਜੇ ਪੜਾਅ ਦਾ ਵਿਸਤਾਰ ਕੀਤਾ ਜਾ ਰਿਹਾ ਹੈ ਜਿਸ ਤਹਿਤ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ 16,180 ਹੋਰ ਡੈਸਕਟਾਪ ਕੰਪਿਊਟਰ ਮੁਹੱਈਆ ਕਰਵਾਏ ਜਾਣਗੇ, ਜਿਸ ਨਾਲ ਕੰਪਿਊਟਰਾਂ ਦੀ ਗਿਣਤੀ 56,183 ਹੋ ਜਾਵੇਗੀ। ਦੂਜੇ ਪੜਾਅ ਲਈ ਕੰਪਿਊਟਰਾਂ ਦੀ ਡਿਲਿਵਰੀ ਅਤੇ ਸਥਾਪਤ ਕਰਨ ਦੀ ਪ੍ਰਕਿਰਿਆ 2 ਨਵੰਬਰ ਤੋਂ 1 ਦਸੰਬਰ, 2026 ਤੱਕ ਨਿਰਧਾਰਤ ਕੀਤੀ ਗਈ ਹੈ। 'ਸਿੱਖਿਆ ਕ੍ਰਾਂਤੀ' ਤਹਿਤ 2,004 ਹੋਰ ਸਰਕਾਰੀ ਸਕੂਲਾਂ ਵਿੱਚ ਕੰਪਿਊਟਰ ਲੈਬਾਂ ਸਥਾਪਤ ਕੀਤੀਆਂ ਜਾਣਗੀਆਂ, ਜਦਕਿ ਇਸ ਵਰ੍ਹੇ ਦੇ ਸ਼ੁਰੂ ਵਿੱਚ ਕੰਪਿਊਟਰ ਲੈਬਾਂ ਸਥਾਪਤ ਕੀਤੇ ਗਏ ਸਕੂਲਾਂ ਦੀ ਗਿਣਤੀ 5,064 ਤੱਕ ਪਹੁੰਚ ਚੁੱਕੀ ਹੈ।

ਇਸ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਹਰ ਬੱਚਾ, ਭਾਵੇਂ ਉਸਦਾ ਪਿਛੋਕੜ ਕੋਈ ਵੀ ਹੋਵੇ, ਮਿਆਰੀ ਸਿੱਖਿਆ ਅਤੇ ਇਸ ਨਾਲ ਸਬੰਧਤ ਮੌਕਿਆਂ ਤੱਕ ਪਹੁੰਚ ਦਾ ਹੱਕਦਾਰ ਹੈ। ਪੰਜਾਬ ਸਿੱਖਿਆ ਕ੍ਰਾਂਤੀ ਰਾਹੀਂ, ਅਸੀਂ ਸਰਕਾਰੀ ਸਕੂਲਾਂ ਵਿੱਚ ਅਹਿਮ ਬਦਲਾਅ ਲਿਆ ਰਹੇ ਹਾਂ ਅਤੇ ਕਲਾਸਰੂਮਾਂ ਨੂੰ ਆਧੁਨਿਕ ਤਕਨਾਲੋਜੀ ਨਾਲ ਲੈਸ ਕਰ ਰਹੇ ਹਾਂ। ਸਾਡਾ ਦ੍ਰਿਸ਼ਟੀਕੋਣ ਸਪੱਸ਼ਟ ਹੈ ਕਿ ਪੰਜਾਬ ਦੇ ਹਰ ਬੱਚੇ ਕੋਲ ਬਿਹਤਰ ਭਵਿੱਖ ਬਣਾਉਣ ਲਈ ਸਾਧਨ, ਵਿਸ਼ਵਾਸ ਅਤੇ ਬਰਾਬਰ ਮੌਕੇ ਹੋਣ। ਇਸ ਦੌਰਾਨ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, ਪੰਜਾਬ ਸਿੱਖਿਆ ਕ੍ਰਾਂਤੀ ਨਾ ਸਿਰਫ਼ ਸਾਡੇ ਸਕੂਲਾਂ ਦੇ ਬੁਨਿਆਦੀ



ਢਾਂਚੇ ਨੂੰ ਬਦਲ ਰਹੀ ਹੈ, ਸਗੋਂ ਉਨ੍ਹਾਂ ਵਿੱਚ ਪੜ੍ਹਦੇ ਹਰ ਬੱਚੇ ਲਈ ਨਵੀਆਂ ਸੰਭਾਵਨਾਵਾਂ ਦੇ ਦਰਵਾਜ਼ੇ ਵੀ ਖੋਲ੍ਹ ਰਹੀ ਹੈ। ਪਹਿਲੇ ਪੜਾਅ ਵਿੱਚ ਇੰਟਰਐਕਟਿਵ ਫਲੈਟ ਪੈਨਲ ਪ੍ਰਦਾਨ ਕੀਤੇ ਗਏ ਹਨ ਅਤੇ ਅਗਲੇ ਪੜਾਅ ਵਿੱਚ ਡੈਸਕਟੌਪ ਕੰਪਿਊਟਰ ਪ੍ਰਦਾਨ ਕਰਕੇ, ਅਸੀਂ ਸੂਬੇ ਭਰ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਤਕਨਾਲੋਜੀ ਦੇ ਹੋਰ ਨੇੜੇ ਲਿਆ ਰਹੇ ਹਾਂ। ਸਾਡਾ ਟੀਚਾ ਕਲਾਸਰੂਮਾਂ ਨੂੰ ਵਧੇਰੇ ਦਿਲਚਸਪ ਬਣਾਉਣਾ, ਸਿੱਖਣ ਨੂੰ ਵਧੇਰੇ ਅਰਥਪੂਰਨ ਬਣਾਉਣਾ ਅਤੇ ਸਰਕਾਰੀ ਸਕੂਲਾਂ ਨੂੰ ਅਜਿਹੀ ਨੁਹਾਰ ਦੇਣਾ ਹੈ ਜਿਸ ਨਾਲ ਹਰ ਪੰਜਾਬੀ ਨੂੰ ਇਹਨਾਂ ਸਕੂਲਾਂ 'ਤੇ ਮਾਣ ਹੋਵੇ।

ਇਸੇ ਸਾਲ ਵਿੱਚ 8,268 ਇੰਟਰਐਕਟਿਵ ਫਲੈਟ ਪੈਨਲ ਡਿਲਿਵਰ ਕਰਕੇ ਕਲਾਸਰੂਮਾਂ ਵਿੱਚ ਡਿਜੀਟਲ ਲਰਨਿੰਗ ਯਕੀਨੀ ਬਣਾਈ ਗਈ*

ਕੰਪਿਊਟਰ ਪ੍ਰਦਾਨ ਕਰਨ ਦੇ ਨਾਲ-ਨਾਲ, ਪਹਿਲੇ ਪੜਾਅ ਅਧੀਨ 3,694 ਸਰਕਾਰੀ ਸਕੂਲਾਂ ਵਿੱਚ 8,268 ਇੰਟਰਐਕਟਿਵ ਫਲੈਟ ਪੈਨਲ (ਆਈਐਫਪੀਜ਼) ਡਿਲਿਵਰ ਕੀਤੇ ਗਏ ਹਨ, ਜਿਸ ਨਾਲ ਸੂਬੇ ਭਰ ਦੇ ਕਲਾਸਰੂਮਾਂ ਵਿੱਚ ਤਕਨਾਲੋਜੀ-ਸਮਰਥਿਤ ਅਧਿਆਪਨ ਸਾਧਨਾਂ ਨੂੰ ਯਕੀਨੀ ਬਣਾਇਆ ਗਿਆ। ਡਿਜੀਟਲ ਬੁਨਿਆਦੀ ਢਾਂਚਾ ਅਧਿਆਪਕਾਂ ਲਈ ਰੋਜ਼ਾਨਾ ਦੇ ਪਾਠਾਂ ਵਿੱਚ ਮਲਟੀਮੀਡੀਆ ਸਰੋਤਾਂ, ਡਿਜੀਟਲ ਸਮੱਗਰੀ ਅਤੇ ਅਸਲ-ਸਮੇਂ ਦੇ ਪ੍ਰਦਰਸ਼ਨਾਂ ਨੂੰ ਏਕੀਕ੍ਰਿਤ ਕਰਨ ਵਿੱਚ ਮਦਦਗਾਰ ਸਾਬਤ ਹੋਵੇਗਾ, ਜਿਸ ਨਾਲ ਕਲਾਸਰੂਮ ਲਰਨਿੰਗ ਨੂੰ ਵਧੇਰੇ ਪ੍ਰਭਾਵੀ ਅਤੇ ਦਿਲਚਸਪ ਬਣਾਇਆ ਜਾ ਸਕੇਗਾ।

ਪੰਜਾਬ ਸਿੱਖਿਆ ਕ੍ਰਾਂਤੀ ਨੇ ਬਰਾਬਰ ਪਹੁੰਚ ਅਤੇ ਭਵਿੱਖ ਲਈ ਤਿਆਰ ਸਿੱਖਿਆ 'ਤੇ ਜ਼ੋਰ ਦਿੰਦਿਆਂ ਸਰਕਾਰੀ ਸਕੂਲਾਂ ਨੂੰ ਡਿਜੀਟਲ ਸਿੱਖਿਆ ਵੱਲ ਲਿਜਾਣ ਵਿੱਚ ਅਹਿਮ ਭੂਮਿਕਾ ਨਿਭਾਈ

ਇਹ ਪਹਿਲਕਦਮੀ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਕੀਤੇ ਜਾ ਰਹੇ ਵਿਆਪਕ ਸੁਧਾਰਾਂ ਦਾ ਹਿੱਸਾ ਹੈ, ਜਿਨ੍ਹਾਂ ਵਿੱਚ ਬੁਨਿਆਦੀ ਸਿੱਖਿਆ ਨੂੰ ਮਜ਼ਬੂਤ ਕਰਨ, ਸਕੂਲੀ ਢਾਂਚੇ ਨੂੰ ਅਪਗ੍ਰੇਡ ਕਰਨ ਅਤੇ ਵਿਦਿਅਕ ਨਤੀਜਿਆਂ ਵਿੱਚ ਸੁਧਾਰ ਲਿਆਉਣ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਇਸ ਪ੍ਰੋਗਰਾਮ ਵਿੱਚ ਡਿਜੀਟਲ ਸਿੱਖਿਆ ਤੱਕ ਬਰਾਬਰ ਪਹੁੰਚ, ਸੁਰੱਖਿਅਤ ਢੰਗ ਨਾਲ ਉਪਕਰਨ ਲਗਾਉਣ ਦੇ ਨਿਯਮਾਂ, ਪਾਰਦਰਸ਼ੀ ਨਿਗਰਾਨੀ ਅਤੇ ਜਵਾਬਦੇਹੀ 'ਤੇ ਵੀ ਜ਼ੋਰ ਦਿੱਤਾ ਗਿਆ ਹੈ, ਤਾਂ ਜੋ ਜਨਤਕ ਸਰੋਤਾਂ ਦੀ ਸੁਚੱਜੀ ਵਰਤੋਂ ਨੂੰ ਯਕੀਨੀ ਬਣਾਇਆ ਜਾ ਸਕੇ।

ਇਸ ਵਿਸਤਾਰ ਰਾਹੀਂ, ਭਗਵੰਤ ਮਾਨ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਨੂੰ ਤਕਨਾਲੋਜੀ-ਅਧਾਰਤ ਕਲਾਸਰੂਮ ਵੱਲ ਲਿਜਾਇਆ ਜਾ ਰਿਹਾ ਹੈ, ਜਿਸ ਰਾਹੀਂ ਵਿਦਿਆਰਥੀਆਂ ਨੂੰ ਡਿਜੀਟਲ ਹੁਨਰਾਂ ਨਾਲ ਲੈਸ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਸਿੱਖਣ ਦੇ ਆਧੁਨਿਕ ਸਾਧਨਾਂ ਤੱਕ ਪਹੁੰਚ ਵਧਾਈ ਜਾ ਰਹੀ ਹੈ, ਜੋ ਉਚੇਰੀ ਸਿੱਖਿਆ, ਰੁਜ਼ਗਾਰ ਅਤੇ ਤੇਜ਼ੀ ਨਾਲ ਉਭਰ ਰਹੀ ਤਕਨਾਲੋਜੀ ਦਾ ਹਾਣੀ ਬਣਨ ਲਈ ਬੇਹੱਦ ਜ਼ਰੂਰੀ ਹਨ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਭਗਵਾਨ ਵਿਸ਼ਵਕਰਮਾ ਦਿਵਸ 'ਤੇ ਕੀਤਾ ਨਮਨ

ਚੰਡੀਗੜ੍ਹ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਦੀਵਾਲੀ ਦਾ ਪਵਿੱਤਰ ਤਿਉਹਾਰ ਆਪਣੇ ਪਰਿਵਾਰ ਨਾਲ ਮਨਾਇਆ। ਇਸ ਦੌਰਾਨ ਉਨ੍ਹਾਂ ਨੇ ਲਾਡਵਾ ਹਲਕੇ ਦੇ ਵੱਖ-ਵੱਖ ਪਿੰਡਾਂ ਅਤੇ ਥਾਵਾਂ 'ਤੇ ਰੁਕ ਕੇ ਪਿੰਡ ਵਾਸੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਹਾਲ-ਚਾਲ ਜਾਣਿਆ। ਮੁੱਖ ਮੰਤਰੀ ਨੂੰ ਆਪਣੇ ਵਿਚਕਾਰ ਪਾ ਕੇ ਪਿੰਡਾਂ ਦੇ ਲੋਕਾਂ ਵਿੱਚ ਵਿਸ਼ੇਸ਼ ਉਤਸ਼ਾਹ ਦੇਖਣ ਨੂੰ ਮਿਲਿਆ।



ਮੁੱਖ ਮੰਤਰੀ ਨੇ ਹਲਕਾ ਵਾਸੀਆਂ ਨੂੰ ਦੀਵਾਲੀ ਦੀਆਂ ਹਾਰਦਿਕ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਉਨ੍ਹਾਂ ਦੀ ਸੁੱਖ, ਸ਼ਾਂਤੀ ਅਤੇ ਸਮ੍ਰਿੱਧੀ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਦੀਪਾਵਲੀ ਦਾ ਤਿਉਹਾਰ ਹਨੇਰੇ 'ਤੇ ਚਾਨਣ, ਬੁਰਾਈ 'ਤੇ ਅੱਛਾਈ ਅਤੇ ਨਿਰਾਸ਼ਾ 'ਤੇ ਆਸ ਦੀ ਜਿੱਤ ਦਾ ਪ੍ਰਤੀਕ ਹੈ। ਇਹ ਤਿਉਹਾਰ ਸਾਨੂੰ ਆਪਸੀ ਪ੍ਰੇਮ, ਭਾਈਚਾਰੇ ਅਤੇ ਸਦਭਾਵਨਾ ਨਾਲ ਮਿਲ-ਜੁਲ ਕੇ ਰਹਿਣ ਦਾ ਸੰਦੇਸ਼ ਦਿੰਦਾ ਹੈ।

ਕੈਂਸਰ ਦੀਆਂ 1,364 ਦਵਾਈਆਂ ਹੋਈਆਂ ਸਸਤੀਆਂ; ਕੀਮਤਾਂ ਅੱਜ ਤੋਂ ਲਾਗੂ

ਨਵੀਂ ਦਿੱਲੀ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕੈਂਸਰ ਦੇ ਮਰੀਜ਼ਾਂ ਲਈ ਇੱਕ ਵੱਡੀ ਰਾਹਤ ਵਾਲੀ ਖ਼ਬਰ ਹੈ। ਸਰਕਾਰ ਨੇ ਕੈਂਸਰ ਦੇ ਇਲਾਜ ਵਿੱਚ ਵਰਤੀਆਂ ਜਾਣ ਵਾਲੀਆਂ 1,364 ਦਵਾਈਆਂ ਦੀਆਂ ਕੀਮਤਾਂ ਵਿੱਚ ਵੱਡੀ ਕਟੌਤੀ ਕੀਤੀ ਹੈ, ਜੋ ਕਿ ਸੋਮਵਾਰ ਤੋਂ ਲਾਗੂ ਹੋ ਗਈ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਫੈਸਲੇ ਨਾਲ ਮਰੀਜ਼ਾਂ ਦੇ ਸਾਲਾਨਾ ਕਰੀਬ 3,540 ਕਰੋੜ ਰੁਪਏ ਬਚਣਗੇ।



ਨੈਸ਼ਨਲ ਫਾਰਮਾਸਿਊਟੀਕਲ ਪ੍ਰਾਈਸਿੰਗ ਅਥਾਰਟੀ ਅਨੁਸਾਰ, ਸਿਹਤ ਮੰਤਰਾਲੇ ਦੀ ਇੱਕ ਮਾਹਿਰ ਕਮੇਟੀ ਨੇ ਪਿਛਲੇ ਮਹੀਨੇ 17 ਅਕਤੂਬਰ ਨੂੰ ਆਪਣੀ ਰਿਪੋਰਟ ਸੌਂਪੀ ਸੀ। ਇਸ ਰਿਪੋਰਟ ਦੇ ਆਧਾਰ 'ਤੇ 137 ਕੈਂਸਰ ਰੋਕੂ ਦਵਾਈਆਂ ਦੇ ਵਪਾਰਕ ਮੁਨਾਫ਼ੇ 'ਤੇ ਸੀਮਾ (ਕੈਪ) ਲਗਾ ਦਿੱਤੀ ਗਈ ਹੈ, ਤਾਂ ਜੋ ਕੰਪਨੀਆਂ ਮਨਮਰਜ਼ੀ ਨਾਲ ਮਹਿੰਗੇ ਭਾਅ 'ਤੇ ਦਵਾਈਆਂ ਨਾ ਵੇਚ ਸਕਣ।

ਸਰਕਾਰ ਦੇ ਇਸ ਕਦਮ ਤੋਂ ਬਾਅਦ 85 ਦਵਾਈ ਕੰਪਨੀਆਂ ਨੇ ਆਪਣੀਆਂ ਦਵਾਈਆਂ ਦੇ ਰੇਟ ਘਟਾ ਕੇ ਨਵੀਆਂ ਕੀਮਤਾਂ ਬਾਰੇ ਜਾਣਕਾਰੀ ਦੇ ਦਿੱਤੀ ਹੈ।

ਫਾਰਮਾਸਿਊਟੀਕਲ ਵਿਭਾਗ ਨੇ ਦੱਸਿਆ ਕਿ ਕੈਂਸਰ ਦੀਆਂ 679 ਦਵਾਈਆਂ (ਬ੍ਰਾਂਡਾਂ) ਦੀਆਂ ਕੀਮਤਾਂ ਤਾਂ ਅੱਧਿਓਂ ਵੀ ਘੱਟ ਹੋ ਗਈਆਂ ਹਨ (ਯਾਨੀ 50% ਤੋਂ ਵੱਧ ਦੀ ਕਟੌਤੀ)। ਇੱਥੋਂ ਤੱਕ ਕਿ ਕੁਝ ਦਵਾਈਆਂ ਦੇ ਰੇਟਾਂ ਵਿੱਚ 96 ਫੀਸਦੀ ਤੱਕ ਦੀ ਭਾਰੀ ਗਿਰਾਵਟ ਆਈ ਹੈ।

ਸਰਕਾਰ ਨੇ ਸਖ਼ਤ ਹਦਾਇਤ ਕੀਤੀ ਹੈ ਕਿ ਕੋਈ ਵੀ ਮੈਡੀਕਲ ਸਟੋਰ ਜਾਂ ਹਸਪਤਾਲ ਨਵੀਆਂ ਤੈਅ ਕੀਤੀਆਂ ਕੀਮਤਾਂ (ਸੋਧੇ ਹੋਏ ਐੱਮ ਆਰ ਪੀ) ਤੋਂ ਵੱਧ ਪੈਸੇ ਨਹੀਂ ਵਸੂਲ ਸਕਦਾ।

ਮਰੀਜ਼ ਕਿੱਥੋਂ ਚੈੱਕ ਕਰਨ ਸਹੀ ਕੀਮਤ ? ਖਪਤਕਾਰ ਜਾਂ ਮਰੀਜ਼ ਦਵਾਈਆਂ ਦੀ ਸਹੀ ਕੀਮਤ ਪੈਕੇਟ ਉੱਤੇ ਛਪੇ ਨਵੇਂ ਐੱਮ ਆਰ ਪੀ ਤੋਂ ਦੇਖ ਸਕਦੇ ਹਨ। ਇਸ ਤੋਂ ਇਲਾਵਾ, ਸਰਕਾਰ ਦੀ 'ਫਾਰਮਾ ਸਹੀ ਦਾਮ' ਮੋਬਾਈਲ ਐਪ ਜਾਂ ਐੱਨ ਪੀ ਪੀ ਏ ਦੀ ਅਧਿਕਾਰਤ ਵੈੱਬਸਾਈਟ 'ਤੇ ਜਾ ਕੇ ਵੀ ਸਹੀ ਕੀਮਤ ਪਤਾ ਕੀਤੀ ਜਾ ਸਕਦੀ ਹੈ। ਜੇਕਰ ਕੋਈ ਦੁਕਾਨਦਾਰ ਜਾਂ ਹਸਪਤਾਲ ਤੈਅ ਕੀਮਤ ਤੋਂ ਵੱਧ ਪੈਸੇ ਮੰਗਦਾ ਹੈ, ਤਾਂ ਮਰੀਜ਼ ਸਰਕਾਰ ਦੇ ਪੋਰਟਲ 'ਫਾਰਮਾ ਜਨ ਸਮਾਧਾਨ' 'ਤੇ ਸ਼ਿਕਾਇਤ ਕਰ ਸਕਦੇ ਹਨ ਜਾਂ ਟੋਲ-ਫ੍ਰੀ ਹੈਲਪਲਾਈਨ ਨੰਬਰ 1800-111-255 'ਤੇ ਫੋਨ ਕਰ ਸਕਦੇ ਹਨ।

ਪਟਾਕਿਆਂ ਅਤੇ ਪਰਾਲੀ ਸਾੜਨ ਨਾਲ ਪੰਜਾਬ ਦੇ ਸ਼ਹਿਰ 'ਜ਼ਹਿਰੀਲੀ' ਧੁੰਦ ਦੀ ਲਪੇਟ 'ਚ

ਚੰਡੀਗੜ੍ਹ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਟਾਕਿਆਂ ਦੇ ਧੂੰਏਂ, ਪਰਾਲੀ ਸਾੜਨ, ਵਾਹਨਾਂ ਦੇ ਪ੍ਰਦੂਸ਼ਣ, ਉਸਾਰੀ ਕਾਰਜਾਂ ਦੀ ਧੂੜ ਅਤੇ ਕੂੜਾ ਸਾੜਨ ਦੇ ਰਲੇ-ਮਿਲੇ ਅਸਰ ਨੇ ਪੰਜਾਬ ਭਰ ਵਿੱਚ ਹਵਾ ਦੀ ਗੁਣਵੱਤਾ ਨੂੰ ਚਿੰਤਾਜਨਕ ਪੱਧਰ 'ਤੇ ਪਹੁੰਚਾ ਦਿੱਤਾ ਹੈ, ਜਿਸ ਕਾਰਨ ਦੀਵਾਲੀ ਤੋਂ ਬਾਅਦ ਕਈ ਸ਼ਹਿਰਾਂ ਦੀ ਹਵਾ ਕਾਫੀ ਖਰਾਬ ਹੋਈ ਹੈ। ਦੀਵਾਲੀ ਵਾਲੀ ਰਾਤ ਸਥਿਤੀ ਹੋਰ ਵੀ ਗੰਭੀਰ ਹੋ ਗਈ, ਕਿਉਂਕਿ ਸਰਕਾਰ ਵੱਲੋਂ ਤੈਅ ਕੀਤੀ ਗਈ ਸਮਾਂ-ਹੱਦ ਤੋਂ ਬਾਅਦ ਵੀ ਪਟਾਕੇ ਚੱਲਦੇ ਰਹੇ। ਇਸ ਕਾਰਨ ਹਵਾ ਵਿੱਚ ਧੂੰਆਂ ਭਰ ਗਿਆ ਅਤੇ ਲੋਕਾਂ ਨੂੰ ਹਾਨੀਕਾਰਕ ਪ੍ਰਦੂਸ਼ਣ ਦਾ ਸਾਹਮਣਾ ਕਰਨਾ ਪਿਆ।

ਪ੍ਰਸ਼ਾਸਨ ਵੱਲੋਂ ਲਗਾਈਆਂ ਗਈਆਂ ਪਾਬੰਦੀਆਂ ਦਾ ਕੋਈ ਖਾਸ ਅਸਰ ਨਜ਼ਰ ਨਹੀਂ ਆਇਆ। ਕਈ ਸ਼ਹਿਰੀ ਇਲਾਕਿਆਂ ਵਿੱਚ ਅੱਧੀ ਰਾਤ ਤੱਕ ਆਤਿਸ਼ਬਾਜ਼ੀ ਹੁੰਦੀ ਰਹੀ।

ਲੋਕਾਂ ਨੇ ਚੱਲੇ ਹੋਏ ਪਟਾਕਿਆਂ ਦੀ ਤੇਜ਼ ਅਤੇ ਚੁਭਵੀਂ ਬਦਬੂ ਦੀ ਸ਼ਿਕਾਇਤ ਕੀਤੀ, ਜਦਕਿ ਰਿਹਾਇਸ਼ੀ ਇਲਾਕਿਆਂ ਅਤੇ ਸੜਕਾਂ 'ਤੇ ਧੂੰਆਂ ਛਾਇਆ ਰਿਹਾ। ਝੋਨੇ ਦੀ ਪਰਾਲੀ ਸਾੜਨ ਦੇ ਚੱਲ ਰਹੇ ਸੀਜ਼ਨ ਕਾਰਨ ਹਵਾ ਦੀ ਗੁਣਵੱਤਾ ਹੋਰ ਵੀ ਵਿਗੜ ਗਈ ਹੈ।

ਸਟੀਲ ਟਾਊਨ ਮੰਡੀ ਗੋਬਿੰਦਗੜ੍ਹ ਸਭ ਤੋਂ ਵੱਧ ਪ੍ਰਭਾਵਿਤ ਇਲਾਕਿਆਂ ਵਿੱਚੋਂ ਇੱਕ ਵਜੋਂ ਉੱਭਰਿਆ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਹਵਾ ਗੁਣਵੱਤਾ ਰਿਪੋਰਟ ਅਨੁਸਾਰ, ਐਤਵਾਰ ਨੂੰ ਇੱਥੋਂ ਦਾ ਏਅਰ ਕੁਆਲਿਟੀ ਇੰਡੈਕਸ (AQI) 445 ਤੱਕ ਪਹੁੰਚ ਗਿਆ, ਜੋ ਇਸਨੂੰ 'ਗੰਭੀਰ' ਸ਼੍ਰੇਣੀ ਵਿੱਚ ਰੱਖਦਾ ਹੈ। ਇੱਥੇ 6 ਨਵੰਬਰ ਨੂੰ ਹੀ 319 ਦਾ ਏ ਕਿਊ ਆਈ ਦਰਜ ਕੀਤਾ ਗਿਆ ਸੀ।

ਦੀਵਾਲੀ ਤੋਂ ਪਹਿਲਾਂ ਵੀ ਪ੍ਰਮੁੱਖ ਸ਼ਹਿਰਾਂ ਵਿੱਚ ਪ੍ਰਦੂਸ਼ਣ ਦਾ ਪੱਧਰ ਉੱਚਾ ਰਿਹਾ ਸੀ। 7 ਨਵੰਬਰ ਨੂੰ, ਲੁਧਿਆਣਾ ਵਿੱਚ ਏ ਕਿਊ ਆਈ 281, ਜਲੰਧਰ ਵਿੱਚ 260, ਪਟਿਆਲਾ ਵਿੱਚ 184 ਅਤੇ ਖੰਨਾ ਵਿੱਚ 249 ਦਰਜ ਕੀਤਾ ਗਿਆ ਸੀ।

ਸਥਿਤੀ ਦੇ ਚਿੰਤਾਜਨਕ ਬਣੇ ਰਹਿਣ ਦੀ ਸੰਭਾਵਨਾ ਹੈ ਕਿਉਂਕਿ ਖੇਤਾਂ ਵਿੱਚ ਸੜ ਰਹੀ ਪਰਾਲੀ ਕਾਰਨ ਪੈਦਾ ਹੋਏ ਪ੍ਰਦੂਸ਼ਣ ਵਿੱਚ ਪਟਾਕਿਆਂ ਦਾ ਧੂੰਆਂ ਵੀ ਸ਼ਾਮਲ ਹੋ ਗਿਆ ਹੈ।

ਪੰਜਾਬ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਦੇਖਿਆ ਜਾ ਰਿਹਾ ਹੈ, ਜਿਸ ਦਾ ਅੰਕੜਾ 7 ਨਵੰਬਰ ਤੱਕ 3,300 ਨੂੰ ਪਾਰ ਕਰ ਗਿਆ ਹੈ।

ਏ ਕਿਊ ਆਈ ਦੇ ਮਾਪਦੰਡਾਂ ਅਨੁਸਾਰ, 0 ਤੋਂ 50 ਦਰਮਿਆਨ ਰੇਟਿੰਗ ਨੂੰ 'ਚੰਗਾ', 51 ਤੋਂ 100 ਨੂੰ 'ਤਸੱਲੀਬਖਸ਼', 101 ਤੋਂ 200 ਨੂੰ 'ਦਰਮਿਆਨਾ', 201 ਤੋਂ 300 ਨੂੰ 'ਖਰਾਬ', 301 ਤੋਂ 400 ਨੂੰ 'ਬਹੁਤ ਖਰਾਬ', ਅਤੇ 401 ਤੋਂ 500 ਨੂੰ 'ਗੰਭੀਰ' ਮੰਨਿਆ ਜਾਂਦਾ ਹੈ।

ਸਿਹਤ ਮਾਹਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਹਵਾ ਦੀ ਵਿਗੜ ਰਹੀ ਗੁਣਵੱਤਾ ਫੇਫੜਿਆਂ, ਦਿਲ ਦੀਆਂ ਬਿਮਾਰੀਆਂ ਅਤੇ ਅਸਥਮਾ (ਦਮੇ) ਤੋਂ ਪੀੜਤ ਲੋਕਾਂ ਵਿੱਚ ਸਾਹ ਲੈਣ 'ਚ ਮੁਸ਼ਕਲ ਪੈਦਾ ਕਰ ਸਕਦੀ ਹੈ। ਇਸ ਨਾਲ ਚਮੜੀ, ਅੱਖਾਂ ਅਤੇ ਨੱਕ ਦੀਆਂ ਐਲਰਜੀਆਂ ਵੀ ਵੱਧ ਸਕਦੀਆਂ ਹਨ।

ਲੁਧਿਆਣਾ ਉੱਤਰੀ ਤੋਂ ਚੋਣ ਲੜਨਗੇ ਕੇਵਲ ਸਿੰਘ ਢਿੱਲੋਂ



ਚੰਡੀਗੜ੍ਹ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਪਾਰਟੀਆਂ ਨੇ ਹੁਣੇ ਤੋਂ ਆਪਣੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਕਿਤੇ ਪਾਰਟੀਆਂ ਵੱਲੋਂ ਨਵੇਂ ਚਿਹਰਿਆਂ ਦੀ ਭਾਲ ਕੀਤੀ ਜਾ ਰਹੀ ਹੈ, ਕਿਤੇ ਪੁਰਾਣੇ ਆਗੂਆਂ ਨੂੰ ਮੁੜ ਸਰਗਰਮ ਕੀਤਾ ਜਾ ਰਿਹਾ ਹੈ ਅਤੇ ਕਿਤੇ ਚੋਣਾਂ ਤੋਂ ਪਹਿਲਾਂ ਹੀ ਸੰਭਾਵੀ ਉਮੀਦਵਾਰਾਂ ਨੂੰ ਲੈ ਕੇ ਚਰਚਾਵਾਂ ਦਾ ਬਾਜ਼ਾਰ ਗਰਮ ਹੋ ਗਿਆ ਹੈ।

ਇਸੇ ਵਿਚਕਾਰ ਹੁਣ ਪੰਜਾਬ ਦੀ ਸਿਆਸਤ ਵਿੱਚ ਇੱਕ ਨਵੀਂ ਚਰਚਾ ਲੁਧਿਆਣਾ ਤੋਂ ਸਾਹਮਣੇ ਆ ਰਹੀ ਹੈ। ਚਰਚਾ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੂੰ ਲੈ ਕੇ ਹੋ ਰਹੀ ਹੈ।

ਕਿਹਾ ਜਾ ਰਿਹਾ ਹੈ ਕਿ ਕੇਵਲ ਸਿੰਘ ਢਿੱਲੋਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲੁਧਿਆਣਾ ਉੱਤਰੀ ਤੋਂ ਚੋਣ ਮੈਦਾਨ ਵਿੱਚ ਉਤਰ ਸਕਦੇ ਹਨ। ਇਨ੍ਹਾਂ ਚਰਚਾਵਾਂ ਨੂੰ ਉਸ ਸਮੇਂ ਹੋਰ ਹਵਾ ਮਿਲੀ ਜਦੋਂ ਲੁਧਿਆਣਾ ਵਿੱਚ ਉਨ੍ਹਾਂ ਵੱਲੋਂ ਮਕਾਨ ਲੈਣ ਅਤੇ ਘਰ ਦਾ ਸਮਾਨ ਸ਼ਿਫਟ ਕੀਤੇ ਜਾਣ ਦੀਆਂ ਗੱਲਾਂ ਸਾਹਮਣੇ ਆਈਆਂ।

ਪੰਜਾਬ ਵਿਧਾਨ ਸਭਾ ਚੋਣਾਂ: ਕਾਂਗਰਸੀ ਆਗੂ ਤੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਅਮਰਜੀਤ ਗੁਜਰਾਲ ਅਕਾਲੀ ਦਲ 'ਚ ਸ਼ਾਮਲ



ਚੰਡੀਗੜ੍ਹ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਚੰਡੀਗੜ੍ਹ ਜ਼ਿਲ੍ਹਾ ਅਦਾਲਤ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਅਮਰਜੀਤ ਸਿੰਘ ਗੁਜਰਾਲ ਅਤੇ ਉਨ੍ਹਾਂ ਦੀ ਪਤਨੀ ਰਵਿੰਦਰ ਕੌਰ ਗੁਜਰਾਲ (ਸਾਬਕਾ ਕੌਂਸਲਰ, ਚੰਡੀਗੜ੍ਹ ਨਗਰ ਨਿਗਮ) ਅੱਜ ਆਪਣੇ ਸਮਰਥਕਾਂ ਸਮੇਤ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਹਾਜ਼ਰੀ ਵਿੱਚ ਸ਼੍ਰੋਮਣੀ ਅਕਾਲੀ ਦਲ, ਚੰਡੀਗੜ੍ਹ ਇਕਾਈ ਵਿੱਚ ਸ਼ਾਮਲ ਹੋ ਗਏ।

ਗੁਜਰਾਲ ਇਸ ਵੇਲੇ ਕਾਂਗਰਸ ਦੇ ਜਨਰਲ ਸਕੱਤਰ ਹਨ ਅਤੇ ਆਗਾਮੀ ਨਗਰ ਨਿਗਮ ਚੋਣਾਂ ਲਈ ਕਾਂਗਰਸ ਵੱਲੋਂ ਗਠਿਤ ਚੋਣ ਮੁਹਿੰਮ ਕਮੇਟੀ ਦੇ ਮੈਂਬਰ ਹਨ। ਉਨ੍ਹਾਂ ਦੀ ਪਤਨੀ ਰਵਿੰਦਰ ਕੌਰ ਗੁਜਰਾਲ 2016 ਦੀਆਂ ਨਗਰ ਨਿਗਮ ਚੋਣਾਂ ਵਿੱਚ ਕਾਂਗਰਸ ਦੀ ਟਿਕਟ 'ਤੇ ਵਾਰਡ ਨੰਬਰ 23 ਤੋਂ ਕੌਂਸਲਰ ਚੁਣੀ ਗਈ ਸੀ। ਸ਼੍ਰੋਮਣੀ ਅਕਾਲੀ ਦਲ (ਸਦ) ਚੰਡੀਗੜ੍ਹ ਇਕਾਈ ਦੇ ਪ੍ਰਧਾਨ ਚਰਨਜੀਤ ਸਿੰਘ ਵਿੱਲੀ ਨੇ ਉਨ੍ਹਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਗੁਜਰਾਲ ਦੇ ਸ਼ਾਮਲ ਹੋਣ ਨਾਲ ਚੰਡੀਗੜ੍ਹ ਵਿੱਚ ਪਾਰਟੀ ਨੂੰ ਵੱਡੀ ਮਜ਼ਬੂਤੀ ਮਿਲੀ ਹੈ।

ਵਿੱਲੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਚੰਡੀਗੜ੍ਹ ਵਿੱਚ ਇਹ ਇੱਕ ਨਵੀਂ ਲਹਿਰ ਦੀ ਸ਼ੁਰੂਆਤ ਹੈ। ਉਨ੍ਹਾਂ ਕਿਹਾ ਕਿ ਪਾਰਟੀ ਇਸੇ ਸਾਲ ਦੇ ਅਖੀਰ ਵਿੱਚ ਹੋਣ ਵਾਲੀਆਂ ਚੰਡੀਗੜ੍ਹ ਨਗਰ ਨਿਗਮ ਚੋਣਾਂ ਵਿੱਚ ਵੱਧ ਤੋਂ ਵੱਧ ਸੀਟਾਂ 'ਤੇ ਜਿੱਤ ਹਾਸਲ ਕਰੇਗੀ। ਉਨ੍ਹਾਂ ਕਿਹਾ ਕਿ ਪਾਰਟੀ ਸ਼ਹਿਰ ਦੇ ਵਿਕਾਸ ਅਤੇ ਹਾਂਵਾਚੀ (ਸਕਾਰਾਤਮਕ) ਸਿਆਸਤ ਲਈ ਚੋਣ ਲੜੇਗੀ। ਇਸ ਮੌਕੇ ਸਾਬਕਾ ਮੇਅਰ ਅਤੇ ਐੱਸ.ਜੀ.ਪੀ.ਸੀ. ਦੀ ਐਗਜ਼ੈਕਟਿਵ ਮੈਂਬਰ ਹਰਜਿੰਦਰ ਕੌਰ ਵੀ ਮੌਜੂਦ ਸਨ।

ਉਨ੍ਹਾਂ (ਹਰਜਿੰਦਰ ਕੌਰ) ਨੇ ਦੱਸਿਆ ਕਿ ਉਹ ਖ਼ੁਦ ਵਾਰਡ ਨੰਬਰ 23 ਤੋਂ ਕਈ ਵਾਰ ਨਗਰ ਨਿਗਮ ਕੌਂਸਲਰ ਵਜੋਂ ਚੁਣੀ ਜਾ ਚੁੱਕੀ ਹੈ ਅਤੇ ਇਸ ਵਾਰਡ ਤੇ ਇੱਥੋਂ ਦੇ ਵਸਨੀਕਾਂ ਨਾਲ ਉਨ੍ਹਾਂ ਦਾ ਵਿਸ਼ੇਸ਼ ਲਗਾਅ ਹੈ। ਇਸ ਮੌਕੇ ਇਲਾਕੇ ਦੇ ਕਈ ਨਿਵਾਸੀ ਅਤੇ ਸਮਰਥਕ ਹਾਜ਼ਰ ਸਨ। ਅਮਰਜੀਤ ਸਿੰਘ ਗੁਜਰਾਲ ਨੇ ਕਿਹਾ ਕਿ ਜੇਕਰ ਅਕਾਲੀ ਦਲ ਉਨ੍ਹਾਂ ਨੂੰ ਆਗਾਮੀ ਚੋਣਾਂ ਲਈ ਟਿਕਟ ਦਿੰਦਾ ਹੈ ਤਾਂ ਉਹ ਵਾਰਡ ਇਲਾਕੇ ਦੇ ਨਿਵਾਸੀਆਂ ਦੀ ਸੇਵਾ ਲਈ ਚੋਣ ਲੜਨਗੇ।

ਬਾਬਾ ਬਲਬੀਰ ਸਿੰਘ ਸਮੇਤ ਪ੍ਰਮੁੱਖ ਨਿਹੰਗ ਸਿੰਘ ਦਲਾਂ ਦੇ ਮੁਖੀਆਂ ਦਾ ਸਨਮਾਨ

ਅੰਮ੍ਰਿਤਸਰ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਬੰਦੀ ਛੋੜ ਦਿਵਸ ਦਿਵਾਲੀ ਮੌਕੇ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿ. ਕੁਲਦੀਪ ਸਿੰਘ ਗੜਗਜ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਜਾਏ ਸੰਖੇਪ ਸਮਾਗਮ ਦੌਰਾਨ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਸਮੇਤ ਗੁਰੂ ਸਾਹਿਬਾਨ ਵਲੋਂ ਸਾਜੇ ਨਿਵਾਜੇ ਨਿਹੰਗ ਸਿੰਘ ਦਲਾਂ ਦੇ ਮੁਖੀਆਂ ਤੇ ਪ੍ਰਤੀਨਿਧੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਨਿਹੰਗ ਬਾਬਾ ਹਰਜੀਤ ਸਿੰਘ ਬਟਾਲੇ ਵਾਲਿਆਂ ਦੇ ਰਾਗੀ ਜਥੇ ਨੇ ਦਸਮ ਬਾਣੀ ਦਾ ਮਨੋਹਰ ਕੀਰਤਨ ਕੀਤਾ।



ਪੁਰਾਤਨ ਬੰਦੀ ਛੋੜ ਦਿਵਸ ਦੀ ਪਰੰਪਰਾ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਰਹਿਰਾਸ ਦਾ ਪਾਠ ਗਿਆਨੀ ਗੁਰਬਖਸ਼ੀਸ਼ ਸਿੰਘ ਨੇ ਕੀਤਾ ਅਤੇ ਇਤਿਹਾਸਕ ਪੁਰਾਤਨ ਸ਼ਸਤਰਾਂ ਦੇ ਦਰਸ਼ਨ ਕਰਵਾਏ ਗਏ। ਉਪਰੰਤ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗਜ ਜਥੇਦਾਰ ਸ੍ਰੀ ਅਕਾਲ ਤਖ਼ਤ ਨੇ ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੂੰ ਸਨਮਾਨਿਤ ਕੀਤਾ ਉਪਰੰਤ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਨੇ ਜਥੇਦਾਰ ਬਾਬਾ ਅਵਤਾਰ ਸਿੰਘ ਮੁਖੀ ਤਰਨਾ ਦਲ ਬਾਬਾ ਬਿਧੀ ਚੰਦ ਸੁਰਸਿੰਘ, ਬਾਬਾ ਨਿਹਾਲ ਸਿੰਘ ਮੁਖੀ ਤਰਨਾ ਦਲ ਹਰੀਆਂ ਵੇਲਾਂ ਤੇ ਬਾਬਾ ਨਾਗਰ ਸਿੰਘ, ਬਾਬਾ ਜੋਗਾ ਸਿੰਘ ਮੁਖੀ ਤਰਨਾ ਦਲ ਬਾਬਾ ਬਕਾਲਾ, ਦਸ਼ਮੇਸ਼ ਤਰਨਾਦਲ ਦੇ ਮੁਖੀ ਬਾਬਾ ਮੇਜਰ ਸਿੰਘ ਸੋਢੀ ਨੂੰ ਸਿਰਪਾਉ ਦੋਸ਼ਾਲੇ ਭੇਟ ਕਰਕੇ ਸਨਮਾਨਿਤ ਕਰਨ ਉਪਰੰਤ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਬਾਬਾ ਜਗਜੀਤ ਸਿੰਘ ਗੁਰੂ ਨਾਨਕ ਦਲ ਮੜ੍ਹੀਆਂ ਵਾਲਾ (ਬਟਾਲਾ), ਬਾਬਾ ਬਲਵਿੰਦਰ ਸਿੰਘ ਤਰਨਾ ਦਲ ਮਹਿਤਾ ਚੌਂਕ, ਬਾਬਾ ਤਰਲੋਕ ਸਿੰਘ ਰਘਬੀਰ ਸਿੰਘ ਤਰਨਾ ਦਲ ਖਿਆਲਾ ਕਲਾਂ, ਬਾਬਾ ਗੁਰਰਾਜਪਾਲ ਸਿੰਘ ਡੇਰਾ ਛਾਉਣੀ ਨਿਹੰਗ ਸਿੰਘਾਂ, ਬਾਬਾ ਛਿੰਦਾ ਸਿੰਘ ਤਰਨਾ ਦਲ ਭਿਖੀਵਿੰਡੀਏ, ਬਾਬਾ ਹਰਦੀਪ ਸਿੰਘ ਡੇਰਾ ਬਾਬਾ ਮਹਾਰਾਜ ਸਿੰਘ, ਬਾਬਾ ਦਰਸਨ ਸਿੰਘ ਤਰਨਾ ਦਲ ਗੁ: ਟਾਹਲਾ ਸਾਹਿਬ, ਬਾਬਾ ਬਲਦੇਵ ਸਿੰਘ ਤਰਨਾ ਦਲ ਸ਼ਹੀਦ ਬਾਬਾ ਜੀਵਨ ਸਿੰਘ ਮਹਿਤਾ ਰੋਡ (ਵੱਲਾ), ਬਾਬਾ ਪ੍ਰਗਟ ਸਿੰਘ ਪੰਥ ਅਕਾਲੀ ਤਰਨਾ ਦਲ, ਮਜੀਠਾ ਰੋਡ, ਬਾਬਾ ਲਾਲ ਸਿੰਘ ਮਾਲਵਾ ਤਰਨਾ ਦਲ, ਬਾਬਾ ਰਘਬੀਰ ਸਿੰਘ ਤਰਨਾ ਦਲ ਖਿਆਲਾ ਕਲਾਂ, ਬਾਬਾ ਪ੍ਰਤਾਪ ਸਿੰਘ ਸ਼ਹੀਦ ਭਾਈ ਮਨੀ ਸਿੰਘ ਦਲ, ਬਾਬਾ ਤਰਸੇਮ ਸਿੰਘ ਤਰਨਾ ਦਲ ਮਹਿਤਾ ਚੌਂਕ, ਬਾਬਾ ਕੁਲਵਿੰਦਰ ਸਿੰਘ ਚਮਕੌਰ ਸਾਹਿਬ, ਬਾਬਾ ਸਤਨਾਮ ਸਿੰਘ ਤਰਨਾ ਦਲ ਬਾਬਾ ਸ਼ਾਮ ਸਿੰਘ ਅਟਾਰੀ ਚੌਂਤਾ, ਬਾਬਾ ਚੜ੍ਹਤ ਸਿੰਘ ਤਰਨਾ ਦਲ ਮਾਲਵਾ ਖੇੜੀ, ਬਾਬਾ ਬਲਦੇਵ ਸਿੰਘ ਦਲ ਮਿਸਲ ਬਾਬਾ ਬਚਿੱਤਰ ਸਿੰਘ, ਬਾਬਾ ਦਰਸ਼ਨ ਸਿੰਘ ਖਜਾਨਾ ਗੇਟ, ਬਾਬਾ ਗੁਰਦੀਪ ਸਿੰਘ ਤਰਨਾ ਦਲ ਬਾਬਾ ਜੱਸਾ ਸਿੰਘ ਰਾਮਗੜ੍ਹੀਆ, ਬਾਬਾ ਦਰਸ਼ਨ ਸਿੰਘ ਸ਼੍ਰੋਮਣੀ ਪੰਥ ਅਕਾਲੀ ਦਸਮੇਸ਼ ਤਰਨਾ ਦਲ, ਬਾਬਾ ਮਹਿੰਦਰ ਸਿੰਘ ਤਰਨਾ ਦਲ, ਬਾਬਾ ਜਵੰਦ ਸਿੰਘ , ਬਾਬਾ ਛਤਰਪਾਲ ਸਿੰਘ ਠੱਟਾ, ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ, ਬਾਬਾ ਜੋਗਾ ਸਿੰਘ ਦਲ ਬਾਬਾ ਨੌਧ ਸਿੰਘ ਸ਼ਹੀਦ ਚੱਬਾ, ਬਾਬਾ ਤਾਰਾ ਸਿੰਘ ਤਰਨਾ ਦਲ, ਬਾਬਾ ਬੀਰ ਸਿੰਘ ਰੱਤੋਕੇ, ਬਾਬਾ ਪਰਗਟ ਸਿੰਘ ਤਰਨਾ ਦਲ, ਬਾਬਾ ਬੀਰ ਸਿੰਘ ਪੱਟੀ, ਬਾਬਾ ਨਿਰਮਲ ਸਿੰਘ ਦਲ ਝਾੜ ਸਾਹਿਬ, ਦਲ ਬਾਬਾ ਥਾਨ ਸਿੰਘ , ਬਾਬਾ ਗੁਰਦੇਵ ਸਿੰਘ ਬਜਵਾੜਾ, ਬਾਬਾ ਗੁਰਮੇਜ ਸਿੰਘ ਬਾਲੇਵਾਲ, ਬਾਬਾ ਬਲਦੇਵ ਸਿੰਘ ਮਿਸਲ ਬਾਬਾ ਨਿਬਾਹੂ ਸਿੰਘ ਮੁਸਤਰਾਪੁਰ (ਗੁਰਦਾਸਪੁਰ), ਬਾਬਾ ਦਲਬੀਰ ਸਿੰਘ ਮੁੱਖੀ ਬਾਬਾ ਜੀਵਨ ਸਿੰਘ ਤਰਨਾ ਦਲ ਸ੍ਰੀ ਅਨੰਦਪੁਰ ਸਾਹਿਬ, ਆਦਿ ਜਥੇਬੰਦੀਆਂ ਦੇ ਮੁਖੀਆਂ ਨੂੰ ਸਿਰਪਾਉ ਨਾਲ ਸਨਮਾਨਿਤ ਕੀਤਾ। ਸਨਮਾਨ ਉਪਰੰਤ ਬਾਬਾ ਬਲਬੀਰ ਸਿੰਘ ਅਤੇ ਬਾਕੀ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ ਸਾਹਿਬਾਨਾਂ ਨੇ ਸਵੱਈਆਂ ਦਾ ਪਾਠ ਕੀਤਾ।

ਇਸ ਸਮੇਂ ਬਾਬਾ ਗੁਰਪਿੰਦਰ ਸਿੰਘ ਵਡਾਲਾ, ਇੰਦਰਬੀਰ ਸਿੰਘ ਸਤਲਾਣੀ ਸਾਹਿਬ ਵਾਲੇ, ਪਰਮਜੀਤ ਸਿੰਘ ਮੈਨੇਜਰ ਬੁੱਢਾ ਦਲ, ਸ. ਐਸ.ਪੀ ਸਿੰਘ, ਬਾਬਾ ਬਘੇਲ ਸਿੰਘ, ਬਾਬਾ ਗੁਰਪ੍ਰੀਤ ਸਿੰਘ, ਬਾਬਾ ਹੀਰਾ ਸਿੰਘ ਝੂਲਣੇ ਮਹਿਲ, ਬਾਬਾ ਜੋਗਾ ਸਿੰਘ ਕਰਨਾਲ, ਬਾਬਾ ਗੁਰਮੁਖ ਸਿੰਘ, ਬਾਬਾ ਤਰਸੇਮ ਸਿੰਘ ਮੋਰਾਂਵਾਲੀ, ਬਾਬਾ ਰਣਜੋਧ ਸਿੰਘ, ਬਾਬਾ ਕਰਮ ਸਿੰਘ, ਬਾਬਾ ਬੂਟਾ ਸਿੰਘ, ਬਾਬਾ ਜਗਤਾਰ ਸਿੰਘ ਠੱਠੇ ਵਾਲੇ, ਬਾਬਾ ਢੂੰਡਾ ਸਿੰਘ ਮਿਸਲ ਭਾਈ ਬਚਿੱਤਰ ਸਿੰਘ, ਬਾਬਾ ਦਲੇਰ ਸਿੰਘ, ਬਾਬਾ ਮਲੂਕ ਸਿੰਘ, ਬਾਬਾ ਹਰਦੀਪ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਭਗਤ ਸਿੰਘ ਬਹਾਦਰਗੜ੍ਹ ਆਦਿ ਹਾਜ਼ਰ ਸਨ।

ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਨੇ ਵਿਲੱਖਣ ਪ੍ਰਤਿਭਾ ਨਾਲ ਸਭ ਦਾ ਮਨ ਮੋਹਿਆ

ਤਰਨ ਤਾਰਨ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਪਣੀ ਜ਼ਿੰਦਗੀ ਨੂੰ ਔਖੇ ਹੋ ਕੇ ਜਿਊਣ ਲਈ ਮਜ਼ਬੂਰ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੇ ਆਪਣੀ ਵਿਲੱਖਣ ਪ੍ਰਤਿਭਾ ਨਾਲ ਇਹ ਸਾਬਿਤ ਕਰ ਦਿੱਤਾ ਕਿ ਉਹ ਕਿਸੇ ਦੇ ਰਹਿਮ ਜਾਂ ਤਰਸ ਦੇ ਮੁਹਤਾਜ਼ ਨਹੀਂ ਹਨ। ਉਹ ਇੰਨੀ ਕਾਬਲੀਅਤ ਰੱਖਦੇ ਹਨ ਕਿ ਆਪਣੀ ਜ਼ਿੰਦਗੀ ਨੂੰ ਬਿਹਤਰੀਨ ਤਰੀਕੇ ਨਾਲ ਜਿਊ ਸਕਦੇ ਹਨ।

ਅੱਜ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਰਜਿੰਦਰ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਤਰਨ ਤਾਰਨ ਵਿਖੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਵੱਲੋਂ ਆਪਣੀ ਅਣਥੱਕ ਮਿਹਨਤ ਨਾਲ ਤਿਆਰ ਕੀਤੇ ਗਏ ਸਾਮਾਨ ਦੀ ਪ੍ਰਦਰਸ਼ਨੀ ਵਿੱਚ ਸਮੁੱਚੇ ਸਟਾਫ ਨੇ ਸ਼ਿਰਕਤ ਕੀਤੀ।

ਇਸ ਮੌਕੇ ਗੱਲਬਾਤ ਕਰਦਿਆਂ ਰਜਿੰਦਰ ਕੌਰ ਨੇ ਦੱਸਿਆ ਕਿ ਤਰਨ ਤਾਰਨ ਦੇ ਜੰਡਿਆਲਾ ਰੋਡ ਵਿਖੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਸਮਰਪਿਤ ÷ਸਮਰਪਣ÷ ਨਾਮ ਦੀ ਸੰਸਥਾ ਪ੍ਰਿੰਸੀਪਲ ਅਮਨਪ੍ਰੀਤ ਕੌਰ ਵੱਲੋਂ ਵਿਸ਼ੇਸ਼ ਤੌਰ 'ਤੇ ਲੋਕ ਭਲਾਈ ਦੇ ਕੰਮਾਂ ਲਈ ਚਲਾਈ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਉਨ੍ਹਾਂ ਦਾ ਆਪਣਾ ਬੇਟਾ ਵੀ ਇਨ੍ਹਾਂ ਬੱਚਿਆਂ ਵਿੱਚ ਸ਼ਾਮਲ ਹੈ ਅਤੇ ਉਹ ਹਰੇਕ ਬੱਚੇ ਨੂੰ ਆਪਣੇ ਬੱਚੇ ਵਾਂਗ ਹੀ ਪਿਆਰ ਕਰਦੇ ਹਨ, ਉਨ੍ਹਾਂ ਲਈ ਪੂਰੀ ਤਨਦੇਹੀ ਨਾਲ ਮਿਹਨਤ ਕਰਦੇ ਹਨ ਅਤੇ ਉਨ੍ਹਾਂ ਨੂੰ ਕੁਝ ਵੱਖਰਾ ਕਰ ਗੁਜ਼ਰਨ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ। ਇਸੇ ਮਿਹਨਤ ਸਦਕਾ ਇਨ੍ਹਾਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਉਂਦਿਆਂ ਐਸੀ ਸੋਹਣੀ ਕਲਾਕਾਰੀ ਪੇਸ਼ ਕੀਤੀ ਕਿ ਲੋਕ ਵਾਹ-ਵਾਹ ਕਰ ਉੱਠੇ। ਰਜਿੰਦਰ ਕੌਰ ਨੇ ਕਿਹਾ ਕਿ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ ਸਮਾਜ ਦੇ ਨੁਮਾਇੰਦਿਆਂ ਨੂੰ ਵਿਸ਼ੇਸ਼ ਉਪਰਾਲੇ ਕਰਨ ਦੀ ਜ਼ਰੂਰਤ ਹੈ। ਇਨ੍ਹਾਂ ਵਿਦਿਆਰਥੀਆਂ ਉੱਪਰ ਕੀਤੀ ਗਈ ਥੋੜ੍ਹੀ ਜਿਹੀ ਮਿਹਨਤ ਨਾਲ ਇਹ ਵਿਦਿਆਰਥੀ ਅਸਮਾਨ ਦੀਆਂ ਬੁਲੰਦੀਆਂ ਨੂੰ ਛੂਹ ਸਕਦੇ ਹਨ। ਇਸ ਮੌਕੇ ਜ਼ਿਲ੍ਹਾ ਸਿੱਖਿਆ ਦਫ਼ਤਰ (ਐਲੀਮੈਂਟਰੀ) ਅਤੇ ਜ਼ਿਲ੍ਹਾ ਸਿੱਖਿਆ ਦਫ਼ਤਰ (ਸੈਕੰਡਰੀ) ਤੋਂ ਸਮੁੱਚਾ ਸਟਾਫ਼ ਵਿਸ਼ੇਸ਼ ਤੌਰ 'ਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਦੇ ਨਾਲ ਵਿਸ਼ੇਸ਼ ਤੌਰ 'ਤੇ ਪਹੁੰਚਿਆ ਅਤੇ ਉਨ੍ਹਾਂ ਨੇ ਬੱਚਿਆਂ ਦੁਆਰਾ ਬਣਾਇਆ ਗਿਆ ਸਾਮਾਨ ਬੜੇ ਹੀ ਚਾਅ ਅਤੇ ਪਿਆਰ ਨਾਲ ਖ਼ਰੀਦ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਇਸ ਮੌਕੇ ਜ਼ਿਲ੍ਹਾ ਸਿੱਖਿਆ ਦਫ਼ਤਰ (ਸੈਕੰਡਰੀ) ਤੋਂ ਆਦੇਸ਼ ਸਿੰਘ ਸੀਨੀਅਰ ਸਹਾਇਕ, ਤਰਸੇਮ ਸਿੰਘ ਜੂਨੀਅਰ ਸਹਾਇਕ, ਸੰਦੀਪ ਸਿੰਘ ਕਲਰਕ, ਮੁਨੀਸ਼ ਕੁਮਾਰ ਆਈ.ਸੀ.ਟੀ. ਇੰਚਾਰਜ, ਰਮਨਦੀਪ ਕੌਰ ਡਾਟਾ ਐਂਟਰੀ ਆਪਰੇਟਰ, ਜ਼ਿਲ੍ਹਾ ਸਿੱਖਿਆ ਦਫ਼ਤਰ (ਐਲੀਮੈਂਟਰੀ) ਤੋਂ ਸੀਨੀਅਰ ਸਹਾਇਕ ਆਲਮਬੀਰ ਸਿੰਘ, ਜੂਨੀਅਰ ਸਹਾਇਕ ਮੈਡਮ ਗੀਨਾ, ਜ਼ਿਲ੍ਹਾ ਆਰ.ਟੀ.ਈ ਇੰਚਾਰਜ ਰਿਸ਼ਾਂਤ ਸ਼ਰਮਾ, ਜੂਨੀਅਰ ਸਹਾਇਕ ਹਰਪ੍ਰੀਤ ਸਿੰਘ ਗਿੱਲ, ਜ਼ਿਲ੍ਹਾ ਬੁੱਕਸ ਕੋਆਰਡੀਨੇਟਰ ਹਰਪ੍ਰੀਤ ਸਿੰਘ ਖਹਿਰਾ, ਜ਼ਿਲ੍ਹਾ ਐਮ.ਆਈ.ਐਸ ਵਰਿੰਦਰਜੀਤ ਸਿੰਘ, ਸੀਨੀਅਰ ਸਹਾਇਕ ਤਰਸੇਮ ਸਿੰਘ, ਐਮ.ਆਈ.ਐਸ ਰਾਕੇਸ਼ ਕੁਮਾਰ, ਐਸ.ਟੀ.ਆਰ ਇੰਚਾਰਜ ਮੈਡਮ ਸਰਬਜੀਤ ਕੌਰ, ਅਕਾਊਂਟੈਂਟ ਨਵਨੀਤ ਕੌਰ, ਲੀਗਲ ਅਡਵਾਈਜ਼ਰ ਮੈਡਮ ਰਜਨੀ ਤੋਂ ਇਲਾਵਾ ਐਮ.ਆਈ.ਐਸ ਰਾਜਨਦੀਪ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

70ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ ’ਚ ਮਾਨਸਾ ਜਿਲ੍ਹੇ ਨੇ ਜਿੱਤੀ ਅੰਡਰ-14 ਕਿੱਕ ਬਾਕਸਿੰਗ ਲੜਕੀਆਂ ਦੀ ਚੈਂਪੀਅਨਸ਼ਿਪ



ਪਟਿਆਲਾ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਮਮਤਾ ਖੁਰਾਣਾ ਦੀ ਯੋਗ ਅਗਵਾਈ ਤੇ ਉਪ ਜਿਲ੍ਹਾ ਸਿੱਖਿਆ ਅਫਸਰ ਡਾ ਰਵਿੰਦਰਪਾਲ ਸ਼ਰਮਾਂ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ.ਦਲਜੀਤ ਸਿੰਘ ਤੇ ਜ਼ਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ ਅੰਡਰ-14/1719 ਲੜਕੀਆਂ ਦੇ ਕਿੱਕ ਬਾਕਸਿੰਗ ਮੁਕਾਬਲੇ ਪਲੇਅ ਵੇਜ਼ ਸੀਨੀਅਰ ਸੈਕੰਡਰੀ ਸਕੂਲ ਵਿਖੇ ਕਰਵਾਏ ਗਏ।

ਅੱਜ ਮੁੱਖ ਮਹਿਮਾਨ ਦੇ ਤੌਰ ਤੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਮਮਤਾ ਖੁਰਾਣਾ, ਡੀਐਸਸੀ ਡਾ.ਦਲਜੀਤ ਸਿੰਘ,ਡਾ ਰਾਜਦੀਪ ਸਿੰਘ (ਚੇਅਰਮੈਨ ,ਪਲੇਅ ਵੇਜ਼ ਸੀਨੀਅਰ ਸੈਕੰਡਰੀ ਸਕੂਲ),ਹਰਲੀਨ ਕੌਰ (ਪ੍ਰੈਜੀਡੈਂਟ,ਪਲੇਅ ਵੇਜ਼ ਸੀਨੀਅਰ ਸੈਕੰਡਰੀ ਸਕੂਲ) ਨੇ ਉਚੇਚੇ ਤੌਰ ਤੇ ਪਹੁੰਚ ਕੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ।ਅੰਡਰ- 14 ਲੜਕੀਆਂ ਦੇ ਮੁਕਾਬਲਿਆਂ ਵਿੱਚ ਮਾਨਸਾ ਨੇ ਪਹਿਲਾ, ਬਠਿੰਡੇ ਨੇ ਦੂਜਾ ਤੇ ਪਠਾਨਕੋਟ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਅੰਡਰ-19 ਲੜਕੀਆਂ ਦੇ ਮੁਕਾਬਲਿਆਂ ਵਿੱਚ ਹੁਸ਼ਿਆਰਪੁਰ ਨੇ ਪਹਿਲਾ, ਪਟਿਆਲਾ ਨੇ ਦੂਜਾ ਤੇ ਫਰੀਦਕੋਟ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਤੇ ਸੰਦੀਪ ਜੈਨ ਸੁਪਰਡੰਟ,ਅਬਜਰਵਰ ਹਰਬੰਸ ਸਿੰਘ,ਸੁਰਿੰਦਰ ਪਾਲ ਵਿੱਜ ਇੰਟਰਨੈਸ਼ਨਲ ਰੈਫਰੀ,ਰਾਜਨ ਸਲੈਕਟਰ, ਕਨਵੀਨਰ ਰਾਜੇਸ਼ ਕੁਮਾਰ, ਡਾ ਆਸਾ ਸਿੰਘ, ਸ਼ੰਕਰ ਨੇਗੀ,ਜਸਦੇਵ ਸਿੰਘ,ਹਰਦੀਪ ਸਿੰਘ, ਸਾਹਿਲ ਹਨੀਫ, ਵਿਸ਼ਾਲ, ਸਤਵਿੰਦਰ ਸਿੰਘ ਤਾਇਕਵਾਡੋ ਕੋਚ, ਕੁਲਦੀਪ ਕੌਰ,ਚਰਨਪਾਲ ਸਿੰਘ ਤੇ ਪ੍ਰੈੱਸ ਇੰਚਾਰਜ ਜਸਵਿੰਦਰ ਸਿੰਘ ਹਾਜਰ ਸਨ।

ਪਰਾਲੀ ਪ੍ਰਬੰਧਨ ਵਿੱਚ ਸਹਿਕਾਰਤਾ ਵਿਭਾਗ ਦੀ ਅਹਿਮ ਭੂਮਿਕਾ; ਕਿਸਾਨਾਂ ਨੂੰ ਜਾਗਰੂਕ ਕਰਨ ਤੋਂ ਲੈ ਕੇ ਸੀਆਰਐਮ ਮਸ਼ੀਨਰੀ ਮੁਹੱਈਆ ਕਰਵਾਉਣ ਤੱਕ ਕੀਤੇ ਜਾ ਰਹੇ ਹਨ ਵਿਸ਼ੇਸ਼ ਉਪਰਾਲੇ

ਪਟਿਆਲਾ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਪਟਿਆਲਾ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਅਤੇ ਫਸਲਾਂ ਦੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧਨ ਲਈ ਸਹਿਕਾਰਤਾ ਵਿਭਾਗ ਵੱਲੋਂ ਜ਼ਮੀਨੀ ਪੱਧਰ ’ਤੇ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਵਿਭਾਗ ਵੱਲੋਂ ਕਿਸਾਨਾਂ ਤੱਕ ਸਿੱਧੀ ਪਹੁੰਚ ਬਣਾਉਣ ਲਈ ਜ਼ਿਲ੍ਹੇ ਦੀਆਂ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਨੂੰ ਇਸ ਮੁਹਿੰਮ ਦਾ ਅਹਿਮ ਹਿੱਸਾ ਬਣਾਇਆ ਗਿਆ ਹੈ, ਤਾਂ ਜੋ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕਰਨ ਦੇ ਨਾਲ-ਨਾਲ ਇਸ ਦੇ ਬਦਲਵੇਂ ਪ੍ਰਬੰਧਾਂ ਦੀਆਂ ਸਹੂਲਤਾਂ ਵੀ ਉਨ੍ਹਾਂ ਤੱਕ ਪਹੁੰਚਾਈਆਂ ਜਾ ਸਕਣ।

ਇਹ ਜਾਣਕਾਰੀ ਦਿੰਦਿਆਂ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਪਟਿਆਲਾ ਸੰਗਰਾਮ ਸਿੰਘ ਸੰਧੂ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਸਹਿਕਾਰੀ ਸਭਾਵਾਂ ਵਿੱਚ ਕਿਸਾਨ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ, ਜਿਨ੍ਹਾਂ ਰਾਹੀਂ ਕਿਸਾਨਾਂ ਨੂੰ ਪਰਾਲੀ



ਸਾੜਨ ਨਾਲ ਵਾਤਾਵਰਣ, ਮਿੱਟੀ ਦੀ ਉਪਜਾਊ ਸ਼ਕਤੀ ਅਤੇ ਮਨੁੱਖੀ ਸਿਹਤ ’ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ। ਸਭਾਵਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਵੀ ਇਸ ਮੁਹਿੰਮ ਵਿੱਚ ਸ਼ਾਮਲ ਕਰਦਿਆਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਸਬੰਧੀ ਪ੍ਰੇਰਿਤ ਕਰਨ ਲਈ ਮਤੇ ਪਾਸ ਕੀਤੇ ਜਾ ਰਹੇ ਹਨ।

ਸਹਿਕਾਰਤਾ ਵਿਭਾਗ ਵੱਲੋਂ ਕਿਸਾਨਾਂ ਦੀ ਸਭ ਤੋਂ ਵੱਡੀ ਲੋੜ, ਭਾਵ ਪਰਾਲੀ ਪ੍ਰਬੰਧਨ ਲਈ ਖੇਤੀਬਾੜੀ ਮਸ਼ੀਨਰੀ ਦੀ ਉਪਲਬਧਤਾ ’ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਸ ਤਹਿਤ ਸਹਿਕਾਰੀ ਸਭਾਵਾਂ ਵਿੱਚ ਉਪਲਬਧ ਸੁਪਰ ਸੀਡਰ, ਬੇਲਰ ਅਤੇ ਹੋਰ ਫਸਲੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਮਸ਼ੀਨਰੀ ਦੀ ਸੂਚੀ ਤਿਆਰ ਕਰਕੇ ਸਭਾਵਾਂ ਵਿੱਚ ਫਲੈਕਸ ਬੋਰਡ ਲਗਾਏ ਜਾ ਰਹੇ ਹਨ, ਤਾਂ ਜੋ ਕਿਸਾਨਾਂ ਨੂੰ ਆਪਣੇ ਨੇੜੇ ਉਪਲਬਧ ਮਸ਼ੀਨਰੀ ਅਤੇ ਸਹੂਲਤਾਂ ਬਾਰੇ ਆਸਾਨੀ ਨਾਲ ਜਾਣਕਾਰੀ ਮਿਲ ਸਕੇ।

ਮਸ਼ੀਨਰੀ ਕਿਸਾਨਾਂ ਨੂੰ ਪਹਿਲਾਂ ਆਉ ਤੇ ਪਹਿਲਾਂ ਪਾਉ ਦੇ ਆਧਾਰ ’ਤੇ ਮੁਹੱਈਆ ਕਰਵਾਈ ਜਾ ਰਹੀ ਹੈ ਅਤੇ ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਬਿਨਾਂ ਕਿਰਾਏ ਤੋਂ ਸੀਆਰਐਮ ਮਸ਼ੀਨਰੀ ਦੀ ਸਹੂਲਤ ਦੇਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਇਸ ਦੇ ਨਾਲ ਹੀ ਮਸ਼ੀਨਰੀ ਦੀ ਰੋਜ਼ਾਨਾ ਵਰਤੋਂ ਦੀ ਨਿਗਰਾਨੀ ਅਤੇ ਸਬੰਧਤ ਪੋਰਟਲ ’ਤੇ ਰਿਪੋਰਟਿੰਗ ਵੀ ਕੀਤੀ ਜਾ ਰਹੀ ਹੈ।

ਇਸ ਸਮੁੱਚੀ ਮੁਹਿੰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਪਟਿਆਲਾ ਵੱਲੋਂ ਜ਼ਿਲ੍ਹੇ ਦੇ ਸਮੂਹ ਸਹਾਇਕ ਰਜਿਸਟਰਾਰਾਂ ਅਤੇ ਫੀਲਡ ਸਟਾਫ਼ ਨੂੰ ਸਰਗਰਮ ਕੀਤਾ ਗਿਆ ਹੈ। ਸਹਾਇਕ ਰਜਿਸਟਰਾਰਾਂ ਵੱਲੋਂ ਆਪਣੇ ਅਧਿਕਾਰ ਖੇਤਰ ਅਧੀਨ ਆਉਂਦੀਆਂ ਸਹਿਕਾਰੀ ਸਭਾਵਾਂ ਦਾ ਦੌਰਾ ਕਰਕੇ ਜਾਗਰੂਕਤਾ ਗਤੀਵਿਧੀਆਂ, ਮਸ਼ੀਨਰੀ ਦੀ ਉਪਲਬਧਤਾ ਅਤੇ ਕਿਸਾਨਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ।

ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਪਟਿਆਲਾ ਸੰਗਰਾਮ ਸਿੰਘ ਸੰਧੂ ਨੇ ਕਿਹਾ ਕਿ ਸਹਿਕਾਰੀ ਸਭਾਵਾਂ ਪਿੰਡ ਪੱਧਰ ’ਤੇ ਕਿਸਾਨਾਂ ਨਾਲ ਸਿੱਧਾ ਸੰਪਰਕ ਰੱਖਦੀਆਂ ਹਨ ਅਤੇ ਇਸ ਕਰਕੇ ਪਰਾਲੀ ਪ੍ਰਬੰਧਨ ਦੀ ਮੁਹਿੰਮ ਨੂੰ ਸਫਲ ਬਣਾਉਣ ਵਿੱਚ ਇਨ੍ਹਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਵਿਭਾਗ ਦਾ ਉਦੇਸ਼ ਸਿਰਫ਼ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਜਾਗਰੂਕ ਕਰਨਾ ਹੀ ਨਹੀਂ, ਸਗੋਂ ਉਨ੍ਹਾਂ ਨੂੰ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਲੋੜੀਂਦੀਆਂ ਸਹੂਲਤਾਂ ਨਾਲ ਜੋੜਨਾ ਵੀ ਹੈ।

ਸੰਗਰਾਮ ਸਿੰਘ ਸੰਧੂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਆਧੁਨਿਕ ਖੇਤੀਬਾੜੀ ਮਸ਼ੀਨਰੀ ਅਤੇ ਸਹਿਕਾਰੀ ਸਭਾਵਾਂ ਰਾਹੀਂ ਉਪਲਬਧ ਕਰਵਾਈਆਂ ਜਾ ਰਹੀਆਂ ਸਹੂਲਤਾਂ ਦਾ ਲਾਭ ਉਠਾਉਣ ਅਤੇ ਵਾਤਾਵਰਣ ਦੀ ਸੰਭਾਲ ਲਈ ਆਪਣਾ ਸਹਿਯੋਗ ਦੇਣ।

ਕੋਹਲੀ ਨੇ 1 ਕਰੋੜ 30 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਦੇ ਨਿਰਮਾਣ ਕਾਰਜ ਦਾ ਕੀਤਾ ਉਦਘਾਟਨ



ਪਟਿਆਲਾ, 10 ਨਵੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਸ਼ਹਿਰ ਵਿੱਚ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਅਤੇ ਆਮ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਵਿਕਾਸ ਕਾਰਜਾਂ ਦੀ ਲੜੀ ਨੂੰ ਅੱਗੇ ਵਧਾਉਂਦਿਆਂ ਅੱਜ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ 1 ਕਰੋੜ 30 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਵਾਈ.ਪੀ.ਐੱਸ. ਮਾਰਕੀਟ ਤੋਂ ਗਊ ਮਾਤਾ ਚੌਂਕ ਰੋਡ ਦੇ ਨਿਰਮਾਣ ਕਾਰਜ ਦਾ ਉਦਘਾਟਨ ਕੀਤਾ। ਇਸ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਇਲਾਕੇ ਦੀ ਸੜਕੀ ਵਿਵਸਥਾ ਵਿੱਚ ਸੁਧਾਰ ਹੋਣ ਦੇ ਨਾਲ-ਨਾਲ ਆਮ ਲੋਕਾਂ, ਦੁਕਾਨਦਾਰਾਂ ਅਤੇ ਰਾਹਗੀਰਾਂ ਨੂੰ ਆਵਾਜਾਈ ਵਿੱਚ ਵੱਡੀ ਸਹੂਲਤ ਮਿਲੇਗੀ।

ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਲੋਕਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਤਾਂ ਜੋ ਨਾਗਰਿਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮਿਲ ਸਕਣ। ਉਨ੍ਹਾਂ ਕਿਹਾ ਕਿ ਸੜਕਾਂ ਕਿਸੇ ਵੀ ਸ਼ਹਿਰ ਦੇ ਵਿਕਾਸ ਦਾ ਅਹਿਮ ਹਿੱਸਾ ਹੁੰਦੀਆਂ ਹਨ ਅਤੇ ਇਨ੍ਹਾਂ ਦੀ ਬਿਹਤਰ ਹਾਲਤ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਉਨ੍ਹਾਂ ਕਿਹਾ ਕਿ ਵਾਈ.ਪੀ.ਐੱਸ. ਮਾਰਕੀਟ ਤੋਂ ਗਊ ਮਾਤਾ ਚੌਂਕ ਤੱਕ ਸੜਕ ਦੇ ਨਿਰਮਾਣ ਨਾਲ ਇਸ ਰਸਤੇ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਆਵਾਜਾਈ ਦੌਰਾਨ ਵਧੇਰੇ ਸਹੂਲਤ ਮਿਲੇਗੀ। ਇਸ ਦੇ ਨਾਲ ਹੀ ਇਲਾਕੇ ਦੇ ਵਸਨੀਕਾਂ ਅਤੇ ਵਪਾਰਕ ਗਤੀਵਿਧੀਆਂ ਨਾਲ ਜੁੜੇ ਲੋਕਾਂ ਨੂੰ ਵੀ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਦਾ ਮੁੱਖ ਉਦੇਸ਼ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਅਤੇ ਸ਼ਹਿਰ ਵਿੱਚ ਸਹੂਲਤਾਂ ਦੇ ਪੱਧਰ ਨੂੰ ਹੋਰ ਉੱਚਾ ਚੁੱਕਣਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ ਪਟਿਆਲਾ ਪੁਸਤਕ ਮੇਲੇ ਦਾ ਵਿਦਿਅਕ ਦੌਰਾ



ਸ੍ਰੀ ਫਤਹਿਗੜ੍ਹ ਸਾਹਿਬ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ ਦੇ ਸਮਾਜ ਵਿਗਿਆਨ ਵਿਭਾਗ ਵੱਲੋਂ ਓਮੈਕਸ ਮਾਲ, ਪਟਿਆਲਾ ਵਿਖੇ ਲੱਗੇ ਪੁਸਤਕ ਮੇਲੇ ਦਾ ਵਿਦਿਅਕ ਦੌਰਾ ਕਰਵਾਇਆ ਗਿਆ। ਇਸ ਵਿੱਚ ਐੱਮ.ਏ. ਦੇ ਲਗਭਗ 25 ਵਿਦਿਆਰਥੀਆਂ ਨੇ ਭਾਗ ਲਿਆ। ਇਸ ਉਪਰਾਲੇ ਦਾ ਉਦੇਸ਼ ਵਿਦਿਆਰਥੀਆਂ ਵਿੱਚ ਪੁਸਤਕਾਂ ਪੜ੍ਹਨ ਦੀ ਰੁਚੀ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਪਾਠਕ੍ਰਮ ਤੋਂ ਇਲਾਵਾ ਵੱਖ-ਵੱਖ ਵਿਸ਼ਿਆਂ ਦੇ ਸਾਹਿਤ ਨਾਲ ਜਾਣੂ ਕਰਵਾਉਣਾ ਸੀ।

ਇਸ ਦੌਰੇ ਦੀ ਦੇਖ-ਰੇਖ ਵਿਭਾਗ ਮੁਖੀ ਡਾ. ਨਵ ਸ਼ਗਨ ਦੀਪ ਕੌਰ ਨੇ ਕੀਤੀ ਅਤੇ ਸਹਾਇਕ ਪ੍ਰੋਫੈਸਰ ਸ. ਲਵਪ੍ਰੀਤ ਸਿੰਘ ਵੀ ਵਿਦਿਆਰਥੀਆਂ ਦੇ ਨਾਲ ਸਨ। ਵਿਦਿਆਰਥੀਆਂ ਨੇ ਸਮਾਜਿਕ ਸਿਧਾਂਤਾਂ, ਖੋਜ, ਸਮਾਜਿਕ ਸਮੱਸਿਆਵਾਂ ਅਤੇ ਵਾਤਾਵਰਣ ਨਾਲ ਸਬੰਧਤ ਪੁਸਤਕਾਂ ਵਿੱਚ ਦਿਲਚਸਪੀ ਦਿਖਾਈ। ਇਸ ਮੌਕੇ ਵਿਦਿਆਰਥੀਆਂ ਨੇ ਕਾਲੀ ਮਾਤਾ ਮੰਦਰ ਅਤੇ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ, ਪਟਿਆਲਾ ਵਿਖੇ ਵੀ ਮੱਥਾ ਟੇਕਿਆ। ਇਹ ਦੌਰਾ ਵਿਦਿਆਰਥੀਆਂ ਲਈ ਗਿਆਨ ਦੇ ਨਾਲ-ਨਾਲ ਸੱਭਿਆਚਾਰਕ ਜਾਣਕਾਰੀ ਪ੍ਰਾਪਤ ਕਰਨ ਦਾ ਸਾਰਥਕ ਮੌਕਾ ਸਾਬਤ ਹੋਇਆ।

ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਦਾ ਜ਼ਿਲ੍ਹਾ ਪ੍ਰਸ਼ਾਸਨ ਕਰੇਗਾ ਸਨਮਾਨ : ਡਿਪਟੀ ਕਮਿਸ਼ਨਰ

ਪਟਿਆਲਾ, 10 ਨਵੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨਾ ਸਾੜਨ ਅਤੇ ਇਸ ਦੇ ਸੁਚੱਜੇ ਪ੍ਰਬੰਧਨ ਲਈ ਉਪਲਬਧ ਵੱਖ-ਵੱਖ ਮਸ਼ੀਨਾਂ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਬਿਨਾਂ ਅੱਗ ਲਗਾਏ ਖੇਤਾਂ ਵਿੱਚੋਂ ਬਾਹਰ ਕੱਢਣ ਜਾਂ ਖੇਤਾਂ ਵਿੱਚ ਹੀ ਮਿਲਾ ਕੇ ਇਸ ਦਾ ਸੁਚੱਜਾ ਪ੍ਰਬੰਧਨ ਕਰਨ ਵਾਲੇ ਕਿਸਾਨਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਨਮਾਨਿਤ ਕੀਤਾ ਜਾਵੇਗਾ।



ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਿਛਲੇ ਸਾਲਾਂ ਦੌਰਾਨ ਵੀ ਪਟਿਆਲਾ ਜ਼ਿਲ੍ਹੇ ਦੇ ਅਨੇਕਾਂ ਕਿਸਾਨਾਂ ਨੂੰ ਪਰਾਲੀ ਦਾ ਐਕਸ-ਸੀਟੂ ਅਤੇ ਇਨ-ਸੀਟੂ ਤਰੀਕਿਆਂ ਨਾਲ ਬਿਨਾਂ ਅੱਗ ਲਗਾਏ ਪ੍ਰਬੰਧਨ ਕਰਨ ਲਈ ਸਨਮਾਨਿਤ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਨਾਲ ਜਿੱਥੇ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਉੱਥੇ ਹੀ ਜ਼ਮੀਨ ਦੀ ਉਪਜਾਊ ਸ਼ਕਤੀ ’ਤੇ ਵੀ ਮਾੜਾ ਅਸਰ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਪਰਾਲੀ ਸਾੜਨ ਦੀਆਂ ਸੰਭਾਵਿਤ ਘਟਨਾਵਾਂ ਨੂੰ ਰੋਕਣ ਲਈ ਹੌਟਸਪੌਟ ਪਿੰਡਾਂ ਵਿੱਚ ਡਰੋਨ ਰਾਹੀਂ ਵੀ ਨਿਗਰਾਨੀ ਕੀਤੀ ਜਾ ਰਹੀ ਹੈ।

ਜ਼ਿਲ੍ਹਾ ਪ੍ਰਸ਼ਾਸਨ ਦੇ ਬੁਲਾਰੇ ਨੇ ਦੱਸਿਆ ਕਿ ਪਰਾਲੀ ਸਾੜਨ ਦੀਆਂ ਘਟਨਾਵਾਂ ਦੀ ਰੋਕਥਾਮ ਵਿੱਚ ਲਾਪਰਵਾਹੀ ਵਰਤਣ ਵਾਲੇ 22 ਕਲੱਸਟਰ ਅਧਿਕਾਰੀਆਂ ਅਤੇ ਨੋਡਲ ਅਫ਼ਸਰਾਂ ਨੂੰ ਸਮਰੱਥ ਅਧਿਕਾਰੀ ਵੱਲੋਂ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ। ਇਨ੍ਹਾਂ ਵਿੱਚ ਨਿਰਧਾਰਤ ਸਮੇਂ ਅੰਦਰ ਰਿਪੋਰਟਾਂ ਜਮ੍ਹਾਂ ਨਾ ਕਰਵਾਉਣ, ਗਲਤ ਰਿਪੋਰਟਿੰਗ ਕਰਨ ਅਤੇ ਪਹਿਲਾਂ ਘਟਨਾਵਾਂ ਸਾਹਮਣੇ ਆ ਚੁੱਕੀਆਂ ਥਾਵਾਂ ’ਤੇ ਮੁੜ ਅੱਗ ਲੱਗਣ ਦੇ ਮਾਮਲੇ ਸ਼ਾਮਲ ਹਨ। ਸਬੰਧਤ ਅਧਿਕਾਰੀਆਂ ਨੂੰ ਸਮਰੱਥ ਅਧਿਕਾਰੀ ਅੱਗੇ ਨਿੱਜੀ ਤੌਰ ’ਤੇ ਪੇਸ਼ ਹੋ ਕੇ ਆਪਣਾ ਜਵਾਬ ਦੇਣ ਦੀ ਹਦਾਇਤ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਪਟਿਆਲਾ ਪੁਲਿਸ ਵੱਲੋਂ ਪਰਾਲੀ ਸਾੜਨ ਦੇ ਮਾਮਲਿਆਂ ਵਿੱਚ 9 ਪੁਲਿਸ ਕੇਸ ਦਰਜ ਕੀਤੇ ਗਏ ਹਨ, ਜਦਕਿ ਮਾਲ ਵਿਭਾਗ ਵੱਲੋਂ ਮਾਲ ਰਿਕਾਰਡ ਵਿੱਚ 10 ਰੈੱਡ ਐਂਟਰੀਆਂ ਦਰਜ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਪਰਾਲੀ ਸਾੜਨ ਵਾਲਿਆਂ ਨੂੰ 55,000 ਰੁਪਏ ਦਾ ਵਾਤਾਵਰਨ ਹਰਜਾਨਾ ਲਗਾਇਆ ਗਿਆ ਹੈ, ਜਿਸ ਵਿੱਚੋਂ 25,000 ਰੁਪਏ ਵਸੂਲ ਕੀਤੇ ਜਾ ਚੁੱਕੇ ਹਨ।

ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ ’ਤੇ ਸਾਰੇ ਐਸ.ਡੀ.ਐਮਜ਼ ਵੱਲੋਂ ਨੰਬਰਦਾਰਾਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਨੂੰ ਆਪਣੇ-ਆਪਣੇ ਪਿੰਡਾਂ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਰੋਕਣ ਲਈ ਕਿਸਾਨਾਂ ਨੂੰ ਜਾਗਰੂਕ ਕਰਨ ਅਤੇ ਅੱਗ ਲੱਗਣ ਦੀਆਂ ਸੰਭਾਵਿਤ ਘਟਨਾਵਾਂ ਦੀ ਰੋਕਥਾਮ ਲਈ ਚੌਕਸੀ ਵਰਤਣ ਲਈ ਕਿਹਾ ਗਿਆ ਹੈ। ਇਸ ਦੇ ਨਾਲ ਹੀ ਐਸ.ਡੀ.ਐਮਜ਼ ਵੱਲੋਂ ਖੇਤਾਂ ਦਾ ਦੌਰਾ ਕਰਕੇ ਕਿਸਾਨਾਂ ਨਾਲ ਸਿੱਧਾ ਸੰਪਰਕ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਫ਼ਸਲੀ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਹੀ ਮਿਲਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਦੀਵਾਲੀ ਦੇ ਮੱਦੇਨਜ਼ਰ ਫੂਡ ਸੇਫਟੀ ਵਿਭਾਗ ਵੱਲੋਂ ਵਿਸ਼ੇਸ਼ ਚੈਕਿੰਗ ਮੁਹਿੰਮ; ਮਠਿਆਈਆਂ ਦੇ 6 ਸੈਂਪਲ ਭਰ ਕੇ ਜਾਂਚ ਲਈ ਭੇਜੇ



ਮਲੇਰਕੋਟਲਾ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦੀਵਾਲੀ ਦੇ ਤਿਉਹਾਰ ਦੌਰਾਨ ਲੋਕਾਂ ਨੂੰ ਸ਼ੁੱਧ ਅਤੇ ਸੁਰੱਖਿਅਤ ਖਾਣ-ਪੀਣ ਵਾਲੀਆਂ ਵਸਤਾਂ ਮੁਹੱਈਆ ਕਰਵਾਉਣ ਲਈ ਸਟੇਟ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਫੂਡ ਸੇਫਟੀ ਵਿਭਾਗ ਵੱਲੋਂ ਪਿਛਲੇ ਦਿਨੀਂ ਅਮਰਗੜ੍ਹ, ਮਾਲੇਰਕੋਟਲਾ ਅਤੇ ਕੁੱਪ ਕਲਾਂ ਵਿਖੇ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ।

ਸਹਾਇਕ ਕਮਿਸ਼ਨਰ ਫੂਡ ਸ੍ਰੀਮਤੀ ਰਾਖੀ ਵਿਨਾਇਕ ਦੀ ਅਗਵਾਈ ਹੇਠ ਫੂਡ ਸੇਫਟੀ ਅਫ਼ਸਰ ਸੰਦੀਪ ਸਿੰਘ ਸੰਧੂ ਸਮੇਤ ਟੀਮ ਨੇ ਵੱਖ-ਵੱਖ ਦੁਕਾਨਾਂ ਦੀ ਅਚਨਚੇਤ ਜਾਂਚ ਕਰਕੇ ਖੋਏ, ਚਾਂਦੀ ਦੇ ਵਰਕ ਵਾਲੀਆਂ ਅਤੇ ਰੰਗਦਾਰ ਮਠਿਆਈਆਂ ਦੇ ਕੁੱਲ ਛੇ ਸੈਂਪਲ ਭਰੇ, ਜਿਨ੍ਹਾਂ ਨੂੰ ਵਿਸ਼ਲੇਸ਼ਣ ਲਈ ਫੂਡ ਲੈਬਾਰਟਰੀ ਭੇਜਿਆ ਗਿਆ ਹੈ।

ਵਿਨਾਇਕ ਨੇ ਸਪੱਸ਼ਟ ਕੀਤਾ ਕਿ ਲੈਬਾਰਟਰੀ ਰਿਪੋਰਟ ਵਿੱਚ ਸੈਂਪਲ ਗ਼ੈਰ-ਮਿਆਰੀ, ਗ਼ਲਤ ਲੇਬਲਿੰਗ ਵਾਲੇ ਜਾਂ ਸਿਹਤ ਲਈ ਅਸੁਰੱਖਿਅਤ ਪਾਏ ਜਾਣ ’ਤੇ ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ, 2006 ਦੇ ਉਪਬੰਧਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਉਲੰਘਣਾ ਦੀ ਕਿਸਮ ਅਤੇ ਗੰਭੀਰਤਾ ਮੁਤਾਬਕ ਸਬੰਧਤ ਕਾਰੋਬਾਰੀ ਵਿਰੁੱਧ ਜੁਰਮਾਨੇ ਲਈ ਕਾਰਵਾਈ, ਅਦਾਲਤੀ ਮੁਕੱਦਮਾ ਅਤੇ ਲਾਗੂ ਨਿਯਮਾਂ ਤਹਿਤ ਲਾਇਸੈਂਸ ਮੁਅੱਤਲ ਜਾਂ ਰੱਦ ਕਰਨ ਦੀ ਕਾਰਵਾਈ ਵੀ ਅਮਲ ਵਿੱਚ ਲਿਆਂਦੀ ਜਾ ਸਕਦੀ ਹੈ।

ਉਨ੍ਹਾਂ ਮਠਿਆਈ ਨਿਰਮਾਤਾਵਾਂ ਨੂੰ ਹਦਾਇਤ ਕੀਤੀ ਕਿ ਗ਼ੈਰ-ਪ੍ਰਵਾਨਿਤ ਰੰਗਾਂ, ਐਡਿਟਿਵਜ਼ ਅਤੇ ਘਟੀਆ ਕੱਚੇ ਮਾਲ ਦੀ ਵਰਤੋਂ ਨਾ ਕੀਤੀ ਜਾਵੇ। ਸਾਫ਼-ਸਫ਼ਾਈ, ਖੁਰਾਕ ਸੁਰੱਖਿਆ ਮਾਪਦੰਡਾਂ ਅਤੇ ਐੱਫ.ਐੱਸ.ਐੱਸ.ਏ.ਆਈ. ਦੀ ਵੈਧ ਰਜਿਸਟ੍ਰੇਸ਼ਨ ਜਾਂ ਲਾਇਸੈਂਸ ਸਬੰਧੀ ਨਿਯਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

ਉਨ੍ਹਾਂ ਕਿਹਾ ਕਿ ਤਿਉਹਾਰਾਂ ਦੀ ਮਿਠਾਸ ਵਿੱਚ ਮਿਲਾਵਟ ਜਾਂ ਲਾਪਰਵਾਹੀ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਖਪਤਕਾਰਾਂ ਨੂੰ ਵੀ ਖਾਣ-ਪੀਣ ਵਾਲੀਆਂ ਵਸਤਾਂ ਖਰੀਦਣ ਸਮੇਂ ਗੁਣਵੱਤਾ ਅਤੇ ਸਫ਼ਾਈ ਪ੍ਰਤੀ ਸੁਚੇਤ ਰਹਿਣ ਦੀ ਅਪੀਲ ਕੀਤੀ।

ਮਕਾਨ ਕਿਰਾਏ ’ਤੇ ਦੇਣ ਤੋਂ ਪਹਿਲਾਂ ਕਿਰਾਏਦਾਰ ਦੀ ਪਹਿਚਾਣ ਸਬੰਧੀ ਪੂਰੀ ਜਾਂਚ ਪੜਤਾਲ ਪੁਲਿਸ ਤੋਂ ਕਰਵਾਉਣ ਦੇ ਹੁਕਮ ਜਾਰੀ

ਸ੍ਰੀ ਫਤਹਿਗੜ੍ਹ ਸਾਹਿਬ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਮੈਜਿਸਟਰੇਟ ਡਾ. ਸੋਨਾ ਥਿੰਦ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮਕਾਨ ਮਾਲਕ ਜਾਂ ਮਕਾਨ ’ਤੇ ਕਾਬਜ ਵਿਅਕਤੀਆਂ ਨੂੰ ਹੁਕਮ ਜਾਰੀ ਕੀਤੇ ਹਨ ਕਿ ਕਿਸੇ ਵੀ ਵਿਅਕਤੀ ਨੂੰ ਮਕਾਨ ਕਿਰਾਏ ’ਤੇ ਦੇਣ ਤੋਂ ਪਹਿਲਾਂ ਉਸ ਦੀ ਪਹਿਚਾਣ ਸਬੰਧੀ ਪੂਰੀ ਤਰ੍ਹਾਂ ਜਾਂਚ ਪੜਤਾਲ ਪੁਲਿਸ ਵਿਭਾਗ ਤੋਂ ਕਰਵਾਉਣ ਅਤੇ ਇਸ ਸਬੰਧੀ ਸੂਚਨਾਂ ਸਬੰਧਤ ਥਾਣੇ ਵਿੱਚ ਦਰਜ਼ ਕਰਵਾਉਣ ਉਪਰੰਤ ਹੀ ਆਪਣਾ ਮਕਾਨ ਕਿਰਾਏ ’ਤੇ ਦਿੱਤਾ ਜਾਵੇ।



ਮਨਾਹੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਸਮਾਜ ਵਿਰੋਧੀ ਅਨਸਰਾਂ ਵੱਲੋਂ ਮਕਾਨ ਮਾਲਕਾਂ ਤੋਂ ਮਕਾਨ ਕਿਰਾਏ ’ਤੇ ਲੈ ਕੇ ਅਜਿਹੀਆਂ ਕਾਰਵਾਈਆਂ ਕਰਨ ਦਾ ਅੰਦੇਸ਼ਾ ਹੈ ਜਿਨ੍ਹਾਂ ਨਾਲ ਲੋਕਾਂ ਦੀ ਜਾਨ ਮਾਲ ਨੂੰ ਖਤਰਾ ਹੋ ਸਕਦਾ ਹੈ, ਸਰਕਾਰੀ ਅਤੇ ਪ੍ਰਾਈਵੇਟ ਸੰਪਤੀ ਨੂੰ ਨੁਕਸਾਨ ਪਹੁੰਚ ਸਕਦਾ ਹੈ ਅਤੇ ਅਮਨ ਸ਼ਾਂਤੀ ਭੰਗ ਹੋ ਸਕਦੀ ਹੈ।

ਅਜਿਹੀਆਂ ਕਾਰਵਾਈਆਂ ਨੂੰ ਰੋਕਣ ਲਈ ਜਾਰੀ ਕੀਤੇ ਇਹ ਮਨਾਹੀ ਦੇ ਇਹ ਹੁਕਮ 29 ਦਸੰਬਰ 2026 ਤੱਕ ਲਾਗੂ ਰਹਿਣਗੇ।

ਨਸ਼ਾ ਮੁਕਤ ਭਾਰਤ ਅਭਿਆਨ ਨੂੰ ਪੰਜਾਬ ਦੇ ਹਰ ਜ਼ਿਲ੍ਹੇ ਤੱਕ ਪਹੁੰਚਾਉਣਗੇ ਸੁਖਵਿੰਦਰ ਸਿੰਘ ਬਿੰਦਰਾ

ਲੁਧਿਆਣਾ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਵੱਲੋਂ ਨਾਮਜ਼ਦ ਸੁਖਵਿੰਦਰ ਸਿੰਘ ਬਿੰਦਰਾ (ਐਨ.ਆਈ.ਐਸ.ਡੀ.) ਅਤੇ ਵਿਸ਼ੇਸ਼ ਮੈਂਬਰ/ਇਨਵਾਈਟੀ (ਐਨ.ਸੀ.ਸੀ.ਡੀ.ਆਰ.) ਪੰਜਾਬ ਵਿੱਚ ‘ਨਸ਼ਾ ਮੁਕਤ ਭਾਰਤ ਅਭਿਆਨ’ ਨੂੰ ਮਜ਼ਬੂਤ ਕਰਨ ਲਈ ਅਹਿਮ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁਹਿੰਮ ਨੂੰ ਜ਼ਮੀਨੀ ਪੱਧਰ ’ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਕੋਆਰਡੀਨੇਟਰ ਨਿਯੁਕਤ ਕੀਤੇ ਜਾਣਗੇ, ਜੋ ਨਸ਼ਾ ਵਿਰੋਧੀ ਗਤੀਵਿਧੀਆਂ ਦਾ ਤਾਲਮੇਲ ਕਰਨਗੇ।

ਬਿੰਦਰਾ ਨੇ ਦੱਸਿਆ ਕਿ ਜਨਵਰੀ 2025 ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਅਤੇ ਨਵੰਬਰ 2025 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਵੱਡੇ ਜਾਗਰੂਕਤਾ ਪ੍ਰੋਗਰਾਮ ਕਰਵਾਏ ਗਏ ਸਨ, ਜਿਨ੍ਹਾਂ ਵਿੱਚ 50 ਹਜ਼ਾਰ ਤੋਂ ਵੱਧ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ ਅਤੇ ਲੱਖਾਂ ਨੌਜਵਾਨ ਆਨਲਾਈਨ ਜੁੜੇ।



ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਜਾਗਰੂਕਤਾ ਪ੍ਰੋਗਰਾਮਾਂ ਦੇ ਨਾਲ-ਨਾਲ ਖੇਡਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਨੌਜਵਾਨਾਂ ਨੂੰ ਮੁਫ਼ਤ ਖੇਡ ਕਿੱਟਾਂ ਵੀ ਵੰਡੀਆਂ ਜਾਣਗੀਆਂ।

ਉਨ੍ਹਾਂ ਦੱਸਿਆ ਕਿ ਪੰਜਾਬ ਯੂਥ ਵਿਕਾਸ ਬੋਰਡ ਦੇ ਸਾਬਕਾ ਸਟੇਟ ਚੇਅਰਪਰਸਨ ਵਜੋਂ ਵੀ ਉਨ੍ਹਾਂ ਨੇ ਯੂਥ ਕਲੱਬਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਖੇਡ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਲਈ ਕੰਮ ਕੀਤਾ ਹੈ।

ਬਿੰਦਰਾ ਨੇ ਕਿਹਾ ਕਿ ਨੌਜਵਾਨਾਂ ਦੀ ਊਰਜਾ ਨੂੰ ਸਹੀ ਦਿਸ਼ਾ ਦੇਣਾ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਬਚਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਹੈ। ਅੰਤ ਵਿੱਚ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਕੇਂਦਰੀ ਮੰਤਰੀ ਡਾ. ਵਰਿੰਦਰ ਕੁਮਾਰ ਦਾ ਨੌਜਵਾਨਾਂ ਦੀ ਭਲਾਈ ਅਤੇ ਸਸ਼ਕਤੀਕਰਨ ਲਈ ਕੀਤੇ ਜਾ ਰਹੇ ਯਤਨਾਂ ਵਾਸਤੇ ਧੰਨਵਾਦ ਕੀਤਾ।

ਜ਼ਿਲ੍ਹੇ ਵਿੱਚ ਪਟਾਕਿਆਂ ਦੀ ਵਿਕਰੀ, ਸਟੋਰੇਜ ਅਤੇ ਵਰਤੋਂ ਸਬੰਧੀ ਹੁਕਮ ਜਾਰੀ

ਮਲੇਰਕੋਟਲਾ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਮੈਜਿਸਟ੍ਰੇਟ ਵਿਰਾਜ ਐਸ. ਤਿੜਕੇ ਵੱਲੋਂ ਤਿਉਹਾਰਾਂ ਦੇ ਮੱਦੇਨਜ਼ਰ ਜ਼ਿਲ੍ਹੇ ਵਿੱਚ ਪਟਾਕਿਆਂ ਦੀ ਵਿਕਰੀ, ਸਟੋਰੇਜ ਅਤੇ ਵਰਤੋਂ ਸਬੰਧੀ ਹੁਕਮ ਜਾਰੀ ਕੀਤੇ ਗਏ ਹਨ। ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮਾਨਯੋਗ ਸੁਪਰੀਮ ਕੋਰਟ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾ ਅਨੁਸਾਰ ਜ਼ਿਲ੍ਹੇ ਦੀ ਹਦੂਦ ਅੰਦਰ ਕਿਸੇ ਵੀ ਵਿਅਕਤੀ ਵੱਲੋਂ ਜ਼ਿਲ੍ਹਾ ਮੈਜਿਸਟ੍ਰੇਟ ਦੀ ਪੂਰਵ- ਪ੍ਰਵਾਨਗੀ/ਲਾਇਸੰਸ ਲਏ ਤੋਂ ਬਿਨਾ ਪਟਾਕਿਆਂ ਨੂੰ ਮੈਨੂਫੈਕਚਰ ਕਰਨ, ਸਟੋਰ ਕਰਨ ਤੇ ਵੇਚਣ ਤੇ ਪੂਰਨ ਪਾਬੰਦੀ ਲਗਾਈ ਗਈ ਹੈ। ਇਸ ਤੋਂ ਇਲਾਵਾ ਬੇਰੀਅਮ ਸਾਲਟਸ ਅਤੇ ਐਂਟੀਮਨੀ, ਲਿਥੀਅਮ, ਮਰਕਰੀ, ਆਰਸੈਨਿਕ, ਲੈੱਡ ਜਾਂ ਸਟ੍ਰੋਂਸ਼ੀਅਮ ਕ੍ਰੋਮੇਟ ਦੇ ਮਿਸ਼ਰਣ ਵਾਲੇ ਪਟਾਕਿਆਂ ਦੀ ਵਿਕਰੀ ’ਤੇ ਵੀ ਪੂਰਨ ਪਾਬੰਦੀ ਹੋਵੇਗੀ। ਇਨ੍ਹਾਂ ਹੁਕਮਾਂ ਤਹਿਤ ਜ਼ਿਲ੍ਹੇ ਵਿੱਚ ਸਿਰਫ਼ ਗ੍ਰੀਨ ਪਟਾਕਿਆਂ ਦੀ ਵਿਕਰੀ ਅਤੇ ਵਰਤੋਂ ਦੀ ਇਜਾਜ਼ਤ ਹੋਵੇਗੀ, ਜਦਕਿ ਲੜੀਵਾਰ ਪਟਾਕਿਆਂ ਦੇ ਨਿਰਮਾਣ, ਸਟਾਕ, ਵੰਡ, ਵਿਕਰੀ ਅਤੇ ਵਰਤੋਂ ’ਤੇ ਪੂਰਨ ਪਾਬੰਦੀ ਰਹੇਗੀ।



ਜ਼ਿਲ੍ਹਾ ਮੈਜਿਸਟ੍ਰੇਟ ਨੇ ਦੱਸਿਆ ਕਿ ਪਟਾਕਿਆਂ ਕਾਰਨ ਹੋਣ ਵਾਲੇ ਹਵਾ ਅਤੇ ਆਵਾਜ਼ ਪ੍ਰਦੂਸ਼ਣ, ਸਿਹਤ ਸਬੰਧੀ ਸਮੱਸਿਆਵਾਂ ਅਤੇ ਸੰਭਾਵਿਤ ਹਾਦਸਿਆਂ ਨੂੰ ਰੋਕਣ ਲਈ ਇਹ ਹੁਕਮ ਜਾਰੀ ਕੀਤੇ ਗਏ ਹਨ। ਪਟਾਕਿਆਂ ਦੀ ਵਿਕਰੀ ਸਿਰਫ਼ ਲਾਇਸੰਸਸ਼ੁਦਾ ਦੁਕਾਨਦਾਰਾਂ ਵੱਲੋਂ ਹੀ ਕੀਤੀ ਜਾ ਸਕੇਗੀ ਅਤੇ ਫਲਿੱਪਕਾਰਟ, ਐਮਾਜ਼ੋਨ ਆਦਿ ਈ-ਕਾਮਰਸ ਵੈੱਬਸਾਈਟਾਂ ਰਾਹੀਂ ਪਟਾਕਿਆਂ ਦੀ ਆਨਲਾਈਨ ਵਿਕਰੀ ’ਤੇ ਵੀ ਪਾਬੰਦੀ ਹੋਵੇਗੀ।

ਉਨ੍ਹਾਂ ਦੱਸਿਆ ਕਿ ਮਾਲੇਰਕੋਟਲਾ ਵਿਖੇ ਪੀ.ਡਬਲਿਊ.ਡੀ. ਦਫ਼ਤਰ ਦੇ ਸਾਹਮਣੇ ਡਿਫੈਂਸ ਲੈਂਡ ਦੀ ਖਾਲੀ ਜਗ੍ਹਾ ਤੇ ਦੀਵਾਲੀ ਵਾਲੇ ਦਿਨ ਤੱਕ ਪਟਾਕੇ ਵੇਚਣ ਦੀ ਇਜਾਜਤ ਹੋਵੇਗੀ। ਇਸੇ ਤਰ੍ਹਾਂ ਅਹਿਮਦਗੜ੍ਹ ਵਿਖੇ ਗਾਂਧੀ ਸਕੂਲ ਦੀ ਬੈਕ ਸਾਈਡ ਅਤੇ ਅਮਰਗੜ੍ਹ ਵਿਖੇ ਨਵੇਂ ਬੱਸ ਸਟੈਂਡ ’ਤੇ ਪਟਾਕਿਆਂ ਦੀ ਵਿਕਰੀ ਕੀਤੀ ਜਾ ਸਕੇਗੀ। ਇਨ੍ਹਾਂ ਨਿਰਧਾਰਤ ਸਥਾਨਾਂ ਤੋਂ ਇਲਾਵਾ ਕਿਸੇ ਹੋਰ ਥਾਂ ’ਤੇ ਪਟਾਕਿਆਂ ਦੀ ਵਿਕਰੀ ਦੀ ਇਜਾਜ਼ਤ ਨਹੀਂ ਹੋਵੇਗੀ।

ਇਨ੍ਹਾਂ ਹੁਕਮਾਂ ਅਨੁਸਾਰ ਦੀਵਾਲੀ ਮੌਕੇ 8 ਨਵੰਬਰ ਨੂੰ ਰਾਤ 8 ਵਜੇ ਤੋਂ 10 ਵਜੇ ਤੱਕ, ਗੁਰਪੁਰਬ ਮੌਕੇ 24 ਨਵੰਬਰ ਨੂੰ ਸਵੇਰੇ 4 ਵਜੇ ਤੋਂ 5 ਵਜੇ ਤੱਕ ਅਤੇ ਰਾਤ 9 ਵਜੇ ਤੋਂ 10 ਵਜੇ ਤੱਕ ਪਟਾਕੇ ਚਲਾਏ ਜਾ ਸਕਣਗੇ। ਇਸੇ ਤਰ੍ਹਾਂ ਕ੍ਰਿਸਮਸ ਮੌਕੇ 25-26 ਦਸੰਬਰ ਦੀ ਦਰਮਿਆਨੀ ਰਾਤ 11:55 ਵਜੇ ਤੋਂ ਸਵੇਰੇ 12:30 ਵਜੇ ਤੱਕ ਅਤੇ ਨਵੇਂ ਸਾਲ ਮੌਕੇ 31 ਦਸੰਬਰ ਤੋਂ 1 ਜਨਵਰੀ ਦੀ ਦਰਮਿਆਨੀ ਰਾਤ 11:55 ਵਜੇ ਤੋਂ ਸਵੇਰੇ 12:30 ਵਜੇ ਤੱਕ ਹੀ ਪਟਾਕੇ ਚਲਾਉਣ ਦੀ ਇਜਾਜ਼ਤ ਹੋਵੇਗੀ।

ਨਿਰਧਾਰਤ ਸਮੇਂ ਤੋਂ ਪਹਿਲਾਂ ਜਾਂ ਬਾਅਦ ਪਟਾਕੇ ਚਲਾਉਣ ’ਤੇ ਪੂਰਨ ਪਾਬੰਦੀ ਹੋਵੇਗੀ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਵਾਤਾਵਰਣ ਅਤੇ ਸਿਹਤ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਅਤੇ ਸਿਰਫ਼ ਨਿਰਧਾਰਤ ਸਮੇਂ ਦੌਰਾਨ ਹੀ ਗ੍ਰੀਨ ਪਟਾਕਿਆਂ ਦੀ ਵਰਤੋਂ ਕਰਨ।

ਵੱਖ-ਵੱਖ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀ ਵਿੱਚ ਜਾ ਕੇ ਨੌਜਵਾਨਾਂ ਨੂੰ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ : ਏ.ਐਸ. ਸੁਖਵਿੰਦਰ ਸਿੰਘ

ਪਟਿਆਲਾ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ ਅਤੇ ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਮੁੱਖ ਸਰਪ੍ਰਸਤ ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਪਟਿਆਲਾ ਪੁਲਿਸ, ਮੈਂਬਰ ਵੂਮੈਨ ਕੌਂਸਲਿੰਗ ਸੈੱਲ ਪਟਿਆਲਾ ਪੁਲਿਸ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਅੱਜ ਸਿਟੀ-2 ਟ੍ਰੈਫਿਕ ਪਟਿਆਲਾ ਦੇ ਨਵ-ਨਿਯੁਕਤ ਇੰਚਾਰਜ ਏ.ਐਸ.ਆਈ. ਸੁਖਵਿੰਦਰ ਸਿੰਘ ਨਾਲ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੁਕਤਾ ਪ੍ਰੋਗਰਾਮਾਂ ਬਾਰੇ ਮੁਲਾਕਾਤ ਕੀਤੀ।



ਇਸ ਮੌਕੇ ਪਰਮਿੰਦਰ ਭਲਵਾਨ ਨੇ ਕਿਹਾ ਕਿ ਏ.ਐਸ.ਆਈ. ਸੁਖਵਿੰਦਰ ਸਿੰਘ ਇੱਕ ਤਜਰਬੇਕਾਰ, ਇਮਾਨਦਾਰ ਅਤੇ ਲੋਕ-ਪੱਖੀ ਅਧਿਕਾਰੀ ਹਨ। ਉਨ੍ਹਾਂ ਦੇ ਆਉਣ ਨਾਲ ਸਿਟੀ-2 ਖੇਤਰ ਵਿੱਚ ਟ੍ਰੈਫਿਕ ਵਿਵਸਥਾ ਹੋਰ ਵੀ ਬਿਹਤਰ ਹੋਵੇਗੀ। ਉਨ੍ਹਾਂ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਪੁਲਿਸ ਪ੍ਰਸ਼ਾਸਨ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਹਮੇਸ਼ਾ ਸਮਾਜ ਦੀ ਸੇਵਾ ਲਈ ਖੜ੍ਹੀਆਂ ਰਹਿਣਗੀਆਂ।

ਇਸ ਦੌਰਾਨ ਦੋਵਾਂ ਆਗੂਆਂ ਨੇ ਸਿਟੀ-2 ਵਿਖੇ ਟ੍ਰੈਫਿਕ ਸਮੱਸਿਆਵਾਂ ਬਾਰੇ ਵਿਸਥਾਰਪੂਰਵਕ ਗੱਲਬਾਤ ਕੀਤੀ। ਉਨ੍ਹਾਂ ਟ੍ਰੈਫਿਕ ਇੰਚਾਰਜ ਦੇ ਧਿਆਨ ਵਿੱਚ ਲਿਆਂਦਾ ਕਿ ਸਵੇਰੇ ਅਤੇ ਸ਼ਾਮ ਦੇ ਸਮੇਂ ਸਕੂਲਾਂ, ਕਾਲਜਾਂ, ਹਸਪਤਾਲਾਂ ਅਤੇ ਭੀੜ-ਭਾੜ ਵਾਲੇ ਬਾਜ਼ਾਰਾਂ ਨੇੜੇ ਟ੍ਰੈਫਿਕ ਜਾਮ ਦੀ ਸਮੱਸਿਆ ਆਮ ਹੋ ਜਾਂਦੀ ਹੈ। ਗਲਤ ਪਾਰਕਿੰਗ, ਬਿਨਾਂ ਹੈਲਮਟ ਦੋਪਹੀਆ ਵਾਹਨ ਚਲਾਉਣਾ, ਤੇਜ਼ ਰਫ਼ਤਾਰ ਅਤੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਾਰਨ ਹਾਦਸਿਆਂ ਦਾ ਖ਼ਤਰਾ ਵਧ ਜਾਂਦਾ ਹੈ।

ਇਸ ’ਤੇ ਏ.ਐਸ.ਆਈ. ਸੁਖਵਿੰਦਰ ਸਿੰਘ ਨੇ ਭਰੋਸਾ ਦਿੱਤਾ ਕਿ ਛੇਤੀ ਹੀ ਐਸ ਐਸ ਪੀ ਪਟਿਆਲਾ ਹਰਮਨਦੀਪ ਸਿੰਘ ਹਾਂਸ ਅਤੇ ਐਸ ਪੀ ਟ੍ਰੈਫਿਕ ਅਸ਼ੋਕ ਕੁਮਾਰ ਸ਼ਰਮਾ, ਡੀ ਐਸ ਪੀ ਟ੍ਰੈਫਿਕ ਪੁਨੀਤ ਚਹਿਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵੱਖ-ਵੱਖ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀ ਵਿੱਚ ਜਾ ਕੇ ਨੌਜਵਾਨਾਂ ਨੂੰ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਟ੍ਰੈਫਿਕ ਨੂੰ ਸੁਚਾਰੂ ਬਣਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ, ਭੀੜ ਵਾਲੇ ਪੁਆਇੰਟਾਂ ’ਤੇ ਪੁਲਿਸ ਮੁਲਾਜ਼ਮਾਂ ਦੀ ਤਾਇਨਾਤੀ ਵਧਾਈ ਜਾਵੇਗੀ ਅਤੇ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕੀਤਾ ਜਾਵੇਗਾ।

ਇਸ ਮੌਕੇ ਆਉਣ ਵਾਲੇ ਧੁੰਦ ਦੇ ਮੌਸਮ ਨੂੰ ਵੇਖਦਿਆਂ ਵਾਹਨਾਂ ਉੱਪਰ ਰਿਫਲੈਕਟਰ ਲਗਾਉਣ ਸਬੰਧੀ ਵੀ ਅਹਿਮ ਗੱਲਬਾਤ ਹੋਈ। ਉਨ੍ਹਾਂ ਕਿਹਾ ਕਿ ਹਰ ਸਾਲ ਸਰਦੀਆਂ ਵਿੱਚ ਸੰਘਣੀ ਧੁੰਦ ਕਾਰਨ ਸੜਕ ਹਾਦਸੇ ਵਧ ਜਾਂਦੇ ਹਨ। ਧੁੰਦ ਵਿੱਚ ਟਰੈਕਟਰ-ਟਰਾਲੀਆਂ, ਰੇਹੜੀਆਂ, ਸਾਈਕਲਾਂ ਅਤੇ ਹੋਰ ਵਾਹਨ ਦੂਰੋਂ ਨਜ਼ਰ ਨਹੀਂ ਆਉਂਦੇ, ਜਿਸ ਕਾਰਨ ਵੱਡੇ ਹਾਦਸੇ ਹੋ ਜਾਂਦੇ ਹਨ। ਇਸ ਲਈ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਪੁਲਿਸ ਦੇ ਸਹਿਯੋਗ ਨਾਲ ਵਾਹਨਾਂ ’ਤੇ ਮੁਫ਼ਤ ਰਿਫਲੈਕਟਰ ਲਗਾਉਣ ਦੀ ਮੁਹਿੰਮ ਚਲਾਈ ਜਾਵੇਗੀ। ਇਸ ਮੁਹਿੰਮ ਤਹਿਤ ਖਾਸ ਕਰਕੇ ਪਿੰਡਾਂ ਤੋਂ ਸ਼ਹਿਰ ਆਉਣ ਵਾਲੇ ਟਰੈਕਟਰ-ਟਰਾਲੀ ਚਾਲਕਾਂ, ਆਟੋ ਚਾਲਕਾਂ ਅਤੇ ਈ-ਰਿਕਸ਼ਾ ਚਾਲਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਏ.ਐਸ.ਆਈ. ਪ੍ਰੇਮ ਸਿੰਘ, ਏ.ਐਸ.ਆਈ. ਗੁਰਪਿਆਰ ਸਿੰਘ ਵੀ ਹਾਜ਼ਰ ਸਨ।

ਜੀਐਨਪੀਐਸ ਸੀਨੀਅਰ ਵਿੰਗ ਦਾ ਸਾਲਾਨਾ ਸਮਾਗਮ ਵਿਰਸੇ, ਸੱਭਿਆਚਾਰ ਅਤੇ ਪ੍ਰਾਪਤੀਆਂ ਦੇ ਰੰਗਾਂ ਨਾਲ ਮਨਾਇਆ



ਲੁਧਿਆਣਾ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਗੁਰੂ ਨਾਨਕ ਪਬਲਿਕ ਸਕੂਲ, ਸਰਾਭਾ ਨਗਰ ਵਿਖੇ ਸੀਨੀਅਰ ਵਿੰਗ ਦਾ ਸਾਲਾਨਾ ਸਮਾਗਮ ਉਤਸ਼ਾਹ ਅਤੇ ਸੱਭਿਆਚਾਰਕ ਰੰਗਾਂ ਨਾਲ ਮਨਾਇਆ ਗਿਆ।

ਇਸ ਮੌਕੇ ਰਾਜ ਸਭਾ ਮੈਂਬਰ ਪਦਮ ਸ਼੍ਰੀ ਡਾ. ਵਿਕਰਮਜੀਤ ਸਿੰਘ ਸਾਹਨੀ ਅਤੇ ਡਾ. ਮਨੋਜ ਕੁਮਾਰ, ਐਡੀਸ਼ਨਲ ਡਾਇਰੈਕਟਰ ਜਨਰਲ, ਡੀਜੀਜੀਆਈ ਲੁਧਿਆਣਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਸਮਾਗਮ ਦੀ ਸ਼ੁਰੂਆਤ ਸ਼ਬਦ ਗਾਇਨ ਅਤੇ ਜੋਤੀ ਪ੍ਰਚੰਡ ਕਰਕੇ ਕੀਤੀ ਗਈ।

ਇਸ ਦੌਰਾਨ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਵਿਦਿਆਰਥੀਆਂ ਨੂੰ ਵਿੱਦਿਅਕ ਉੱਤਮਤਾ ਦੇ ਨਾਲ ਨੈਤਿਕ ਕਦਰਾਂ-ਕੀਮਤਾਂ ਅਤੇ ਆਪਣੇ ਵਿਰਸੇ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ। ਡਾ. ਮਨੋਜ ਕੁਮਾਰ ਨੇ ਵਿਦਿਆਰਥੀਆਂ ਨੂੰ ਪੜ੍ਹਨ ਦੀ ਆਦਤ ਵਿਕਸਿਤ ਕਰਨ ਅਤੇ ਚੰਗਾ ਸਾਹਿਤ ਪੜ੍ਹਨ ਦਾ ਸੰਦੇਸ਼ ਦਿੱਤਾ। ਸ. ਗੁਰਮੀਤ ਸਿੰਘ ਕੁਲਾਰ ਨੇ ਵੀ ਸਕੂਲ ਵੱਲੋਂ ਮਿਆਰੀ ਸਿੱਖਿਆ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਵਿਦਿਆਰਥੀਆਂ ਦੀਆਂ ਵਿੱਦਿਅਕ, ਖੇਡਾਂ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ ਵਿੱਚ ਪ੍ਰਾਪਤੀਆਂ ਨੂੰ ਪੇਸ਼ ਕੀਤਾ ਗਿਆ। ਸਮਾਗਮ ਦਾ ਮੁੱਖ ਆਕਰਸ਼ਣ ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਦੀ ਮਹਾਨ ਕੁਰਬਾਨੀ ਨੂੰ ਸਮਰਪਿਤ ਨਾਟਕੀ ਪੇਸ਼ਕਾਰੀ ‘ਧੰਨ ਮਾਤਾ ਗੁਜਰੀ ਜੀ’ ਰਹੀ, ਜਿਸ ਨੇ ਹਾਜ਼ਰੀਨ ਨੂੰ ਭਾਵੁਕ ਕਰ ਦਿੱਤਾ।

ਸਕੂਲ ਦੀ ਪ੍ਰਿੰਸੀਪਲ ਡਾ. ਗਿਨਾਕਸ਼ੀ ਕਪੂਰ ਨੇ ਮਾਪਿਆਂ ਦੀ ਬੱਚਿਆਂ ਦੇ ਚਰਿੱਤਰ ਨਿਰਮਾਣ ਵਿੱਚ ਅਹਿਮ ਭੂਮਿਕਾ ’ਤੇ ਜ਼ੋਰ ਦਿੰਦਿਆਂ ‘ਜੀਨਾ ਇਸੀ ਕਾ ਨਾਮ ਹੈ’ ਪ੍ਰੋਗਰਾਮ ਸ਼ੁਰੂ ਕਰਨ ਦਾ ਐਲਾਨ ਕੀਤਾ, ਜਿਸ ਤਹਿਤ ਮਾਪੇ ਵਿਦਿਆਰਥੀਆਂ ਨਾਲ ਆਪਣੇ ਜੀਵਨ ਦੇ ਤਜਰਬੇ ਅਤੇ ਸਿੱਖਿਆਵਾਂ ਸਾਂਝੀਆਂ ਕਰਨਗੇ।

ਅੰਤ ਵਿੱਚ ਸਕੂਲ ਪ੍ਰਬੰਧਕਾਂ ਵੱਲੋਂ ਮਹਿਮਾਨਾਂ, ਮਾਪਿਆਂ ਅਤੇ ਸਮਾਗਮ ਨੂੰ ਸਫਲ ਬਣਾਉਣ ਵਾਲੇ ਸਾਰੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ। ਸਮਾਗਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ।

ਅਮਨ ਅਰੋੜਾ ਵੱਲੋਂ 'ਪੰਜਾਬ ਇਨਵੈਸਟਰ ਸਰਕਲ 2.0' ਦੀ ਸ਼ੁਰੂਆਤ; 28 ਸਟਾਰਟਅੱਪਸ ਨੂੰ 1.17 ਕਰੋੜ ਰੁਪਏ ਦੀ ਸੀਡ ਗ੍ਰਾਂਟ ਵੰਡੀ

➢ ਪੰਜਾਬ ਵਿੱਚ ਸਟਾਰਟਅੱਪਸ ਦੀ ਗਿਣਤੀ 5 ਸਾਲਾਂ ਦੌਰਾਨ 36 ਤੋਂ ਵਧ ਕੇ 404 ਹੋਈ ➢ 222 ਸਟਾਰਟਅੱਪਸ ਨੂੰ 6.8 ਕਰੋੜ ਰੁਪਏ ਵੰਡੇ, ਨਵੀਂ ਸਟਾਰਟਅੱਪ ਨੀਤੀ 2026 ਤਹਿਤ 15 ਲੱਖ ਰੁਪਏ ਤੱਕ ਦੀ ਸੀਡ ਗ੍ਰਾਂਟ ਦਿੱਤੀ ਜਾ ਰਹੀ: ਉਦਯੋਗ ਮੰਤਰੀ

ਚੰਡੀਗੜ੍ਹ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਦੇ ਖੋਜ ਅਤੇ ਨਵੀਨਤਾ-ਅਧਾਰਤ ਵਿਕਾਸ ਨੂੰ ਵੱਡਾ ਹੁਲਾਰਾ ਦਿੰਦਿਆਂ ਪੰਜਾਬ ਦੇ ਉਦਯੋਗ ਤੇ ਵਣਜ ਮੰਤਰੀ ਸ੍ਰੀ ਅਮਨ ਅਰੋੜਾ ਨੇ 'ਪੰਜਾਬ ਇਨਵੈਸਟਰ ਸਰਕਲ' ਦੇ ਪਹਿਲੇ ਪੜਾਅ ਦੀ ਸ਼ੁਰੂਆਤ ਤੋਂ ਮਹਿਜ਼ ਚਾਰ ਮਹੀਨਿਆਂ ਦੇ ਅੰਦਰ ਹੀ ਅੱਜ ਇਸ ਦੇ ਦੂਜੇ ਐਡੀਸ਼ਨ ਦਾ ਆਗਾਜ਼ ਕੀਤਾ। ਇਸ ਮੌਕੇ ਉਨ੍ਹਾਂ ਸੂਬੇ ਦੇ ਸਟਾਰਟਅੱਪ ਈਕੋਸਿਸਟਮ ਨੂੰ ਹੁਲਾਰਾ ਦੇਣ ਲਈ 28 ਸਟਾਰਟਅੱਪਸ ਨੂੰ 1.17 ਕਰੋੜ ਰੁਪਏ ਦੀ ਸੀਡ ਗ੍ਰਾਂਟ ਵੀ ਵੰਡੀ।

ਇੱਥੇ ਇੱਕ ਹੋਟਲ ਵਿਖੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਕਿਹਾ, ਪੰਜਾਬ ਹੁਣ ਆਈ.ਟੀ. ਸੇਵਾਵਾਂ, ਸਿਹਤ ਸੰਭਾਲ ਤੇ ਜੀਵ ਵਿਗਿਆਨ, ਖੇਤੀਬਾੜੀ, ਖੁਰਾਕ ਤੇ ਪੀਣ ਵਾਲੇ ਪਦਾਰਥਾਂ ਅਤੇ ਸਿੱਖਿਆ ਖੇਤਰ ਦੇ ਸੈਂਕੜੇ ਸਟਾਰਟਅੱਪਸ ਦਾ ਕੇਂਦਰ ਬਣ ਚੁੱਕਾ ਹੈ, ਜਿਨ੍ਹਾਂ ਵਿੱਚੋਂ 50 ਫ਼ੀਸਦੀ ਦੀ ਅਗਵਾਈ ਮਹਿਲਾ ਡਾਇਰੈਕਟਰਾਂ ਵੱਲੋਂ ਕੀਤੀ ਜਾ ਰਹੀ ਹੈ। ਜੁਲਾਈ ਮਹੀਨੇ ਅਸੀਂ ਆਈ.ਐਨ.ਐਸ.ਟੀ. ਮੋਹਾਲੀ ਵਿਖੇ ਇਸ ਮੰਚ ਦੀ ਸ਼ੁਰੂਆਤ ਕੀਤੀ ਸੀ ਅਤੇ ਚਾਰ ਮਹੀਨਿਆਂ ਦੇ ਅੰਦਰ ਹੀ ਅਸੀਂ ਇਸ ਦਾ ਦੂਜਾ ਐਡੀਸ਼ਨ ਲੈ ਕੇ ਆਏ ਹਾਂ। ਇਹ ਮਹਿਜ਼ ਇੱਕ ਸਮਾਗਮ ਨਹੀਂ ਹੈ, ਬਲਕਿ ਸਾਡੇ ਸਟਾਰਟਅੱਪਸ ਅਤੇ ਕੈਪੀਟਲ ਦਰਮਿਆਨ ਨਿਰੰਤਰ ਤਾਲਮੇਲ ਬਣਾਉਣ ਦੀ ਸਾਡੀ ਵਚਨਬੱਧਤਾ ਹੈ।

ਉੱਦਮੀਆਂ ਨੂੰ ਵਧਾਈ ਦਿੰਦਿਆਂ ਉਦਯੋਗ ਮੰਤਰੀ ਨੇ ਦੱਸਿਆ ਕਿ ਪੰਜਾਬ ਦਾ ਸਟਾਰਟਅੱਪ ਈਕੋਸਿਸਟਮ ਸਾਲ 2021-22 ਦੇ ਮਹਿਜ਼ 36 ਸਟਾਰਟਅੱਪਸ ਤੋਂ ਵਧ ਕੇ ਸਾਲ 2026 ਵਿੱਚ 404 ਤੱਕ ਪਹੁੰਚ ਗਿਆ ਹੈ ਅਤੇ ਹੁਣ ਤੱਕ 222 ਸਟਾਰਟਅੱਪਸ ਨੂੰ 6.80 ਕਰੋੜ ਰੁਪਏ ਦੀ ਸੀਡ ਫੰਡਿੰਗ ਕੀਤੀ ਜਾ ਚੁੱਕੀ ਹੈ। ਐਸ.ਆਰ.ਐਫ. 4.0 ਅਤੇ 5.0 ਵਿੱਚ ਮੋਹਰੀ ਪ੍ਰਦਰਸ਼ਨ ਕਰਨ ਵਾਲੇ ਵਜੋਂ ਮਾਨਤਾ ਹਾਸਲ ਕਰਨ ਵਾਲੇ ਪੰਜਾਬ ਨੇ 'ਪੰਜਾਬ ਸਟਾਰਟਅੱਪ ਨੀਤੀ 2026' ਰਾਹੀਂ ਆਪਣੇ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਹੈ, ਜਿਸ ਤਹਿਤ ਦੋ ਕਿਸ਼ਤਾਂ ਵਿੱਚ 15 ਲੱਖ ਰੁਪਏ ਤੱਕ ਦੀ ਸੀਡ ਗ੍ਰਾਂਟ, ਵਿਆਜ ਅਤੇ ਲੀਜ਼ ਕਿਰਾਏ 'ਤੇ ਸਬਸਿਡੀ ਅਤੇ ਸਰਕਾਰੀ ਖਰੀਦ ਵਿੱਚ ਤਰਜੀਹ ਦਿੱਤੀ ਜਾ ਰਹੀ ਹੈ। 350 ਤੋਂ ਵੱਧ ਆਊਟਰੀਚ ਗਤੀਵਿਧੀਆਂ, ਪੰਜਾਬ ਇਨਵੈਸਟਰ ਸਰਕਲ ਅਤੇ ਸਟਾਰਟਅੱਪ ਪੰਜਾਬ ਹੱਬ - ਨਿਊਰੋਨ 2.0 ਦੇ ਜ਼ਰੀਏ ਸੂਬੇ ਨੇ ਫੰਡਿੰਗ, ਇਨਕਿਊਬੇਸ਼ਨ ਅਤੇ ਉਦਯੋਗਿਕ ਸਾਂਝੇਦਾਰੀ ਦਾ ਮਜ਼ਬੂਤ ਤੰਤਰ ਕਾਇਮ ਕੀਤਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਵਿੱਚ ਅਥਾਹ ਉੱਦਮੀ ਸਮਰੱਥਾ ਹੈ ਅਤੇ ਸਰਕਾਰ ਉਨ੍ਹਾਂ ਦੇ ਨਵੀਨਤਾਕਾਰੀ ਵਿਚਾਰਾਂ ਨੂੰ ਸਫ਼ਲ ਉੱਦਮਾਂ ਵਿੱਚ ਬਦਲਣ ਲਈ ਵਿੱਤੀ ਸਹਾਇਤਾ, ਸੰਸਥਾਗਤ ਮਦਦ, ਮਾਰਗਦਰਸ਼ਨ ਅਤੇ ਬਾਜ਼ਾਰ ਤੱਕ ਪਹੁੰਚ ਮੁਹੱਈਆ ਕਰਵਾਉਣ 'ਤੇ ਪੂਰਾ ਧਿਆਨ ਕੇਂਦਰਿਤ ਕਰ ਰਹੀ ਹੈ।

ਉਦਯੋਗ ਮੰਤਰੀ ਨੇ ਕਿਹਾ, ਪੰਜਾਬ ਦਾ ਮਜ਼ਬੂਤ ਉਦਯੋਗਿਕ ਆਧਾਰ, ਹੁਨਰਮੰਦ ਮਨੁੱਖੀ ਸ਼ਕਤੀ, ਮੋਹਰੀ ਵਿਦਿਅਕ ਤੇ ਖੋਜ ਸੰਸਥਾਵਾਂ ਅਤੇ ਨਿਵੇਸ਼ਕਾਂ ਦੀ ਸਹੂਲਤ ਵਾਲਾ ਪ੍ਰਗਤੀਸ਼ੀਲ ਢਾਂਚਾ ਸਟਾਰਟਅੱਪਸ ਨੂੰ ਨਵੀ ਖੋਜ ਕਰਨ, ਕਾਰੋਬਾਰ ਦਾ ਵਿਸਥਾਰ ਕਰਨ ਅਤੇ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਮੁਕਾਬਲਾ ਕਰਨ ਲਈ ਢੁਕਵਾਂ ਮਾਹੌਲ ਪ੍ਰਦਾਨ ਕਰਦਾ ਹੈ।

ਸਮਾਗਮ ਦੌਰਾਨ ਆਪਣੇ ਪ੍ਰੋਜੈਕਟ ਪੇਸ਼ ਕਰਨ ਵਾਲੇ ਸੰਸਥਾਪਕਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਕਿਹਾ, ਛੋਟਾ ਨਹੀਂ ਬਲਕਿ ਵੱਡਾ ਸੋਚੋ। ਗਲੋਬਲ ਕੰਪਨੀਆਂ ਅਤੇ ਯੂਨੀਕੋਰਨ ਬਣਨ ਦਾ ਟੀਚਾ ਮਿੱਥੋ। ਜਦੋਂ ਤੁਸੀਂ ਕਾਮਯਾਬ ਹੁੰਦੇ ਹੋ, ਤਾਂ ਤੁਸੀਂ ਪੰਜਾਬ ਦੀ ਨੁਮਾਇੰਦਗੀ ਕਰਦੇ ਹੋ, ਸਾਡੀ ਪਛਾਣ ਨੂੰ ਅੱਗੇ ਵਧਾਉਂਦੇ ਹੋ ਅਤੇ ਸੂਬੇ ਦੇ ਬ੍ਰਾਂਡ ਅੰਬੈਸਡਰ ਬਣਦੇ ਹੋ।



'ਪੰਜਾਬ ਇਨਵੈਸਟਰ ਸਰਕਲ' ਦਾ ਮੁੱਖ ਆਕਰਸ਼ਣ 'ਇਨਵੈਸਟਰ ਪਿੱਚਿੰਗ ਸੈਸ਼ਨ' ਸੀ, ਜਿੱਥੇ 10 ਅਹਿਮ ਸਟਾਰਟਅੱਪਸ ਨੇ ਨਿਵੇਸ਼ਕਾਂ ਅਤੇ ਮਾਹਰ ਜਿਊਰੀ ਅੱਗੇ ਆਪਣੇ ਨਵੀਨਤਾਕਾਰੀ ਕਾਰੋਬਾਰੀ ਮਾਡਲ ਅਤੇ ਤਕਨਾਲੋਜੀਆਂ ਪੇਸ਼ ਕੀਤੀਆਂ। ਇਸ ਸੈਸ਼ਨ ਨੇ ਸਟਾਰਟਅੱਪਸ ਨੂੰ ਸੰਭਾਵੀ ਨਿਵੇਸ਼ਕਾਂ ਨਾਲ ਸਿੱਧਾ ਜੁੜਨ, ਫੰਡਿੰਗ ਭਾਈਵਾਲੀ ਦੀਆਂ ਸੰਭਾਵਨਾਵਾਂ ਤਲਾਸ਼ਣ, ਮਾਹਿਰਾਂ ਦੇ ਸੁਝਾਅ ਲੈਣ ਅਤੇ ਭਵਿੱਖ ਦੇ ਵਿਕਾਸ ਲਈ ਆਪਣੀ ਨਿਵੇਸ਼ਕ ਪਹੁੰਚ ਨੂੰ ਮਜ਼ਬੂਤ ਕਰਨ ਦਾ ਮੌਕਾ ਪ੍ਰਦਾਨ ਕੀਤਾ।

ਇਨ੍ਹਾਂ ਸਟਾਰਟਅੱਪਸ ਦੌਰਾਨ ਆਰਟੀਫਿਸ਼ੀਅਲ ਇੰਟੈਲੀਜੈਂਸ , ਰੋਬੋਟਿਕਸ, ਐਡਵਾਂਸਡ ਮਟੀਰੀਅਲ, ਬਾਇਓਟੈਕਨਾਲੋਜੀ, ਹੈਲਥ-ਟੈਕ, ਟਿਕਾਊ ਤਕਨਾਲੋਜੀਆਂ, ਸਮਾਰਟ ਨਿਰਮਾਣ, ਅਤਿ-ਆਧੁਨਿਕ ਐਜੂ-ਟੈਕ (ਸਿੱਖਿਆ ਤਕਨਾਲੋਜੀ) ਅਤੇ ਐਗਰੀ-ਬਾਇਓਟੈਕ ਵਰਗੇ ਖੇਤਰਾਂ ਵਿੱਚ ਨਵੀਨਤਮ ਕਾਢਾਂ ਦਾ ਪ੍ਰਦਰਸ਼ਨ ਕੀਤਾ ਗਿਆ। ਇਹ ਪੰਜਾਬ ਦੀ 'ਡੀਪ-ਟੈਕ' ਖੋਜ, ਤਕਨਾਲੋਜੀ ਦੇ ਵਪਾਰੀਕਰਨ ਅਤੇ ਉੱਭਰਦੀਆਂ ਉਦਯੋਗਿਕ ਤੇ ਸਮਾਜਿਕ ਲੋੜਾਂ ਲਈ ਵਿਸਤਾਰਯੋਗ ਹੱਲ ਪ੍ਰਦਾਨ ਕਰਨ ਵਿੱਚ ਵਧ ਰਹੀ ਸਮਰੱਥਾ ਦਾ ਪ੍ਰਤੱਖ ਪ੍ਰਮਾਣ ਹੈ।

ਇਸ ਦੇ ਨਾਲ ਹੀ ਕਰਵਾਈ ਗਈ ਇੱਕ 'ਨਵੀਨਤਾ ਪ੍ਰਦਰਸ਼ਨੀ' ਰਾਹੀਂ ਪੰਜਾਬ ਦੇ ਉੱਭਰਦੇ ਉੱਦਮਾਂ ਦੀ ਵਿਭਿੰਨਤਾ ਅਤੇ ਤਕਨੀਕੀ ਸਮਰੱਥਾਵਾਂ ਨੂੰ ਹੋਰ ਉਜਾਗਰ ਕੀਤਾ। ਪ੍ਰਦਰਸ਼ਕਾਂ ਨੇ ਉੱਨਤ ਸਮੱਗਰੀ ਅਤੇ ਸਮਾਰਟ ਟੈਕਸਟਾਈਲ, ਟਿਕਾਊ ਨਿਰਮਾਣ, ਖੁਰਾਕ ਅਤੇ ਖੇਤੀ-ਤਕਨਾਲੋਜੀ, ਪੋਸ਼ਣ ਵਿਗਿਆਨ, ਏਆਈ-ਅਧਾਰਤ ਸਿੱਖਿਆ ਤਕਨਾਲੋਜੀ, ਰੋਬੋਟਿਕਸ ਅਤੇ ਇੰਟਰਐਕਟਿਵ ਲਰਨਿੰਗ ਸਲਿਊਸ਼ਨਜ਼ ਬਾਰੇ ਨਵੀਨਤਮ ਜਾਣਕਾਰੀ ਸਾਂਝੀ ਕੀਤੀ।

ਇਸ ਦੌਰਾਨ 'ਸਟਾਰਟਅੱਪ ਪੰਜਾਬ' ਨੇ ਆਪਣੇ 'ਜ਼ੋਹੋ ਫਾਰ ਸਟਾਰਟਅੱਪਸ' ਪ੍ਰੋਗਰਾਮ ਤਹਿਤ 'ਜ਼ੋਹੋ ਕਾਰਪੋਰੇਸ਼ਨ' ਨਾਲ ਇੱਕ ਸਮਝੌਤਾ ਪੱਤਰ (ਐਮਓਯੂ) ਵੀ ਸਹੀਬੱਧ ਕੀਤਾ। ਇਸ ਸਹਿਯੋਗ ਤਹਿਤ ਯੋਗ ਰਜਿਸਟਰਡ ਸਟਾਰਟਅੱਪਸ ਨੂੰ 1.86 ਲੱਖ ਰੁਪਏ ਤੱਕ ਦੇ 'ਜ਼ੋਹੋ ਵੈਲਿਟ ਕ੍ਰੈਡਿਟ' ਦਿੱਤੇ ਜਾਣਗੇ, ਜਿਸ ਨਾਲ ਉਹ ਡਿਜੀਟਲ ਕਾਰੋਬਾਰੀ ਹੱਲਾਂ ਤੱਕ ਪਹੁੰਚ ਕਰ ਸਕਣਗੇ, ਆਪਣੇ ਕੰਮਕਾਜ ਨੂੰ ਸੁਚਾਰੂ ਬਣਾ ਸਕਣਗੇ ਅਤੇ ਆਪਣੀਆਂ ਸਮਰੱਥਾਵਾਂ ਨੂੰ ਹੋਰ ਬਿਹਤਰ ਕਰ ਸਕਣਗੇ। ਸਮਾਗਮ ਦੌਰਾਨ ਪੰਜਾਬ ਦੇ ਵਧ ਰਹੇ ਸਹਾਇਕ ਢਾਂਚੇ ਨੂੰ ਵੀ ਉਜਾਗਰ ਕੀਤਾ ਗਿਆ, ਜਿਸ ਵਿੱਚ 25 ਤੋਂ ਵੱਧ ਮਾਨਤਾ ਪ੍ਰਾਪਤ ਇਨਕਿਊਬੇਟਰ ਅਤੇ ਐਕਸਲਰੇਟਰ, ਸਲਾਹਕਾਰਾਂ ਦਾ ਇੱਕ ਮਜ਼ਬੂਤ ਨੈੱਟਵਰਕ ਅਤੇ ਆਈਆਈਟੀ ਰੋਪੜ, ਆਈਆਈਐਸਈਆਰ ਮੋਹਾਲੀ, ਆਈਐਸਬੀ ਮੋਹਾਲੀ, ਪਲਾਕਸ਼ਾ ਯੂਨੀਵਰਸਿਟੀ, ਪੀਏਯੂ, ਗਡਵਾਸੂ ਅਤੇ ਥਾਪਰ ਇੰਸਟੀਚਿਊਟ ਨਾਲ ਸਾਂਝੇਦਾਰੀ ਸ਼ਾਮਲ ਹੈ।

ਉਦਯੋਗ ਅਤੇ ਵਣਜ ਵਿਭਾਗ ਦੇ ਪ੍ਰਸ਼ਾਸਕੀ ਸਕੱਤਰ, ਡਾ. ਬਸੰਤ ਗਰਗ ਨੇ ਕਿਹਾ ਕਿ 'ਸਟਾਰਟਅੱਪ ਪੰਜਾਬ' ਦੀ 'ਇਨਵੈਸਟਰ ਕੁਨੈਕਟ ਪਹਿਲਕਦਮੀ' ਤਹਿਤ ਸ਼ੁਰੂ ਕੀਤਾ 'ਪੰਜਾਬ ਇਨਵੈਸਟਰ ਸਰਕਲ' ਉਪਰਾਲਾ ਨਵੀਨਤਾਕਾਰੀ ਸਟਾਰਟਅੱਪਾਂ ਨੂੰ ਨਿਵੇਸ਼ਕਾਂ, ਉਦਯੋਗਿਕ ਆਗੂਆਂ ਅਤੇ ਫੰਡਿੰਗ ਸੰਸਥਾਵਾਂ ਨਾਲ ਜੋੜਨ ਲਈ ਇੱਕ ਢੁਕਵਾਂ ਮੰਚ ਹੈ। ਜੁਲਾਈ 2026 ਵਿੱਚ ਆਈ.ਐਨ.ਐਸ.ਟੀ. ਮੋਹਾਲੀ ਵਿਖੇ ਕਰਵਾਏ ਪਹਿਲੇ ਸੰਸਕਰਣ ਤੋਂ ਅਗਾਂਹ ਵਧਦਿਆਂ ਇਸ ਦੇ ਦੂਜੇ ਸੰਸਕਰਣ ਨੇ ਪੰਜਾਬ ਦੀ ਉੱਦਮੀ ਪ੍ਰਤਿਭਾ ਅਤੇ ਨਿਵੇਸ਼ਕ ਭਾਈਚਾਰੇ ਵਿਚਲੇ ਸੰਪਰਕ ਨੂੰ ਹੋਰ ਮਜ਼ਬੂਤ ਕੀਤਾ ਹੈ।

ਉਨ੍ਹਾਂ ਕਿਹਾ ਕਿ ਇਹ ਪਹਿਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨੌਜਵਾਨਾਂ ਦੀ ਅਗਵਾਈ ਵਾਲੇ ਉੱਦਮਾਂ ਨੂੰ ਉਤਸ਼ਾਹਿਤ ਕਰਨ, ਤਕਨਾਲੋਜੀ-ਅਧਾਰਤ ਵਿਕਾਸ ਨੂੰ ਤੇਜ਼ ਕਰਨ, ਨਵੀਨਤਾ ਨੂੰ ਉਤਸ਼ਾਹਿਤ ਕਰਨ ਅਤੇ ਪੰਜਾਬ ਭਰ ਵਿੱਚ ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਸੁਪਨੇ ਨੂੰ ਦਰਸਾਉਂਦੀ ਹੈ।

ਉਨ੍ਹਾਂ ਕਿਹਾ ਕਿ ਪਹਿਲ ਸਟਾਰਟਅੱਪਸ, ਨਿਵੇਸ਼ਕਾਂ ਅਤੇ ਉਦਯੋਗ ਦੇ ਭਾਈਵਾਲਾਂ ਵਿਚਕਾਰ ਜੀਵੰਤ, ਨਿਵੇਸ਼ ਲਈ ਤਿਆਰ ਅਤੇ ਵਿਸ਼ਵ ਪੱਧਰੀ ਸਟਾਰਟਅੱਪ ਨੂੰ ਹੁਲਾਰਾ ਦੇਣ ਲਈ ਸਰਕਾਰ ਦੀ ਵਚਨਬੱਧਤਾ ਦਾ ਸਪੱਸ਼ਟ ਸਬੂਤ ਹੈ।

ਇਸ ਸਮਾਗਮ ਦੌਰਾਨ ਡਾਇਰੈਕਟਰ ਉਦਯੋਗ ਅਤੇ ਵਣਜ ਸ਼੍ਰੀ ਜਸਪ੍ਰੀਤ ਸਿੰਘ, ਪੰਜਾਬ ਵਿੱਤੀ ਕਾਰਪੋਰੇਸ਼ਨ ਦੀ ਮੈਨੇਜਿੰਗ ਡਾਇਰੈਕਟਰ ਸ਼੍ਰੀਮਤੀ ਸੇਨੂ ਦੁੱਗਲ ਅਤੇ ਵਿਭਾਗ ਦੇ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ ।

ਕੈਬਨਿਟ ਨੇ ਸਾਰੇ ਅਗਨੀਵੀਰਾਂ ਨੂੰ ਰੱਖਿਆ ਬਲਾਂ ਵਿੱਚ ਸ਼ਾਮਲ ਕਰਨ ਦਾ ਰਾਹ ਪੱਧਰਾ ਕੀਤਾ

ਨਵੀਂ ਦਿੱਲੀ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਿਛਲੇ ਚਾਰ ਸਾਲਾਂ ਦੌਰਾਨ ਰੱਖਿਆ ਬਲਾਂ ਵੱਲੋਂ ਅਗਨੀਵੀਰਾਂ ਦੇ ਪ੍ਰਦਰਸ਼ਨ ਦੇ ਮੁਲਾਂਕਣ ਨੂੰ ਉਨ੍ਹਾਂ ਦੇ ਸਮੁੱਚੇ ਪ੍ਰਦਰਸ਼ਨ 'ਤੇ ਸਕਾਰਾਤਮਕ ਪ੍ਰਤੀਕਿਰਿਆ ਪ੍ਰਾਪਤ ਹੋਈ। ਪਹਿਲਾਂ ਦੀ ਵਿਵਸਥਾ ਦੇ ਅਨੁਸਾਰ, 25% ਅਗਨੀਵੀਰਾਂ ਨੂੰ ਯੋਗਤਾ ਦੇ ਅਧਾਰ 'ਤੇ ਰੱਖਿਆ ਬਲਾਂ ਵਿੱਚ ਨਿਯਮਿਤ ਸੇਵਾ ਦਾ ਮੌਕਾ ਦਿੱਤਾ ਜਾਵੇਗਾ। ਬਾਕੀ ਅਗਨੀਵੀਰਾਂ ਨੂੰ ਸਵੈ-ਇੱਛਤ ਅਧਾਰ 'ਤੇ ਦੋ ਸਾਲਾਂ ਦੀ ਇੱਕ ਹੋਰ ਸੇਵਾ ਮਿਆਦ ਦਾ ਵਿਕਲਪ ਦਿੱਤਾ ਜਾਵੇਗਾ। ਦੋ ਸਾਲਾਂ ਦੀ ਇਸ ਸੇਵਾ ਮਿਆਦ ਨੂੰ ਪੂਰਾ ਕਰਨ ਤੋਂ ਬਾਅਦ, ਸਾਰੇ ਅਗਨੀਵੀਰਾਂ ਨੂੰ ਉਨ੍ਹਾਂ ਦੀ ਇੱਛਾ 'ਤੇ ਅਤੇ ਨਿਰਧਾਰਿਤ ਚੋਣ ਮਾਪਦੰਡਾਂ ਨੂੰ ਪੂਰਾ ਕਰਨ ਦੀ ਸ਼ਰਤ 'ਤੇ ਨਿਯਮਿਤ ਸਿਪਾਹੀਆਂ ਵਜੋਂ ਭਰਤੀ ਕੀਤਾ ਜਾਵੇਗਾ। ਸੰਗਠਨਾਤਮਕ ਜ਼ਰੂਰਤਾਂ ਅਤੇ ਸੰਚਾਲਨ/ਰਣਨੀਤਕ ਕੁਸ਼ਲਤਾ 'ਤੇ ਉਦੇਸ਼ ਰੱਖਦੇ ਹੋਏ ਇੱਕ ਉਦੇਸ਼ਪੂਰਨ ਮੁਲਾਂਕਣ ਤੋਂ ਸਪੱਸ਼ਟ ਹੋਇਆ ਕਿ ਅਗਨੀਵੀਰਾਂ ਨੇ ਆਪਣੇ ਹੁਨਰ, ਪ੍ਰੇਰਣਾ ਪੱਧਰ, ਸਰੀਰਕ ਸਿਹਤ/ ਤੰਦਰੁਸਤੀ ਅਤੇ ਤਕਨੀਕੀ ਮੁਹਾਰਤ ਦੇ ਮਾਮਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਪਹਿਲਾਂ ਤੋਂ ਸਥਾਪਿਤ ਪ੍ਰਬੰਧ ਦੇ ਅਨੁਸਾਰ, 25 ਪ੍ਰਤੀਸ਼ਤ ਅਗਨੀਵੀਰਾਂ ਨੂੰ ਯੋਗਤਾ ਦੇ ਅਧਾਰ 'ਤੇ ਰੱਖਿਆ ਬਲਾਂ ਵਿੱਚ ਨਿਯਮਿਤ ਸੇਵਾ ਦਾ ਮੌਕਾ ਦਿੱਤਾ ਜਾਵੇਗਾ।

ਇਸ ਤੋਂ ਇਲਾਵਾ, ਭਾਰਤੀ ਰੱਖਿਆ ਬਲਾਂ ਦੀਆਂ ਸਿਫ਼ਾਰਸ਼ਾਂ ਦੇ ਅਧਾਰ ' ਤੇ ਮੰਤਰੀ ਮੰਡਲ ਨੇ ਬਾਕੀ 75 ਪ੍ਰਤੀਸ਼ਤ ਅਗਨੀਵੀਰਾਂ ਲਈ ਦੋ ਸਾਲਾਂ ਦੀ ਵਾਧੂ ਸੇਵਾ ਮਿਆਦ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਵਾਧੂ ਦੋ ਸਾਲਾਂ ਦੀ ਸੇਵਾ ਮਿਆਦ ਪੂਰੀ ਹੋਣ 'ਤੇ , ਸਾਰੇ ਅਗਨੀਵੀਰਾਂ ਨੂੰ ਨਿਯਮਿਤ ਸਿਪਾਹੀਆਂ ਵਜੋਂ ਭਰਤੀ ਹੋਣ ਦਾ ਮੌਕਾ ਦਿੱਤਾ ਜਾਵੇਗਾ, ਜੋ ਕਿ ਉਨ੍ਹਾਂ ਦੀ ਇੱਛਾ ਅਤੇ ਨਿਰਧਾਰਿਤ ਚੋਣ ਮਾਪਦੰਡਾਂ ਨੂੰ ਪੂਰਾ ਕਰਨ ਦੇ ਅਧੀਨ ਹੋਵੇਗਾ।

ਇੱਛੁਕ 75% ਅਗਨੀਵੀਰਾਂ ਲਈ ਦੋ ਸਾਲਾਂ ਦੀ ਵਾਧੂ ਸੇਵਾ ਮਿਆਦ ਸ਼ੁਰੂ ਕਰਨ ਦਾ ਫੈਸਲਾ ਅਗਨੀਵੀਰਾਂ ਦੀਆਂ ਇੱਛਾਵਾਂ ਅਤੇ ਸੰਗਠਨਾਤਮਕ ਕੁਸ਼ਲਤਾ ਵਿਚਕਾਰ ਬਿਹਤਰ ਮੇਲ ਸਥਾਪਿਤ ਕਰਨ ਦੇ ਮੂਲ ਉਦੇਸ਼ ਨਾਲ ਪ੍ਰਾਪਤ ਵਿਸਤ੍ਰਿਤ, ਬਿਹਤਰ ਵਿਚਾਰੇ ਅਤੇ ਤਰਕਸ਼ੀਲ ਮੁਲਾਂਕਣ ਅਤੇ ਫੀਡਬੈਕ ਦੇ ਅਧਾਰ ' ਤੇ ਲਿਆ ਗਿਆ ਹੈ।

ਅਗਨੀਪਥ ਯੋਜਨਾ ਦੀਆਂ ਪ੍ਰਾਪਤੀਆਂ

ਇਸ ਯੋਜਨਾ ਦੇ ਚਾਰ ਸਾਲਾਂ ਬਾਅਦ, ਇਸਦੀ ਪ੍ਰਭਾਵਸ਼ੀਲਤਾ ਅਤੇ ਅਗਨੀਵੀਰਾਂ ਦੇ ਪ੍ਰਦਰਸ਼ਨ ਬਾਰੇ ਵਿਸਤ੍ਰਿਤ ਫੀਡਬੈਕ ਪ੍ਰਾਪਤ ਹੋਈਆਂ ਹਨ। ਅਗਨੀਪਥ ਯੋਜਨਾ ਦੀਆਂ ਕੁਝ ਪ੍ਰਮੁੱਖ ਪ੍ਰਾਪਤੀਆਂ ਇਸ ਪ੍ਰਕਾਰ ਹਨ :

ਦੇਸ਼ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਅਗਨੀਵੀਰਾਂ ਦੀ ਭਰਤੀ ਦਾ ਦਾਇਰਾ ਵਧਿਆ ਹੈ।

ਭਰਤੀ ਪ੍ਰਕਿਰਿਆ ਵਧੇਰੇ ਮਿਆਰੀ ਅਤੇ ਪਾਰਦਰਸ਼ੀ ਹੋ ਗਈ ਹੈ।

ਸਰੀਰਕ ਸਿਹਤ/ਤੰਦਰੁਸਤੀ, ਮਨੋਬਲ, ਪ੍ਰੇਰਣਾ, ਮੁਕਾਬਲੇ ਦੀ ਭਾਵਨਾ ਅਤੇ ਅਨੁਸ਼ਾਸਨ ਬਹੁਤ ਉੱਚੇ ਮਿਆਰਾਂ ਦੇ ਪਾਏ ਗਏ ।

ਸੇਵਾ ਦੌਰਾਨ ਹੁਨਰ, ਤਕਨੀਕੀ ਅਨੁਕੂਲਤਾ ਅਤੇ ਵਿਦਿਅਕ ਯੋਗਤਾਵਾਂ ਵਿੱਚ ਵਾਧਾ ਹੋਇਆ ਹੈ।

ਰੱਖਿਆ ਬਲਾਂ ਦੀਆਂ ਵੱਖ-ਵੱਖ ਸ਼ਾਖਾਵਾਂ ਵਿੱਚ ਔਰਤਾਂ ਲਈ ਮੌਕਿਆਂ ਦੇ ਦਰਵਾਜ਼ੇ ਖੁੱਲ੍ਹੇ ਹਨ।

ਉਪਰੋਕਤ ਪ੍ਰਾਪਤੀਆਂ ਦੇ ਅਧਾਰ 'ਤੇ, ਅਗਨੀਪਥ ਯੋਜਨਾ ਜਾਰੀ ਰਹੇਗੀ। ਅਗਨੀਵੀਰਾਂ ਨੂੰ ਉਨ੍ਹਾਂ ਦੇ ਦੂਜੇ ਸੇਵਾ ਕਾਰਜਕਾਲ ਦੌਰਾਨ ਉੱਚ ਮਿਹਨਤਾਨਾ, ਵਧੇ ਹੋਏ ਸੇਵਾ ਫੰਡ ਪੈਕੇਜ ਅਤੇ ਸੀਨੀਅਰਤਾ ਲਾਭ ਪ੍ਰਦਾਨ ਕੀਤੇ ਜਾਣਗੇ। ਕੈਬਨਿਟ ਨੇ ਦੋ ਸਾਲਾਂ ਦੀ ਵਾਧੂ ਸੇਵਾ ਮਿਆਦ ਸ਼ੁਰੂ ਕਰਕੇ ਅਤੇ ਉਸ ਤੋਂ ਬਾਅਦ ਸਾਰੇ ਅਗਨੀਵੀਰਾਂ ਨੂੰ ਨਿਯਮਿਤ ਸਿਪਾਹੀਆਂ ਵਜੋਂ ਸ਼ਾਮਲ ਕਰਕੇ ਸਾਰੇ ਅਗਨੀਵੀਰਾਂ ਨੂੰ ਰੱਖਿਆ ਬਲਾਂ ਵਿੱਚ ਸਮਾਹਿਤ ਕਰਨ ਦਾ ਰਾਹ ਪੱਧਰਾ ਕਰ ਦਿੱਤਾ ਹੈ ।

ਕੇਂਦਰੀ ਏਜੰਸੀਆਂ ਭਾਜਪਾ ਦੇ ਇਸ਼ਾਰੇ ਉੱਤੇ 'ਆਪ' ਆਗੂਆਂ ਖ਼ਿਲਾਫ਼ ਛਾਪੇ ਮਾਰ ਰਹੀਆਂ ਹਨ, ਪਰ ਕੁਝ ਨਹੀਂ ਲੱਭ ਰਿਹਾ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

➢ ਭਾਜਪਾ ਅਤੇ ਇਸ ਦੀਆਂ ਏਜੰਸੀਆਂ ਜਿੰਨੇ ਮਰਜ਼ੀ ਛਾਪੇ ਮਾਰ ਲੈਣ, ਅਸੀਂ ਪੰਜਾਬ ਦੇ ਲੋਕਾਂ ਲਈ ਕੰਮ ਕਰਨਾ ਨਹੀਂ ਛੱਡਾਂਗੇ ➢ ਕੇਂਦਰ ਸਰਕਾਰ ਸਿਆਸੀ ਬਦਲਾਖ਼ੋਰੀ ਦੀ ਬਜਾਏ ਲੋਕਾਂ ਵੱਲ ਧਿਆਨ ਦੇਵੇ

ਚੰਡੀਗੜ੍ਹ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 'ਆਪ' ਆਗੂਆਂ ਵਿਰੁੱਧ ਕੇਂਦਰੀ ਏਜੰਸੀਆਂ ਦੀਆਂ ਲਗਾਤਾਰ ਛਾਪੇਮਾਰੀਆਂ ਨੂੰ ਲੈ ਕੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਤਿੱਖੇ ਹਮਲੇ ਕਰਦਿਆਂ ਆਖਿਆ ਕਿ ਭਾਜਪਾ ਅਤੇ ਇਸ ਦੀਆਂ ਏਜੰਸੀਆਂ ਭਾਵੇਂ ਜਿੰਨੇ ਮਰਜ਼ੀ ਛਾਪੇ ਮਾਰ ਲੈਣ, ਪਰ ਕੋਈ ਵੀ ਚੀਜ਼ 'ਆਪ' ਸਰਕਾਰ ਨੂੰ ਪੰਜਾਬ ਦੇ ਲੋਕਾਂ ਲਈ ਦਿਨ-ਰਾਤ ਮਿਹਨਤ ਕਰਨ ਤੋਂ ਨਹੀਂ ਰੋਕ ਸਕਦੀ। 'ਆਪ' ਵਿਧਾਇਕ ਡਾ. ਅਮਨਦੀਪ ਕੌਰ ਦੇ ਘਰ ਹੋਈ ਛਾਪੇਮਾਰੀ 'ਤੇ ਪ੍ਰਤੀਕਰਮ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਜਪਾ ਵੱਲੋਂ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰ ਕੇ ਵਿਰੋਧੀ ਆਗੂਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਵਿਰੋਧ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ, ਪਰ ਇਮਾਨਦਾਰੀ ਅਤੇ ਸਮਰਪਣ ਨਾਲ ਲੋਕਾਂ ਦੀ ਸੇਵਾ ਕਰ ਰਹੇ 'ਆਪ' ਆਗੂਆਂ ਵਿਰੁੱਧ ਜਾਂਚ ਏਜੰਸੀਆਂ ਨੂੰ ਕੁੱਝ ਨਹੀਂ ਮਿਲੇਗਾ।

ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਡਰਾਵੇ, ਸਿਆਸੀ ਬਦਲਾਖ਼ੋਰੀ ਅਤੇ ਸਾਜ਼ਿਸ਼ਾਂ ਨਾ ਤਾਂ 'ਆਪ' ਨੂੰ ਕਮਜ਼ੋਰ ਕਰ ਸਕਦੀਆਂ ਹਨ ਅਤੇ ਨਾ ਹੀ ਪੰਜਾਬ ਦੇ ਵਿਕਾਸ ਦੇ ਏਜੰਡੇ ਨੂੰ ਲੀਹੋਂ ਲਾਹ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਸਿਆਸੀ ਬਦਲਾਖ਼ੋਰੀ ਲਈ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰਨ ਦੀ ਬਜਾਏ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਵੱਲ ਧਿਆਨ ਦੇਣਾ ਚਾਹੀਦਾ ਹੈ।

ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿਰੋਧੀ ਆਗੂਆਂ ਨੂੰ ਡਰਾਉਣ ਅਤੇ ਸਰਕਾਰ ਦੀਆਂ ਨੀਤੀਆਂ 'ਤੇ ਸਵਾਲ ਉਠਾਉਣ ਵਾਲਿਆਂ ਦੀ ਆਵਾਜ਼ ਨੂੰ ਚੁੱਪ ਕਰਾਉਣ ਲਈ ਕੇਂਦਰੀ ਜਾਂਚ ਏਜੰਸੀਆਂ ਨੂੰ ਸਿਆਸੀ ਹਥਿਆਰ ਵਜੋਂ ਵਰਤ ਰਹੀ ਹੈ। ਇਹ ਏਜੰਸੀਆਂ ਆਪਣੇ ਸਿਆਸੀ ਮਾਲਕਾਂ ਦੇ ਇਸ਼ਾਰੇ 'ਤੇ ਛਾਪੇ ਮਾਰਨ ਲਈ ਆਜ਼ਾਦ ਹਨ, ਪਰ ਇਨ੍ਹਾਂ ਨੂੰ 'ਆਪ' ਆਗੂਆਂ ਵਿਰੁੱਧ ਕੁੱਝ ਨਹੀਂ ਮਿਲੇਗਾ, ਜੋ ਇਮਾਨਦਾਰੀ ਨਾਲ ਕੰਮ ਕਰ ਰਹੇ ਹਨ ਅਤੇ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾ ਰਹੇ ਹਨ।

ਮੁੱਖ ਮੰਤਰੀ ਨੇ ਆਖਿਆ, ਅਜਿਹੇ ਹਥਕੰਡੇ ਨਾ ਤਾਂ ਆਮ ਆਦਮੀ ਪਾਰਟੀ ਨੂੰ ਡਰਾ ਸਕਦੇ ਹਨ ਅਤੇ ਨਾ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਪ੍ਰਤੀ ਸਾਡੀ ਵਚਨਬੱਧਤਾ ਨੂੰ ਕਮਜ਼ੋਰ ਕਰ ਸਕਦੇ ਹਨ। ਪੰਜਾਬ ਦੇ ਲੋਕਾਂ ਨੇ ਸਾਨੂੰ ਬਦਲਾਅ ਅਤੇ ਵਿਕਾਸ ਲਈ ਫਤਵਾ ਦਿੱਤਾ ਹੈ ਅਤੇ ਸਿਆਸੀ ਧੱਕੇਸ਼ਾਹੀ ਦਾ ਕੋਈ ਵੀ ਹਰਬਾ ਇਸ ਮਿਸ਼ਨ ਨੂੰ ਰੋਕ ਨਹੀਂ ਸਕਦਾ।

ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਘੇਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਿਆਸੀ ਹਿਸਾਬ-ਕਿਤਾਬ ਬਰਾਬਰ ਕਰਨ ਲਈ ਜਾਂਚ ਏਜੰਸੀਆਂ ਦੀ ਵਰਤੋਂ ਕਰਨ ਦੀ ਬਜਾਏ ਕੇਂਦਰ ਸਰਕਾਰ ਨੂੰ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨ 'ਤੇ ਧਿਆਨ ਦੇਣਾ ਚਾਹੀਦਾ ਹੈ। ਸਿਆਸੀ ਸਾਜ਼ਿਸ਼ਾਂ ਅਤੇ ਦਬਾਅ ਦੀਆਂ ਚਾਲਾਂ ਸਾਨੂੰ ਪੰਜਾਬੀਆਂ ਨਾਲ ਕੀਤੇ ਵਾਅਦੇ ਪੂਰੇ ਕਰਨ ਤੋਂ ਪਾਸੇ ਨਹੀਂ ਹਟਾ ਸਕਦੀਆਂ।

ਸਿਆਸੀ ਰੈਲੀਆਂ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਰਾਹੁਲ ਗਾਂਧੀ ਸਮੇਤ ਹਰ ਸਿਆਸੀ ਆਗੂ ਰੈਲੀਆਂ ਕਰਨ ਅਤੇ ਆਪਣੇ ਜਮਹੂਰੀ ਹੱਕਾਂ ਦੀ ਵਰਤੋਂ ਕਰਨ ਲਈ ਪੂਰੀ ਤਰ੍ਹਾਂ ਆਜ਼ਾਦ ਹੈ। ਲੋਕਤੰਤਰ ਵਿਚਾਰ ਪ੍ਰਗਟਾਵੇ ਅਤੇ ਸਿਆਸੀ ਸਰਗਰਮੀਆਂ ਵਿੱਚ ਹਿੱਸਾ ਲੈਣ ਦੀ ਆਜ਼ਾਦੀ ਨਾਲ ਹੀ ਪ੍ਰਫੁੱਲਤ ਹੁੰਦਾ ਹੈ ਅਤੇ ਹਰ ਕਿਸੇ ਨੂੰ ਅਜਿਹਾ ਕਰਨ ਦਾ ਸੰਵਿਧਾਨਕ ਅਧਿਕਾਰ ਪ੍ਰਾਪਤ ਹੈ।

ਇੱਕ ਹੋਰ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ, ਕੇਵਲ ਵਿਧਾਇਕ ਬਣ ਜਾਣਾ ਹੀ ਕਾਫ਼ੀ ਨਹੀਂ ਹੈ। ਚੁਣੇ ਹੋਏ ਨੁਮਾਇੰਦਿਆਂ ਦੀ ਇਹ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਪਾਰਟੀ ਨਾਲ ਮਜ਼ਬੂਤੀ ਨਾਲ ਖੜ੍ਹੇ ਰਹਿਣ, ਇਸ ਦੇ ਅਸੂਲਾਂ ਦੀ ਪਾਲਣਾ ਕਰਨ ਅਤੇ ਜਥੇਬੰਦਕ ਸਰਗਰਮੀਆਂ ਵਿੱਚ ਸਰਗਰਮ ਯੋਗਦਾਨ ਪਾਉਣ। ਸਿਆਸੀ ਜ਼ਿੰਮੇਵਾਰੀ ਸਿਰਫ਼ ਚੋਣ ਜਿੱਤਣ ਤੱਕ ਸੀਮਤ ਨਹੀਂ ਹੁੰਦੀ।

'ਆਪ' ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਾਰੀ ਸਰਕਾਰ ਨੇ ਆਮ ਆਦਮੀ ਕਲੀਨਿਕਾਂ, ਬਿਹਤਰ ਸਰਕਾਰੀ ਸਕੂਲਾਂ ਅਤੇ ਪੂਰੇ ਪੰਜਾਬ ਵਿੱਚ ਦੋ ਹਜ਼ਾਰ ਤੋਂ ਵੱਧ ਖੇਡ ਮੈਦਾਨਾਂ ਦੇ ਵਿਕਾਸ ਰਾਹੀਂ ਲੋਕ ਸੇਵਾ ਦੇ ਖੇਤਰ ਵਿੱਚ ਵੱਡੀ ਤਬਦੀਲੀ ਲਿਆਂਦੀ ਹੈ। ਅਸੀਂ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ, ਮਿਆਰੀ ਸਿੱਖਿਆ ਅਤੇ ਆਧੁਨਿਕ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਲਈ ਲਗਾਤਾਰ ਕੰਮ ਕਰ ਰਹੇ ਹਾਂ।

ਮੁੱਖ ਮੰਤਰੀ ਨੇ ਅੱਗੇ ਕਿਹਾ, ਸਾਡੀ ਸਰਕਾਰ ਨੇ ਸੀਚੇਵਾਲ ਮਾਡਲ ਰਾਹੀਂ ਨਾਲਿਆਂ ਦੀ ਸਫ਼ਾਈ ਦਾ ਕੰਮ ਕੀਤਾ ਹੈ ਅਤੇ ਉਨ੍ਹਾਂ ਖੇਤਰਾਂ ਵਿੱਚ ਨਹਿਰੀ ਪਾਣੀ ਦੀ ਸਹੂਲਤ ਨੂੰ ਬਹਾਲ ਕੀਤਾ ਹੈ, ਜੋ ਦਹਾਕਿਆਂ ਤੱਕ ਇਸ ਜੀਵਨ ਰੇਖਾ ਤੋਂ ਵਾਂਝੇ ਸਨ। ਇਹ ਉਪਰਾਲੇ ਪੁਰਾਣੀਆਂ ਸਮੱਸਿਆਵਾਂ ਹੱਲ ਕਰਨ ਅਤੇ ਵਿਕਾਸ ਦਾ ਲਾਭ ਪੰਜਾਬ ਦੇ ਹਰ ਕੋਨੇ ਤੱਕ ਪਹੁੰਚਾਉਣ ਦੀ ਸਾਡੀ ਵਚਨਬੱਧਤਾ ਨੂੰ ਦਰਸਾਉਂਦੇ ਹਨ।

ਕਿਸਾਨਾਂ ਨੂੰ ਸਵੇਰ ਦੇ ਸਮੇਂ ਮਿਲ ਰਹੀ ਹੈ ਬਿਜਲੀ, ਜਿਸ ਨਾਲ ਮਿਲੀ ਵੱਡੀ ਰਾਹਤ

ਕਿਸਾਨ ਭਾਈਚਾਰੇ ਪ੍ਰਤੀ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਦੇ ਕਿਸਾਨਾਂ ਨੂੰ ਹੁਣ ਸਵੇਰ ਦੇ ਸਮੇਂ ਬਿਜਲੀ ਮਿਲ ਰਹੀ ਹੈ, ਜਿਸ ਨਾਲ ਉਨ੍ਹਾਂ ਨੂੰ ਬਹੁਤ ਵੱਡੀ ਰਾਹਤ ਮਿਲੀ ਹੈ। ਸਾਡੀ ਸਰਕਾਰ ਕਿਸਾਨਾਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਚੰਗੀ ਤਰ੍ਹਾਂ ਸਮਝਦੀ ਹੈ ਅਤੇ ਖੇਤੀਬਾੜੀ ਸਹੂਲਤਾਂ ਨੂੰ ਬਿਹਤਰ ਬਣਾਉਣ ਅਤੇ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ ਕਿ ਉਨ੍ਹਾਂ ਨੂੰ ਕਿਸੇ ਕਿਸਮ ਦੀ ਬੇਲੋੜੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਰੋਜ਼ਾਨਾ ਲਗਪਗ ਦੋ ਹਜ਼ਾਰ ਸ਼ਰਧਾਲੂ ਕਰ ਰਹੇ ਹਨ ਧਾਰਮਿਕ ਸਥਾਨਾਂ ਦੇ ਦਰਸ਼ਨ

ਧਾਰਮਿਕ ਸੈਰ-ਸਪਾਟੇ ਨੂੰ ਹੁਲਾਰਾ ਦੇਣ ਅਤੇ ਤੀਰਥ ਯਾਤਰਾਵਾਂ ਨੂੰ ਸੁਖਾਲਾ ਬਣਾਉਣ ਪ੍ਰਤੀ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਰੋਜ਼ਾਨਾ ਲਗਪਗ 50 ਬੱਸਾਂ ਚੱਲ ਰਹੀਆਂ ਹਨ, ਜਿਨ੍ਹਾਂ ਰਾਹੀਂ ਲਗਪਗ ਦੋ ਹਜ਼ਾਰ ਸ਼ਰਧਾਲੂ ਪੰਜਾਬ ਵਿੱਚ ਅਤੇ ਬਾਹਰ ਸਥਿਤ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰ ਰਹੇ ਹਨ।

ਮੁੱਖ ਮੰਤਰੀ ਨੇ ਅੱਗੇ ਕਿਹਾ, ਸਾਡੀ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਸਮਾਜ ਦੇ ਹਰ ਵਰਗ ਦੇ ਲੋਕ ਪੂਰੇ ਸਨਮਾਨ ਅਤੇ ਸਹੂਲਤ ਨਾਲ ਧਾਰਮਿਕ ਯਾਤਰਾਵਾਂ ਕਰ ਸਕਣ। ਇਸ ਉਪਰਾਲੇ ਦਾ ਮੁੱਖ ਮੰਤਵ ਉਨ੍ਹਾਂ ਸ਼ਰਧਾਲੂਆਂ ਨੂੰ ਸਹੂਲਤ ਦੇਣਾ ਹੈ, ਜੋ ਪਵਿੱਤਰ ਅਸਥਾਨਾਂ ਦੇ ਦਰਸ਼ਨ ਕਰਨਾ ਚਾਹੁੰਦੇ ਹਨ।

ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਵਿੱਚ ਹਾਕੀ ਪ੍ਰਤੀ ਪੰਜਾਬ ਦੀ ਦੀਵਾਨਗੀ ਝਲਕੀ

ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਖੇਡ ਪ੍ਰੇਮੀਆਂ ਨੂੰ ਭਾਰਤ ਅਤੇ ਕੋਰੀਆ ਵਿਚਕਾਰ ਹੋਣ ਵਾਲੇ ਰੋਮਾਂਚਕ ਸੈਮੀਫਾਈਨਲ ਮੁਕਾਬਲੇ ਦੇਖਣ ਦਾ ਖੁੱਲ੍ਹਾ ਸੱਦਾ ਦਿੱਤਾ।

ਮੁੱਖ ਮੰਤਰੀ ਨੇ ਕਿਹਾ, ਟੂਰਨਾਮੈਂਟ ਨੂੰ ਮਿਲ ਰਹੇ ਭਰਵੇਂ ਜਨਤਕ ਹੁੰਗਾਰੇ ਅਤੇ ਅੰਤਰਰਾਸ਼ਟਰੀ ਹਾਕੀ ਦਿੱਗਜ਼ਾਂ ਦੀ ਮੌਜੂਦਗੀ ਨੇ ਇਕ ਵਾਰ ਫਿਰ ਹਾਕੀ ਪ੍ਰਤੀ ਪੰਜਾਬ ਦੇ ਬੇਮਿਸਾਲ ਜਨੂੰਨ ਨੂੰ ਸਾਬਤ ਕਰ ਦਿੱਤਾ ਹੈ। ਪੰਜਾਬ ਦਾ ਖੇਡਾਂ ਦਾ ਅਮੀਰ ਵਿਰਸਾ ਰਿਹਾ ਹੈ ਅਤੇ ਸਾਡੀ ਸਰਕਾਰ ਵਿਸ਼ਵ ਪੱਧਰੀ ਖੇਡ ਬੁਨਿਆਦੀ ਢਾਂਚੇ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਵਾਲੇ ਉਪਰਾਲਿਆਂ ਰਾਹੀਂ ਇਸ ਵਿਰਸੇ ਨੂੰ ਹੋਰ ਮਜ਼ਬੂਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਉਨ੍ਹਾਂ ਅੱਗੇ ਕਿਹਾ, ਪੰਜਾਬ ਦਾ ਖੇਡ ਵਿਰਸਾ, ਆਧੁਨਿਕ ਬੁਨਿਆਦੀ ਢਾਂਚੇ ਅਤੇ ਸਰਕਾਰੀ ਸਹਿਯੋਗ ਨਾਲ ਮਿਲ ਕੇ ਸੂਬੇ ਨੂੰ ਇੱਕ ਪ੍ਰਮੁੱਖ ਖੇਡ ਕੇਂਦਰ ਵਜੋਂ ਉਭਾਰ ਰਿਹਾ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੇ ਨੌਜਵਾਨ ਖੇਡਾਂ ਵਿੱਚ ਮੱਲਾਂ ਮਾਰਨ ਅਤੇ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਪੰਜਾਬ ਦਾ ਨਾਮ ਰੌਸ਼ਨ ਕਰਨ।

ਪੰਜਾਬੀਆਂ ਪ੍ਰਤੀ ਜ਼ਿੰਮੇਵਾਰੀਆਂ ਤੋਂ ਭੱਜਣ ਲਈ ਕਦੇ ਵੀ ਖ਼ਜ਼ਾਨਾ ਖ਼ਾਲੀ ਹੋਣ ਦਾ ਬਹਾਨਾ ਨਹੀਂ ਬਣਾਵਾਂਗੇ

ਲੋਕ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਵਿੱਤੀ ਅੜਿੱਕਿਆਂ ਦੇ ਬਹਾਨੇ ਨੂੰ ਮੁੱਢੋਂ ਖਾਰਜ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਾਡੀ ਸਰਕਾਰ ਲੋਕਾਂ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਬਚਣ ਲਈ ਕਦੇ ਵੀ ਸਰਕਾਰੀ ਖ਼ਜ਼ਾਨਾ ਖ਼ਾਲੀ ਹੋਣ ਦੇ ਬਹਾਨੇ ਪਿੱਛੇ ਨਹੀਂ ਲੁਕੇਗੀ। ਲੋਕ ਭਲਾਈ ਸਾਡੀ ਸਭ ਤੋਂ ਵੱਡੀ ਤਰਜੀਹ ਹੈ ਅਤੇ ਅਸੀਂ ਮੁਲਾਜ਼ਮਾਂ, ਕਿਸਾਨਾਂ, ਨੌਜਵਾਨਾਂ ਅਤੇ ਸਮਾਜ ਦੇ ਹਰ ਵਰਗ ਦੀਆਂ ਉਮੀਦਾਂ ਨੂੰ ਪੂਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ।

ਮੁੱਖ ਮੰਤਰੀ ਨੇ ਦਾਅਵਾ ਕੀਤਾ, ਪੰਜਾਬ ਦੇ ਲੋਕਾਂ ਨੇ ਸਾਨੂੰ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਦੀ ਜ਼ਿੰਮੇਵਾਰੀ ਸੌਂਪੀ ਹੈ ਅਤੇ ਅਸੀਂ ਉਸ ਭਰੋਸੇ 'ਤੇ ਪੂਰਾ ਉਤਰਨ ਲਈ ਦ੍ਰਿੜ੍ਹ ਸੰਕਲਪ ਹਾਂ। ਸਾਡੀ ਸਰਕਾਰ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜੇ ਬਿਨਾਂ ਵਿਸ਼ਾਲ ਲੋਕ ਹਿੱਤ ਵਿੱਚ ਫੈਸਲੇ ਲੈਣਾ ਜਾਰੀ ਰੱਖੇਗੀ।

ਪੰਜਾਬ ਦੇ ਅਕਸ ਨੂੰ ਦਾਗ਼ਦਾਰ ਕਰਨ ਵਾਲੇ ਬਿਆਨਾਂ 'ਤੇ ਸਖ਼ਤ ਇਤਰਾਜ਼ ਜਤਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਉਨ੍ਹਾਂ ਲੋਕਾਂ ਦੀ ਸਖ਼ਤ ਆਲੋਚਨਾ ਕੀਤੀ, ਜੋ ਤੱਥਾਂ ਨੂੰ ਤੋੜ-ਮਰੋੜ ਕੇ ਸੂਬੇ ਅਤੇ ਇਸ ਦੇ ਲੋਕਾਂ ਦੀ ਤਸਵੀਰ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਉਨ੍ਹਾਂ ਕਿਹਾ, ਪੰਜਾਬ ਅਤੇ ਇਸ ਦੇ ਲੋਕ ਸਤਿਕਾਰ ਦੇ ਹੱਕਦਾਰ ਹਨ ਅਤੇ ਤੱਥਾਂ ਨੂੰ ਤੋੜ-ਮਰੋੜ ਕੇ ਉਨ੍ਹਾਂ ਦੇ ਅਕਸ ਨੂੰ ਢਾਹ ਲਾਉਣ ਦੀਆਂ ਕੋਸ਼ਿਸ਼ਾਂ ਬਰਦਾਸ਼ਤਯੋਗ ਨਹੀਂ ਹਨ। ਸਾਡੀ ਸਰਕਾਰ ਪੰਜਾਬੀਆਂ ਦੇ ਹਿੱਤਾਂ ਅਤੇ ਸਨਮਾਨ ਦੀ ਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

40 ਉਮੀਦਵਾਰਾਂ ਦਾ ਐਲਾਨ ਜਥੇਬੰਦਕ ਪ੍ਰਕਿਰਿਆ ਦਾ ਹਿੱਸਾ

ਉਮੀਦਵਾਰਾਂ ਦੇ ਐਲਾਨ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 40 ਉਮੀਦਵਾਰਾਂ ਦਾ ਐਲਾਨ ਚੱਲ ਰਹੀ ਜਥੇਬੰਦਕ ਪ੍ਰਕਿਰਿਆ ਦਾ ਹਿੱਸਾ ਹੈ ਅਤੇ ਬਾਕੀ ਰਹਿੰਦੇ ਨਾਵਾਂ ਦਾ ਐਲਾਨ ਵੀ ਸਮਾਂ ਆਉਣ 'ਤੇ ਕਰ ਦਿੱਤਾ ਜਾਵੇਗਾ।

ਪੰਜਾਬ ਦੀ ਤਰੱਕੀ ਪ੍ਰਤੀ 'ਆਪ' ਸਰਕਾਰ ਦਾ ਸੰਕਲਪ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਆਖਿਆ, ਸਾਡੀ ਸਰਕਾਰ ਹਰ ਪੰਜਾਬੀ ਦੇ ਜੀਵਨ ਮਿਆਰ ਨੂੰ ਉੱਚਾ ਚੁੱਕਣ ਲਈ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੇਗੀ। ਸਿਆਸੀ ਵਿਰੋਧੀ, ਸਾਜ਼ਿਸ਼ਾਂ ਦਾ ਸਹਾਰਾ ਲੈ ਸਕਦੇ ਹਨ ਅਤੇ ਦਬਾਅ ਬਣਾਉਣ ਲਈ ਕੇਂਦਰੀ ਏਜੰਸੀਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ, ਪਰ ਸਾਡਾ ਧਿਆਨ ਪੂਰੀ ਤਰ੍ਹਾਂ ਵਿਕਾਸ, ਲੋਕ ਭਲਾਈ ਅਤੇ ਵਾਅਦਿਆਂ ਨੂੰ ਪੂਰਾ ਕਰਨ 'ਤੇ ਹੀ ਕੇਂਦਰਿਤ ਰਹੇਗਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੇ ਸੰਬੋਧਨ ਦੇ ਅੰਤ ਵਿੱਚ ਕਿਹਾ, ਪੰਜਾਬ ਦੇ ਲੋਕਾਂ ਨੇ ਸਾਨੂੰ ਤਬਦੀਲੀ ਲਿਆਉਣ ਲਈ ਫਤਵਾ ਦਿੱਤਾ ਹੈ ਅਤੇ ਅਸੀਂ ਉਨ੍ਹਾਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਲਈ ਇਮਾਨਦਾਰੀ, ਸਮਰਪਣ ਅਤੇ ਦ੍ਰਿੜ੍ਹ ਇਰਾਦੇ ਨਾਲ ਕੰਮ ਕਰਦੇ ਰਹਾਂਗੇ। ਕੋਈ ਵੀ ਸਿਆਸੀ ਦਬਾਅ ਜਾਂ ਸਾਜ਼ਿਸ਼ ਇੱਕ ਤਰੱਕੀਸ਼ੀਲ ਅਤੇ ਖ਼ੁਸ਼ਹਾਲ ਪੰਜਾਬ ਬਣਾਉਣ ਦੇ ਸਾਡੇ ਸੰਕਲਪ ਨੂੰ ਕਮਜ਼ੋਰ ਨਹੀਂ ਕਰ ਸਕਦੀ।

28 ਸਾਲਾ ਪੰਜਾਬੀ ਦੀ ਟਰੇਨ ਹੇਠ ਕਾਰਨ ਨਾਲ ਮੌਤ

ਬਰੈਂਪਟਨ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕੈਨੇਡਾ ਦੇ ਬਰੈਂਪਟਨ ਸ਼ਹਿਰ ਤੋਂ ਇੱਕ ਬਹੁਤ ਹੀ ਦੁੱਖਦਾਈ ਖ਼ਬਰ ਸਾਹਮਣੇ ਆਈ ਹੈ ਜਿੱਥੇ ਟਰੇਨ ਹੇਠ ਆਉਣ ਕਾਰਨ ਪੰਜਾਬ ਦੇ ਜ਼ਿਲ੍ਹਾ ਤਰਨਤਾਰਨ ਦੇ ਕਸਬਾ ਪੱਟੀ ਨਾਲ ਸਬੰਧਤ 28 ਸਾਲਾ ਪਰਵਾਸੀ ਨੌਜਵਾਨ ਸਿਮਰਨਜੀਤ ਸਿੰਘ ਦੀ ਅਚਾਨਕ ਮੌਤ ਹੋ ਗਈ।

ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਸਿਮਰਨਜੀਤ ਸਿੰਘ ਪਿਛਲੇ ਪੰਜ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਕੈਨੇਡਾ 'ਚ ਰਹਿ ਰਿਹਾ ਸੀ। ਉਹ ਉੱਥੇ ਰੋਜ਼ੀ-ਰੋਟੀ ਦੇ ਸਿਲਸਿਲੇ 'ਚ ਟਰੱਕਿੰਗ ਖੇਤਰ (ਟਰੱਕ ਡਰਾਈਵਿੰਗ/ਟਰਾਂਸਪੋਰਟ ਸਰਵਿਸ) 'ਚ ਕੰਮ ਕਰ ਰਿਹਾ ਸੀ।

ਦੱਸਿਆ ਜਾ ਰਿਹਾ ਹੈ ਕਿ ਸਿਮਰਨਜੀਤ ਸਿੰਘ 31 ਅਕਤੂਬਰ ਨੂੰ ਆਪਣੇ ਘਰੋਂ ਨਿਕਲਿਆ ਸੀ, ਪਰ ਜਦੋਂ ਉਹ ਕਾਫ਼ੀ ਸਮਾਂ ਬੀਤਣ ਤੋਂ ਬਾਅਦ ਵੀ ਵਾਪਿਸ ਘਰ ਨਾ ਆਇਆ ਤਾਂ ਪਰਿਵਾਰ ਅਤੇ ਨੇੜਲੇ ਸਾਥੀਆਂ ਨੂੰ ਚਿੰਤਾ ਹੋਈ।

ਦੀਵਿਆਂ ਦੀ ਲੋਅ ਨਾਲ ਵਾਤਾਵਰਨ ਸੰਭਾਲ ਦਾ ਸੁਨੇਹਾ, ਵਿਦਿਆਰਥੀਆਂ ਨੇ ਸਿਰਜੀ ਹਰੀ ਦੀਵਾਲੀ



ਜੈਤੋਂ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਐਚਐਸਐਨ ਸਕੂਲ ਆਫ ਐਮੀਨੈਂਸੀ ਜੈਤੋ ਵਿਖੇ ਪ੍ਰਿੰਸੀਪਲ ਸ੍ਰੀਮਤੀ ਅਮਰਜੀਤ ਕੌਰ ਦੀ ਅਗਵਾਈ ਹੇਠ ਈਕੋ ਕਲੱਬ ਦੇ ਵਿਦਿਆਰਥੀਆਂ ਵੱਲੋਂ ਹਰੀ ਦੀਵਾਲੀ ਦੇ ਸੰਕਲਪ ਨੂੰ ਸਮਰਪਿਤ ਵਿਸ਼ੇਸ਼ ਗਤੀਵਿਧੀ ਕਰਵਾਈ ਗਈ। ਇਸ ਮੌਕੇ ਵਿਦਿਆਰਥੀਆਂ ਨੇ ਆਪਣੀ ਸਿਰਜਣਾਤਮਕ ਪ੍ਰਤਿਭਾ ਦਾ ਪ੍ਰਗਟਾਵਾ ਕਰਦਿਆਂ ਆਪਣੇ ਹੱਥੀਂ ਵਾਤਾਵਰਨ ਪੱਖੀ ਸਜਾਵਟੀ ਸਮਾਨ ਤਿਆਰ ਕੀਤਾ।

ਵਿਦਿਆਰਥੀਆਂ ਵੱਲੋਂ ਤਿਆਰ ਕੀਤੇ ਪੌਦੇ, ਖ਼ੂਬਸੂਰਤ ਰੰਗਾਂ ਨਾਲ ਸਜਾਈਆਂ ਬੋਤਲਾਂ ਅਤੇ ਦੀਵੇ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇ। ਇਸ ਮੌਕੇ ਵਿਦਿਆਰਥੀਆਂ ਨੇ ਆਪਣਾ ਤਿਆਰ ਕੀਤਾ ਸਮਾਨ ਅਧਿਆਪਕਾਂ ਨੂੰ ਵੇਚਿਆ।

ਇਸ ਗਤੀਵਿਧੀ ਰਾਹੀਂ ਵਿਦਿਆਰਥੀਆਂ ਨੂੰ ਸਵੈ-ਨਿਰਭਰਤਾ, ਮਿਹਨਤ ਦੀ ਕਦਰ ਅਤੇ ਰਚਨਾਤਮਕ ਸੋਚ ਦੀ ਮਹੱਤਤਾ ਬਾਰੇ ਵਿਹਾਰਕ ਅਨੁਭਵ ਪ੍ਰਾਪਤ ਹੋਇਆ।

ਇਸ ਉਪਰਾਲੇ ਦਾ ਮੁੱਖ ਮਕਸਦ ਦੀਵਾਲੀ ਦੇ ਤਿਉਹਾਰ ਨੂੰ ਵਾਤਾਵਰਨ ਪੱਖੀ ਢੰਗ ਨਾਲ ਮਨਾਉਣ, ਪੌਦਿਆਂ ਦੀ ਮਹੱਤਤਾ ਸਮਝਾਉਣ ਅਤੇ ਮੁੜ ਵਰਤੋਂ ਯੋਗ ਵਸਤਾਂ ਨੂੰ ਨਵੀਂ ਦਿੱਖ ਦੇ ਕੇ ਉਨ੍ਹਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਸੀ।

ਇਸ ਗਤੀਵਿਧੀ ਨੇ ਇਹ ਸੁਨੇਹਾ ਦਿੱਤਾ ਕਿ ਤਿਉਹਾਰਾਂ ਦੀ ਅਸਲ ਖ਼ੁਸ਼ੀ ਪ੍ਰਦੂਸ਼ਣ ਫੈਲਾਉਣ ਵਿੱਚ ਨਹੀਂ, ਸਗੋਂ ਕੁਦਰਤ ਨਾਲ ਸਾਂਝ ਪਾ ਕੇ ਖ਼ੁਸ਼ੀਆਂ ਵੰਡਣ ਵਿੱਚ ਹੈ। ਇਸ ਸਮੂਹ ਅਧਿਆਪਕ ਵਰਗ ਤੋਂ ਇਲਾਵਾ ਅਧਿਆਪਕ ਰਜਿੰਦਰ ਸਿੰਘ ਨੇ ਬੱਚਿਆਂ ਦੀ ਮਿਹਨਤ ਨੂੰ ਸ਼ਲਾਘਾਯੋਗ ਕਦਮ ਦੱਸਿਆ।

ਸਮੁੰਦਰਾਂ 'ਚ ਤੇਜ਼ੀ ਨਾਲ ਵਧੇਗਾ ਪਾਣੀ ਦਾ ਪੱਧਰ

ਜਨੇਵਾ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਅੰਤਰ-ਰਾਸ਼ਟਰੀ ਜਲਵਾਯੂ ਪਹਿਲ ਇੰਟਰਨੈਸ਼ਨਲ ਕ੍ਰਾਇਓਸਫ਼ੀਅਰ ਕਲਾਈਮੇਟ ਇਨੀਸ਼ੀਏਟਿਵ (ICCI) ਅਤੇ ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਦੀ ਇੱਕ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਨੇੜਲੇ ਭਵਿੱਖ 'ਚ ਧਰਤੀ ਦੇ ਤਾਪਮਾਨ ਦੇ 1.5 ਡਿਗਰੀ ਸੈਲਸੀਅਸ ਦੀ ਸੀਮਾ ਨੂੰ ਅਸਥਾਈ ਤੌਰ 'ਤੇ ਪਾਰ ਕਰਨ ਦਾ ਅਸਰ ਇੱਥੇ ਦੀਆਂ ਬਰਫ਼ ਦੀਆਂ ਚਾਦਰਾਂ ਅਤੇ ਗਲੇਸ਼ੀਅਰਾਂ 'ਤੇ ਪਵੇਗਾ। ਰਿਪੋਰਟ ਦੇ ਮੁੱਖ ਲੇਖਕਾਂ 'ਚੋਂ ਇੱਕ ਨੇ ਸੋਮਵਾਰ ਨੂੰ ਕਿਹਾ ਕਿ ਇਹ ਸੰਕਟ ਸਾਡੇ ਬਹੁਤ ਨੇੜੇ ਹੈ ਅਤੇ ਇਹ ਦੂਰ-ਦੁਰਾਡੇ ਦੇ ਇਲਾਕਿਆਂ ਤਕ ਹੀ ਸੀਮਿਤ ਨਹੀਂ।

ਇੱਕ ਇੰਟਰਵਿਊ 'ਚ ICCI ਦੇ ਮੁੱਖ ਵਿਗਿਆਨੀ ਅਤੇ ਇਸ ਰਿਪੋਰਟ ਦਾ ਤਾਲਮੇਲ ਕਰਨ ਵਾਲੇ ਮੁੱਖ ਲੇਖਕ ਜੇਮਜ਼ ਕਿਰਕਹਮ ਨੇ ਕਿਹਾ ਕਿ ਤਾਪਮਾਨ 'ਚ ਹੋਰ ਵਾਧੇ ਨਾਲ ਇਸ ਦੇ ਕਈ ਪ੍ਰਭਾਵ ਕਾਫ਼ੀ ਗੰਭੀਰ ਹੋ ਜਾਣਗੇ ਅਤੇ ਉਨ੍ਹਾਂ 'ਚੋਂ ਕੁੱਝ ਦੇ ਲੰਬੇ ਸਮੇਂ ਤਕ ਬਣੇ ਰਹਿਣ ਦਾ ਖ਼ਤਰਾ ਹੈ। ICCI ਨੇ ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ (UNEP) ਦੇ ਤਾਲਮੇਲ ਨਾਲ ਓਵਰਸ਼ੂਟ ਐਂਡ ਦਾ ਕ੍ਰਾਇਓਸਫ਼ੀਅਰ ਨਾਮੀ ਇਹ ਰਿਪੋਰਟ ਤਿਆਰ ਕੀਤੀ ਹੈ। ਇਹ UNEP ਦੀ ਹਾਲੀਆ ਰਿਪੋਰਟ ਲਿਮਿਟਿੰਗ ਓਵਰਸ਼ੂਟ ਦੀ ਪੂਰਕ ਰਿਪੋਰਟ ਹੈ।

ਲਿਮਿਟਿੰਗ ਓਵਰਸ਼ੂਟ ਰਿਪੋਰਟ 'ਚ ਚਿਤਾਵਨੀ ਦਿੱਤੀ ਗਈ ਹੈ ਕਿ ਅਗਲੇ ਕੁੱਝ ਸਾਲਾਂ 'ਚ ਵਿਸ਼ਵ-ਵਿਆਪੀ ਤਾਪਮਾਨ ਅਸਥਾਈ ਤੌਰ 'ਤੇ ਪੂਰਵ-ਉਦਯੋਗਿਕ ਪੱਧਰਾਂ ਦੇ ਮੁਕਾਬਲੇ 1.5 ਡਿਗਰੀ ਸੈਲਸੀਅਸ ਸੀਮਾ ਤੋਂ ਪਾਰ ਹੋ ਸਕਦਾ ਹੈ। ਉੱਥੇ ਹੀ ਓਵਰਸ਼ੂਟ ਐਂਡ ਦਾ ਕ੍ਰਾਇਓਸਫ਼ੀਅਰ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਤਾਪਮਾਨ ਦੇ ਇਸ ਸੀਮਾ ਤੋਂ ਉੱਪਰ ਜਾਣ, ਸਿਖਰ 'ਤੇ ਪਹੁੰਚਣ ਅਤੇ ਫ਼ਿਰ ਘਟਣ ਦਾ ਧਰਤੀ ਦੇ ਕ੍ਰਾਇਓਸਫ਼ੀਅਰ 'ਤੇ ਕੀ ਅਸਰ ਪਵੇਗਾ। ਕ੍ਰਾਇਓਸਫ਼ੀਅਰ 'ਚ ਧਰਤੀ ਦੀ ਸਤਿਹ ਦੇ ਉਹ ਹਿੱਸੇ ਸ਼ਾਮਿਲ ਹਨ ਜਿੱਥੇ ਪਾਣੀ ਠੋਸ ਅਤੇ ਜੰਮੇ ਹੋਏ ਰੂਪ 'ਚ ਮੌਜੂਦ ਹੁੰਦਾ ਹੈ ਜਿਵੇਂ ਗਲੇਸ਼ੀਅਰ, ਬਰਫ਼ ਦੀਆਂ ਚਾਦਰਾਂ ਅਤੇ ਸਮੁੰਦਰੀ ਬਰਫ਼ ਆਦਿ।

ਕਿਰਕਹਮ ਨੇ ਦੱਸਿਆ, "ਆਉਣ ਵਾਲੇ ਦਹਾਕਿਆਂ 'ਚ ਸਮੁੰਦਰ ਦਾ ਪੱਧਰ ਵਧਣ ਨਾਲ ਕਰੋੜਾਂ ਲੋਕ ਪ੍ਰਭਾਵਿਤ ਹੋਣਗੇ। ਸਮੁੰਦਰ ਦੇ ਜਲ ਪੱਧਰ 'ਚ ਤੇਜ਼ੀ ਨਾਲ ਹੋ ਰਹੇ ਵਾਧੇ ਕਾਰਨ ਇਸ ਦਾ ਅਨੁਕੂਲ ਹੋਣਾ ਇੱਕ ਵੱਡੀ ਚੁਣੌਤੀ ਬਣ ਜਾਵੇਗਾ। ਪਹਾੜੀ ਗਲੇਸ਼ੀਅਰਾਂ ਦੇ ਪਿਘਲਣ ਨਾਲ ਪਾਣੀ ਦੀ ਕਮੀ ਅਤੇ ਕੁਦਰਤੀ ਆਫ਼ਤਾਂ ਦਾ ਖ਼ਤਰਾ ਵੀ ਵੱਧ ਰਿਹਾ ਹੈ। ਉਦਾਹਰਨ ਲਈ ਅਗਸਤ 'ਚ ਨੇਪਾਲ 'ਚ ਪਹਾੜ ਦਾ ਇੱਕ ਹਿੱਸਾ ਢਹਿਣ ਅਤੇ ਗਲੇਸ਼ੀਅਰ ਦੇ ਕਾਰਨ ਆਏ ਹੜ੍ਹ 'ਚ ਹਜ਼ਾਰਾਂ ਲੋਕਾਂ ਦੀ ਜਾਨ ਚਲੀ ਗਈ। ਇਸ ਇੱਕ ਘਟਨਾ ਨਾਲ ਦੇਸ਼ ਨੂੰ ਇੰਨਾ ਨੁਕਸਾਨ ਹੋਇਆ ਜੋ ਉਸ ਦੀ GDP ਦੇ 10 ਫ਼ੀਸਦੀ ਦੇ ਬਰਾਬਰ ਸੀ।"

ਉਨ੍ਹਾਂ ਕਿਹਾ ਕਿ ਸਮੁੰਦਰੀ ਬਰਫ਼ ਪਿਘਲਣਾ ਭਿਆਨਕ ਮੌਸਮ ਦੀਆਂ ਘਟਨਾਵਾਂ ਦਾ ਕਾਰਨ ਬਣ ਸਕਦਾ ਹੈ ਜਿਸ 'ਚ ਸੋਕਾ, ਹੜ੍ਹ ਅਤੇ ਜੰਗਲ ਦੀ ਅੱਗ ਵਰਗੀਆਂ ਆਫ਼ਤਾਂ ਸ਼ਾਮਿਲ ਹਨ। ਇਸ ਗਰਮੀ 'ਚ ਦੁਨੀਆਂ ਦੇ ਕਈ ਹਿੱਸਿਆਂ 'ਚ ਅਜਿਹੀਆਂ ਘਟਨਾਵਾਂ ਦੇਖਣ ਨੂੰ ਮਿਲੀਆਂ ਹਨ। ਕਿਰਕਹਮ 20 ਦੇਸ਼ਾਂ ਦੇ ਇੱਕ ਉੱਚ ਪੱਧਰੀ ਸਮੂਹ ਐਮਬਿਸ਼ਨ ਔਨ ਮੈਲਟਿੰਗ ਆਈਸ (AMI) ਦੇ ਵਿਗਿਆਨ ਸਲਾਹਕਾਰ ਵੀ ਹਨ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਗਲੋਬਲ ਪ੍ਰਭਾਵ ਪਹਿਲੇ ਦੀ ਦਿੱਸਣ ਲੱਗੇ ਹਨ ਅਤੇ ਹਰ ਕਿਸੇ ਨੂੰ ਪ੍ਰਭਾਵਿਤ ਕਰ ਰਹੇ ਹਨ।

ਉਨ੍ਹਾਂ ਦੱਸਿਆ ਕਿ ਪਹਾੜੀ ਇਲਾਕਿਆਂ 'ਚ ਖ਼ਤਰਿਆਂ ਦਾ ਵਧਣਾ ਅਤੇ ਹੇਠਲੀ ਇਲਾਕਿਆਂ 'ਤ ਉਸ ਦਾ ਅਸਰ ਨਜ਼ਦੀਕੀ ਭਵਿੱਖ ਲਈ ਇੱਕ ਬਹੁਤ ਵੱਡਾ ਜੋਖ਼ਮ ਹੈ। ਆਉਣ ਵਾਲੇ ਦਹਾਕਿਆਂ 'ਚ ਇਸ ਸਮੱਸਿਆ ਨਾਲ ਨਜਿੱਠਣ ਲਈ ਤੁਰੰਤ ਕਦਮ ਚੁੱਕਣ ਦੀ ਲੋੜ ਹੈ। ਉਨ੍ਹਾਂ ਕਿਹਾ, "2026 'ਚ ਨੇਪਾਲ ਅਤੇ 2023 'ਚ ਸਿੱਕਮ ਦੀਆਂ ਤਸਵੀਰਾਂ ਦੇਖ ਕੇ ਮੈਨੂੰ ਡੂੰਘਾ ਧੱਕਾ ਲੱਗਾ ਪਰ ਹੈਰਾਨੀ ਨਹੀਂ ਹੋਈ। ਅਜਿਹਾ ਇਸ ਲਈ ਹੈ ਕਿਉਂਕਿ ਜਿਵੇਂ-ਜਿਵੇਂ ਤਾਪਮਾਨ ਵੱਧ ਰਿਹਾ ਹੈ ਪਹਾੜ ਅਸਥਿਰ ਹੁੰਦੇ ਜਾ ਰਹੇ ਹਨ ਜਿਸ ਨਾਲ ਹੜ੍ਹਾਂ ਅਤੇ ਇਸ ਤਰ੍ਹਾਂ ਦੀਆਂ ਹੋਰ ਘਟਨਾਵਾਂ ਦਾ ਖ਼ਦਸ਼ਾ ਵੱਧ ਗਿਆ ਹੈ।

ਪੁਨਰਵਾਸ ਲਈ UK ਨੇ ਖੋਲ੍ਹੇ ਤਿੰਨ ਨਵੇਂ ਕਾਨੂੰਨੀ ਰਸਤੇ

ਲੰਡਨ, 10 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਇੰਗਲਿਸ਼ ਚੈਨਲ ਰਾਹੀਂ ਹੋਣ ਵਾਲੀ ਗ਼ੈਰ-ਕਾਨੂੰਨੀ ਘੁਸਪੈਠ ਅਤੇ ਮਾਨਵੀ ਤਸਕਰੀ ਨੂੰ ਨੱਥ ਪਾਉਣ ਲਈ UK ਸਰਕਾਰ ਨੇ ਇੱਕ ਵੱਡੀ ਅਤੇ ਇਤਿਹਾਸਕ ਇਮੀਗ੍ਰੇਸ਼ਨ ਨੀਤੀ ਦਾ ਐਲਾਨ ਕੀਤਾ ਹੈ। UK ਦੇ ਹੋਮ ਔਫ਼ਿਸ ਮੰਤਰੀ ਐਨਾ ਟਰਲੀ ਨੇ ਦੇਸ਼ 'ਚ ਸ਼ਰਨਾਰਥੀਆਂ ਨੂੰ ਸੁਰੱਖਿਅਤ ਅਤੇ ਕਾਨੂੰਨੀ ਤਰੀਕੇ ਨਾਲ ਵਸਾਉਣ ਲਈ ਤਿੰਨ ਨਵੇਂ ਰੂਟਾਂ ਦੀ ਘੋਸ਼ਣਾ ਕੀਤੀ ਹੈ। ਇਹ ਨਵਾਂ ਪ੍ਰੋਗਰਾਮ Canada ਦੇ ਸਫ਼ਲ Private Sponsorship System ਤੋਂ ਪ੍ਰੇਰਿਤ ਹੈ ਜਿਸ 'ਚ ਸਰਕਾਰ ਦੀ ਬਜਾਏ ਸਥਾਨਕ ਸੰਸਥਾਵਾਂ ਅਤੇ ਰੁਜ਼ਗਾਰਦਾਤਾ ਸ਼ਰਨਾਰਥੀਆਂ ਦੇ ਪੁਨਰਵਾਸ ਦੀ ਜ਼ਿੰਮੇਵਾਰੀ ਚੁੱਕਣਗੇ। UK ਦੇ ਗ੍ਰਹਿ ਵਿਭਾਗ ਮੁਤਾਬਿਕ ਇਸ ਯੋਜਨਾ ਤਹਿਤ ਮੁੱਖ ਤੌਰ 'ਤੇ ਤਿੰਨ ਰਾਹ ਖੋਲ੍ਹੇ ਗਏ ਹਨ। ਪਹਿਲਾ ਨੇਮਡ ਕਮਿਊਨਿਟੀ ਸਪੌਂਸਰਸ਼ਿਪ, ਜਿਸ 'ਚ UK ਦੀਆਂ ਰੈਜਿਸਟਰਡ ਚੈਰਿਟੀਆਂ ਅਤੇ ਸਥਾਨਕ ਗਰੁੱਪ ਸ਼ਰਨਾਰਥੀਆਂ ਦੀ ਰਿਹਾਇਸ਼ ਅਤੇ ਸਮਾਜਿਕ ਤਾਲਮੇਲ 'ਚ ਮਦਦ ਕਰਨਗੇ। ਦੂਜਾ ਰੈਫ਼ਿਊਜੀ ਸਟੱਡੀ ਰੂਟ ਜਿਸ ਤਹਿਤ UK ਦੀਆਂ ਯੂਨੀਵਰਸਿਟੀਆਂ ਯੋਗ ਸ਼ਰਨਾਰਥੀਆਂ ਨੂੰ ਉੱਚ ਸਿਖਿਆ ਲਈ ਸਪੌਂਸਰ ਕਰ ਸਕਣਗੀਆਂ। ਤੀਜਾ ਅਤੇ ਸੱਭ ਤੋਂ ਅਹਿਮ ਰੈਫ਼ਿਊਜੀ ਵਰਕ ਰੂਟ ਹੈ ਜਿਸ ਰਾਹੀਂ ਬ੍ਰਿਟੇਨ ਦੇ ਕਾਰੋਬਾਰੀ ਅਤੇ ਰੁਜ਼ਗਾਰਦਾਤਾ ਹੁਨਰਮੰਦ ਸ਼ਰਨਾਰਥੀਆਂ ਨੂੰ ਸਿੱਧੀਆਂ ਨੌਕਰੀਆਂ ਦੀ ਪੇਸ਼ਕਸ਼ ਕਰ ਕੇ UK ਲਿਆ ਸਕਣਗੇ। ਇਸ ਕਾਨੂੰਨੀ ਰਸਤੇ ਰਾਹੀਂ ਆਉਣ ਵਾਲੇ ਸ਼ਰਨਾਰਥੀਆਂ ਨੂੰ UK ਪਹੁੰਚਣ 'ਤੇ ਤੁਰਤ ਪੰਜ ਸਾਲਾਂ ਲਈ ਰਹਿਣ ਅਤੇ ਕੰਮ ਕਰਨ ਦੀ ਇਜਾਜ਼ਤ ਦਿਤੀ ਜਾਵੇਗੀ। ਇਹ ਪੰਜ ਸਾਲ ਪੂਰੇ ਹੋਣ ਤੋਂ ਬਾਅਦ ਉਨ੍ਹਾਂ ਕੋਲ UK ਦੀ ਪੱਕੀ ਰਿਹਾਇਸ਼ ਹਾਸਲ ਕਰਨ ਦਾ ਸਿੱਧਾ ਅਤੇ ਸੁਰੱਖਿਅਤ ਰਸਤਾ ਹੋਵੇਗਾ। ਸਰਕਾਰ ਦਾ ਮੰਨਣਾ ਹੈ ਕਿ ਇਸ ਨਾਲ ਗ਼ੈਰ-ਕਾਨੂੰਨੀ ਢੰਗ ਨਾਲ ਆਉਣ ਵਾਲਿਆਂ ਦੇ ਮੁਕਾਬਲੇ ਕਾਨੂੰਨੀ ਤੌਰ 'ਤੇ ਆਉਣ ਵਾਲਿਆਂ ਨੂੰ ਬਿਹਤਰ ਭਵਿੱਖ ਮਿਲੇਗਾ।

ਸ਼ੁਰੂਆਤੀ ਦੌਰ 'ਚ ਇਹ ਸਕੀਮ ਸਿਰਫ਼ ਭਾਰਤ, ਬੰਗਲਾਦੇਸ਼, ਪਾਕਿਸਤਾਨ, ਮਿਸਰ, ਕੀਨੀਆ, ਮਲੇਸ਼ੀਆ ਅਤੇ ਯੂਗੈਂਡਾ ਲਈ ਹੈ। ਬਿਨੈਕਾਰ ਅਪਣੇ ਮੂਲ ਦੇਸ਼ ਤੋਂ ਬਾਹਰ ਕਿਸੇ ਹੋਰ ਮੁਲਕ 'ਚ ਸ਼ਰਨਾਰਥੀ ਵਜੋਂ ਰਹਿ ਰਿਹਾ ਹੋਵੇ। ਬਿਨੈਕਾਰ ਦਾ 1 ਅਕਤੂਬਰ 2026 ਤੋਂ ਪਹਿਲਾਂ UHNCR ਜਾਂ ਸਥਾਨਕ ਪ੍ਰਸ਼ਾਸਨ ਕੋਲ ਰੈਜਿਸਟਰਡ ਹੋਣਾ ਲਾਜ਼ਮੀ ਹੈ। UK ਹੋਮ ਔਫ਼ਿਸ ਵਲੋਂ ਸਾਰੇ ਬਿਨੈਕਾਰਾਂ ਦੇ ਪਿਛੋਕੜ ਅਤੇ ਸੁਰੱਖਿਆ ਦੀ ਸਖ਼ਤ ਜਾਂਚ ਕੀਤੀ ਜਾਵੇਗੀ। ਕਮਿਊਨਿਟੀ ਅਤੇ ਸਟੱਡੀ ਰੂਟਾਂ ਲਈ UK ਦੀਆਂ ਸੰਸਥਾਵਾਂ ਦੀ ਰੈਜਿਸਟ੍ਰੇਸ਼ਨ ਅਕਤੂਬਰ ਦੇ ਅਖ਼ੀਰ 'ਚ ਸ਼ੁਰੂ ਹੋ ਚੁਕੀ ਹੈ। ਨੌਕਰੀਆਂ ਵਾਲੇ ਰੂਟ ਲਈ ਅਰਜ਼ੀਆਂ ਅਗਲੇ ਸਾਲ ਬਸੰਤ ਰੁਤ 'ਚ ਸ਼ੁਰੂ ਹੋਣਗੀਆਂ। ਕਾਨੂੰਨੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਪਹਿਲੇ ਸ਼ਰਨਾਰਥੀ ਅਗਲੇ ਸਾਲ ਪੱਤਝੜ ਤਕ UK ਪਹੁੰਚਣਗੇ। ਸ਼ੁਰੂਆਤੀ ਸਾਲ 'ਚ ਕੋਟਾ ਸਿਰਫ਼ ਕੁੱਝ 100 ਸ਼ਰਨਾਰਥੀਆਂ ਤਕ ਹੀ ਸੀਮਿਤ ਰੱਖਿਆ ਜਾਵੇਗਾ ਜਿਸ ਨੂੰ ਹੌਲੀ-ਹੌਲੀ ਵਧਾਇਆ ਜਾਵੇਗਾ। ਹੋਮ ਔਫ਼ਿਸ ਨੇ ਸਾਫ਼ ਕੀਤਾ ਹੈ ਕਿ ਇਹ ਤਿੰਨ ਨਵੇਂ ਰੂਟ UK ਦੀ ਮੌਜੂਦਾ UK Resettlement Scheme ਦੇ ਨਾਲ-ਨਾਲ ਚੱਲਣਗੇ। ਪੁਰਾਣੀ ਸਕੀਮ ਤਹਿਤ ਅਫ਼ਗ਼ਾਨਿਸਤਾਨ ਦੀਆਂ ਮਹਿਲਾਵਾਂ, ਲੜਕੀਆਂ ਅਤੇ ਗਾਜ਼ਾ ਦੀ ਜੰਗ ਤੋਂ ਪੀੜਤ ਫ਼ਲਸਤੀਨੀਆਂ ਵਰਗੇ ਸੱਭ ਤੋਂ ਵੱਧ ਕਮਜ਼ੋਰ ਅਤੇ ਖ਼ਤਰੇ ਵਾਲੇ ਵਰਗਾਂ ਨੂੰ ਪਹਿਲ ਦੇ ਆਧਾਰ 'ਤੇ ਸ਼ਰਣ ਦੇਣ ਦਾ ਕੰਮ ਨਿਰੰਤਰ ਜਾਰੀ ਰਹੇਗਾ।

ਪਲਾਸਟਿਕ ਨੋਟ ਬਾਜ਼ਾਰ 'ਚ ਲਿਆਉਣ ਦੀ ਤਿਆਰੀ ਜ਼ੋਰਾਂ 'ਤੇ, 10-20 ਰੁਪਏ ਦੀ ਕਰੰਸੀ ਤੇ ਟਰਾਇਲ ਕਰੇਗਾ ਰਿਜ਼ਰਵ ਬੈਂਕ

ਕੌਮੀ ਪਤ੍ਰਿਕਾ

ਬਿਜ਼ਨੈੱਸ ਡੈਸਕ 10 ਨਵੰਬਰ। ਭਾਰਤੀ ਰਿਜ਼ਰਵ ਬੈਂਕ ਜਲਦੀ ਹੀ ਦੇਸ਼ ਵਿੱਚ ਪਲਾਸਟਿਕ ਕਰੰਸੀ ਸ਼ੁਰੂ ਕਰਨ ਵੱਲ ਇੱਕ ਵੱਡਾ ਕਦਮ ਚੁੱਕ ਸਕਦਾ ਹੈ। ਰਿਪੋਰਟਾਂ ਅਨੁਸਾਰ, RBI 1 ਅਪ੍ਰੈਲ, 2027 ਤੋਂ ਪਲਾਸਟਿਕ ਦੇ 10 ਅਤੇ 20 ਰੁਪਏ ਦੇ ਨੋਟਾਂ ਦਾ ਫੀਲਡ ਟ?ਰਾਇਲ ਸ਼ੁਰੂ ਕਰ ਸਕਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਇਨ੍ਹਾਂ ਨਵੇਂ ਨੋਟਾਂ ਦਾ ਆਕਾਰ ਮੌਜੂਦਾ ਕਾਗਜ਼ੀ ਨੋਟਾਂ ਦੇ ਸਮਾਨ ਰੱਖਣ ਦੀ ਯੋਜਨਾ ਹੈ। ਇਸ ਨਾਲ ਬੈਂਕਾਂ ਨੂੰ ATM ਮਸ਼ੀਨਾਂ ਵਿੱਚ ਬਦਲਾਅ ਕਰਨ 'ਤੇ ਵਾਧੂ ਖਰਚਾ ਬਚ ਜਾਵੇਗਾ। ਰਿਪੋਰਟ ਅਨੁਸਾਰ, RBI ਨੋਟਾਂ ਦੀ ਲੰਬਾਈ ਅਤੇ ਚੌੜਾਈ ਇੱਕੋ ਜਿਹੀ ਰੱਖਣ ਦੀ ਯੋਜਨਾ ਬਣਾ ਰਿਹਾ ਹੈ। ਦਰਅਸਲ, ਜੇਕਰ ਨਵੇਂ ਨੋਟਾਂ ਦਾ ਆਕਾਰ ਬਦਲਦਾ ਹੈ, ਤਾਂ ATM ਸੈਂਸਰ, ਨੋਟ ਧਾਰਕ ਅਤੇ ਹੋਰ ਤਕਨੀਕੀ ਵਿਸ਼ੇਸ਼ਤਾਵਾਂ ਨੂੰ ਅਪਡੇਟ ਕਰਨ ਦੀ ਲੋੜ ਹੋ ਸਕਦੀ ਹੈ। ਇਸ ਨਾਲ ਬੈਂਕਾਂ 'ਤੇ ਵਿੱਤੀ ਬੋਝ ਵਧ ਸਕਦਾ ਹੈ। ਨੋਟਾਂ ਦਾ ਆਕਾਰ ਇੱਕੋ ਜਿਹਾ ਰੱਖਣ ਨਾਲ ਬੈਂਕਾਂ ਲਈ ਕਾਫ਼ੀ ਬੱਚਤ ਹੋ ਸਕਦੀ ਹੈ। ਪਹਿਲਾਂ, ਜਦੋਂ 100 ਅਤੇ 200 ਰੁਪਏ ਦੇ ਨਵੇਂ ਨੋਟ ਜਾਰੀ



ਕੀਤੇ ਗਏ ਸਨ, ਤਾਂ ਦੇਸ਼ ਭਰ ਵਿੱਚ ਲਗਭਗ 2.4 ਲੱਖ ATM ਵਿਚ ਬਦਲਾਅ ਕਰਨਾ ਪਿਆ ਸੀ। ਇਸ ਪ੍ਰਕਿਰਿਆ ਨਾਲ ATM ਉਦਯੋਗ ਨੂੰ ਲਗਭਗ 100 ਕਰੋੜ ਰੁਪਏ ਦਾ ਖਰਚਾ ਆਇਆ। ਇੱਕ ਬੈਂਕ ਅਧਿਕਾਰੀ ਅਨੁਸਾਰ, ਜੇਕਰ ਕਿਸੇ ਬੈਂਕ ਕੋਲ 8,500 ਏਟੀਐਮ ਹਨ, ਤਾਂ ਨੋਟਾਂ ਦਾ ਆਕਾਰ ਨਾ ਬਦਲ ਕੇ ਲਗਭਗ 21.25 ਕਰੋੜ ਦੀ ਸ਼ੁਰੂਆਤੀ ਲਾਗਤ ਬਚਾਈ ਜਾ ਸਕਦੀ ਹੈ। ਸ਼ੁਰੂਆਤੀ ਟੈਸਟਿੰਗ ਦੌਰਾਨ, ਬੈਂਕ ਸ਼ਾਖਾਵਾਂ ਵਿੱਚ ਕਾਊਂਟਰ 'ਤੇ ਪਲਾਸਟਿਕ ਨੋਟ ਵੀ ਉਪਲਬਧ ਕਰਵਾਏ ਜਾ ਸਕਦੇ ਹਨ। ਰਿਜ਼ਰਵ ਬੈਂਕ ਆਫ਼ ਇੰਡੀਆ ਨੋਟ ਮੁਦਰਾਨ ਪ੍ਰਾਈਵੇਟ ਲਿਮਟਿਡ ਜੋ ਕਿ RBI ਦੀ ਸਹਾਇਕ ਕੰਪਨੀ ਹੈ, ਨੇ ਇਸ ਪ੍ਰੋਜੈਕਟ ਲਈ ਇੱਕ ਟੈਂਡਰ ਜਾਰੀ ਕੀਤਾ ਹੈ। ਛੇ ਕੰਪਨੀਆਂ ਨੇ ਬੋਲੀ ਜਮ?ਹਾਂ ਕਰਵਾਈ ਹੈ, ਜਿਸ ਵਿੱਚ ਭਾਰਤੀ ਕੰਪਨੀ Uflex ਵੀ ਸ਼ਾਮਲ ਹੈ, ਜਿਸਨੇ ਅਮਰੀਕੀ ਕੰਪਨੀ ਸਪੈਕਟਰਾ ਸਿਸਟਮਜ਼ ਨਾਲ ਭਾਈਵਾਲੀ ਕੀਤੀ ਹੈ। ਟੈਂਡਰ ਤਹਿਤ 10 ਅਤੇ 20 ਰੁਪਏ ਦੇ ਨੋਟਾਂ ਲਈ ਕੁੱਲ 68,000 ਰੀਮ ਵਿਸ਼ੇਸ਼ ਪਲਾਸਟਿਕ ਸ਼ੀਟਾਂ ਖਰੀਦੀਆਂ ਜਾਣਗੀਆਂ। ਇਹ ਸ਼ੀਟਾਂ ਦੋ-ਪੱਖੀ ਅਧਾਰਤ ਪੌਲੀਪ੍ਰੋਪਾਈਲੀਨ ਤੋਂ ਬਣੀਆਂ ਹੋਣਗੀਆਂ। ਬਿਹਤਰ ਛਪਾਈ ਅਤੇ ਆਸਾਨ ਸਿਆਹੀ ਚਿਪਕਣ ਨੂੰ ਯਕੀਨੀ ਬਣਾਉਣ ਲਈ ਉਹਨਾਂ ਨੂੰ ਇੱਕ ਵਿਸ਼ੇਸ਼ ਕੋਟਿੰਗ ਨਾਲ ਲੇਪ ਕੀਤਾ ਜਾਵੇਗਾ। RBI ਦੇ ਗਵਰਨਰ ਸੰਜੇ ਮਲਹੋਤਰਾ ਅਨੁਸਾਰ, ਪਲਾਸਟਿਕ ਨੋਟ ਨਿਯਮਤ ਕਾਗਜ਼ੀ ਨੋਟਾਂ ਨਾਲੋਂ 2 ਤੋਂ 4 ਗੁਣਾ ਜ਼ਿਆਦਾ ਚੱਲ ਸਕਦੇ ਹਨ। ਹਾਲਾਂਕਿ, ਵੱਡੇ ਪੱਧਰ 'ਤੇ ਜਾਰੀ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਭਾਰਤ ਦੇ ਜਲਵਾਯੂ ਅਤੇ ਵਰਤੋਂ ਦੀਆਂ ਸਥਿਤੀਆਂ ਵਿੱਚ ਟੈਸਟ ਕਰਨ ਦੀ ਜ਼ਰੂਰਤ ਹੋਏਗੀ। ਸਰਕਾਰ ਨੇ 10 ਅਤੇ 20 ਰੁਪਏ ਦੇ ਮੁੱਲਾਂ ਵਿੱਚ 1 ਅਰਬ ਪਲਾਸਟਿਕ ਨੋਟਾਂ ਦੇ ਫੀਲਡ ਟ?ਰਾਇਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਆਸਟ?ਰੇਲੀਆ, ਯੂਕੇ, ਕੈਨੇਡਾ, ਨਿਊਜ਼ੀਲੈਂਡ ਅਤੇ ਸਿੰਗਾਪੁਰ ਵਰਗੇ ਦੇਸ਼ ਪਹਿਲਾਂ ਹੀ ਪਲਾਸਟਿਕ ਕਰੰਸੀ ਦੀ ਵਰਤੋਂ ਕਰਦੇ ਹਨ। ਆਸਟ?ਰੇਲੀਆ ਨੇ ਪਹਿਲੀ ਵਾਰ 1988 ਵਿੱਚ ਪਲਾਸਟਿਕ ਨੋਟ ਜਾਰੀ ਕੀਤੇ ਸਨ।

ਸੜਕ ਹਾਦਸੇ 'ਚ ਪਤੀ-ਪਤਨੀ ਦੀ ਗਈ ਜਾਨ ! ਅਦਾਲਤ ਨੇ 1.80 ਕਰੋੜ ਦੇ ਮੁਆਵਜ਼ੇ ਦਾ ਕੀਤਾ ਐਲਾਨ

ਕੌਮੀ ਪਤ੍ਰਿਕਾ

ਠਾਣੇ/ਮੁੰਬਈ 10 ਨਵੰਬਰ। ਮੋਟਰ ਐਕਸੀਡੈਂਟ ਕਲੇਮਜ਼ ਟ੍ਰਿਬਿਊਨਲ ਨੇ 2018 'ਚ ਮੁੰਬਈ-ਪੁਣੇ ਐਕਸਪ੍ਰੈਸਵੇਅ 'ਤੇ ਹੋਏ ਸੜਕ ਹਾਦਸੇ 'ਚ ਜਾਨ ਗੁਆਉਣ ਵਾਲੇ ਇਕ ਜੋੜੇ ਦੇ ਪਰਿਵਾਰ ਨੂੰ 1.80 ਕਰੋੜ



ਰੁਪਏ ਦਾ ਮੁਆਵਜ਼ਾ ਦੇਣ ਦਾ ਆਦੇਸ਼ ਦਿੱਤਾ। ਉਸੇ ਸਾਲ 23 ਦਸੰਬਰ ਨੂੰ ਇਕ ਟਰੱਕ ਡਰਾਈਵਰ ਨੇ ਸੜਕ ਦੇ ਵਿਚਕਾਰ ਅਚਾਨਕ ਬ੍ਰੇਕ ਲਗਾ ਦਿੱਤੀ, ਜਿਸ ਕਾਰਨ ਪਿੱਛਿਓਂ ਆ ਰਹੀ ਅੰਕਿਤ ਭੁਪਿੰਦਰ ਸਿੰਘ ਚੁਘ ਦੀ ਕਾਰ ਟਰੱਕ ਨਾਲ ਟਕਰਾ ਗਈ। ਕਾਰ 'ਚ ਚੁਘ, ਉਸ ਦੀ ਪਤਨੀ ਸੰਜਨਾ ਅਤੇ ਉਨ੍ਹਾਂ ਦੇ 2 ਨਾਬਾਲਗ ਬੱਚੇ ਸਵਾਰ ਸਨ। ਹਾਦਸੇ 'ਚ ਗੰਭੀਰ ਜ਼ਖ਼ਮੀ ਹੋਏ ਚੁਘ ਅਤੇ ਸੰਜਨਾ ਦੀ ਥੋੜ੍ਹੀ ਦੇਰ ਬਾਅਦ ਪਨਵੇਲ ਦੇ ਇਕ ਗ੍ਰਾਮੀਣ ਹਸਪਤਾਲ 'ਚ ਮੌਤ ਹੋ ਗਈ। ਐੱਮਏਸੀਟੀ ਦੀ ਮੈਂਬਰ ਗੌਰੀ ਕਵਾਡਿਕਰ ਨੇ 29 ਅਕਤੂਬਰ ਨੂੰ ਦਿੱਤੇ ਗਏ ਆਦੇਸ਼ 'ਚ ਕਿਹਾ ਕਿ ਅੱਗੇ ਚੱਲ ਰਹੇ ਵਾਹਨਾਂ ਤੋਂ ਸੁਰੱਖਿਅਤ ਦੂਰੀ ਬਣਾਈ ਰੱਖਣਾ ਡਰਾਈਵਰ ਦੀ ਜ਼ਿੰਮੇਵਾਰੀ ਹੁੰਦੀ ਹੈ। ਆਦੇਸ਼ 'ਚ ਕਿਹਾ ਗਿਆ ਹੈ ਕਿ ਜੇਕਰ ਸਾਹਮਣੇ ਵਾਲਾ ਕੋਈ ਵਾਹਨ ਅਚਾਨਕ ਬ੍ਰੇਕ ਲਗਾ ਦਿੰਦਾ ਹੈ, ਤਾਂ ਪਿੱਛੇ ਵਾਲਾ ਵਾਹਨ ਹਾਦਸੇ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਐੱਮਏਸੀਟੀ ਨੇ ਇਹ ਵੀ ਕਿਹਾ ਕਿ ਜੇਕਰ ਕਾਰ ਚਾਲਕ ਨੇ ਸੁਰੱਖਿਅਤ ਦੂਰੀ ਬਣਾਈ ਰੱਖੀ ਹੁੰਦੀ ਅਤੇ ਕਾਰ ਦੀ ਗਤੀ ਨੂੰ ਕੰਟਰੋਲ ਕੀਤਾ ਹੁੰਦਾ, ਤਾਂ ਟੱਕਰ ਨਾ ਹੁੰਦੀ। ਟ੍ਰਿਬਿਊਨਲ ਨੇ ਹਾਦਸੇ ਲਈ ਚੁਘ ਨੂੰ 70 ਫੀਸਦੀ ਜ਼ਿੰਮੇਵਾਰ ਠਹਿਰਾਇਆ, ਜਦੋਂ ਕਿ ਟਰੱਕ ਡਰਾਈਵਰ ਦੀ ਲਾਪਰਵਾਹੀ ਅਤੇ ਤੇਜ਼ ਗਤੀ ਨਾਲ ਗੱਡੀ ਚਲਾਉਣ ਲਈ 30 ਫੀਸਦੀ ਜ਼ਿੰਮੇਵਾਰੀ ਤੈਅ ਕੀਤੀ। ਸੰਜਨਾ ਸਮਸਿਧ ਮਾਊਂਟ ਲਿਟਰਾ ਜ਼ੀ ਸਕੂਲ 'ਚ ਕੰਮ ਕਰਦੀ ਸੀ। ਉੱਥੇ ਹੀ ਚੁਘ ਡੈਲ ਇੰਟਰਨੈਸ਼ਨਲ ਸਰਵਿਸਿਜ਼ 'ਚ ਸੀਨੀਅਰ ਡਿਲੀਵਰੀ ਸਪੈਸ਼ਲਿਸਟ ਵਜੋਂ ਕੰਮ ਕਰਦੇ ਸੀ। ਦੋਵਾਂ ਦੀ ਆਮਦਨ ਨੂੰ ਧਿਆਨ 'ਚ ਰੱਖਦੇ ਹੋਏ, ਟ੍ਰਿਬਿਊਨਲ ਨੇ ਪਰਿਵਾਰ ਨੂੰ ਕੁੱਲ 1.80 ਕਰੋੜ ਰੁਪਏ ਦਾ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ। ਇਸ 'ਚ ਸੰਜਨਾ ਦੀ ਮੌਤ ਲਈ 92,53,500 ਰੁਪਏ ਅਤੇ ਅੰਕਿਤ ਦੀ ਮੌਤ ਲਈ 88,45,732 ਰੁਪਏ ਦਾ ਮੁਆਵਜ਼ਾ ਸ਼ਾਮਲ ਹੈ।

ਸਕੂਲ ਅੰਦਰ ਵੜ ਕੇ 10ਵੀਂ ਦੀ ਵਿਦਿਆਰਥਣ 'ਤੇ ਜਾਨਲੇਵਾ ਹਮਲਾ, ਬਚਾਉਣ ਆਈ ਸਹੇਲੀ ਵੀ ਜ਼ਖ਼ਮੀ

ਅਨੰਤਪੁਰ 10 ਨਵੰਬਰ। ਆਂਧਰਾ ਪ੍ਰਦੇਸ਼ ਦੇ ਅਨੰਤਪੁਰ ਜ਼ਿਲ੍ਹੇ ਤੋਂ ਬਹੁਤ ਹੀ ਹੈਰਾਨ ਕਰਨ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇਕ ਸਕੂਲ ਦੇ ਅੰਦਰ 10ਵੀਂ ਜਮਾਤ ਦੀ ਵਿਦਿਆਰਥਣ 'ਤੇ ਚੇਨ-ਸਾ (ਆਰੀ) ਨਾਲ ਬੇਰਹਿਮੀ ਨਾਲ ਹਮਲਾ ਕੀਤਾ ਗਿਆ। ਇਸ ਹਮਲੇ ਕਾਰਨ ਉਸ ਦੇ ਚਿਹਰੇ, ਸਿਰ ਅਤੇ ਗਲੇ 'ਤੇ ਗੰਭੀਰ ਸੱਟਾਂ ਲੱਗੀਆਂ ਹਨ ਅਤੇ ਉਸ ਦਾ ਐਮਰਜੈਂਸੀ ਇਲਾਜ ਚੱਲ ਰਿਹਾ ਹੈ। ਅਧਿਕਾਰੀਆਂ ਨੇ ਦੱਸਿਆ,''ਵਿਦਿਆਰਥਣ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਦੋਸ਼ੀ ਧਰਮਾਵਰਮ ਮੰਡਲ ਦੇ ਨਾਗਲੁਰ ਪਿੰਡ ਦਾ ਰਹਿਣ ਵਾਲਾ ਹੈ। ਜ਼ਖ਼ਮੀ ਵਿਦਿਆਰਥਣਾਂ 'ਚੋਂ ਇਕ ਦਾ ਦੂਰ ਦਾ ਰਿਸ਼ਤੇਦਾਰ ਹੈ।ਵਾਰਦਾਤ ਤੋਂ ਬਾਅਦ ਉਹ ਸਕੂਲ ਤੋਂ ਫਰਾਰ ਹੋ ਗਿਆ ਸੀ। ਹਾਲਾਂਕਿ ਪੁਲਸ ਨੇ ਉਸ ਨੂੰ



ਧਰਮਾਵਰਮ ਰੇਲਵੇ ਸਟੇਸ਼ਨ ਤੋਂ ਗ੍ਰਿਫ਼ਤਾਰ ਕਰ ਲਿਆ ਹੈ।'' ਹਮਲੇ 'ਚ ਵਿਦਿਆਰਥਣ ਦੇ ਗਲੇ ਅਤੇ ਪੇਟ 'ਤੇ ਡੂੰਘੇ ਜ਼ਖਮ ਆਏ ਹਨ ਅਤੇ ਦੱਸਿਆ ਜਾ ਰਿਹਾ ਹੈ ਕਿ ਉਸ ਦਾ ਸੱਜਾ ਹੱਥ ਵੱਢਿਆ ਗਿਆ ਸੀ। ਇਕ ਦੂਜੀ ਵਿਦਿਆਰਥਣ ਜਿਸ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਉਹ ਵੀ ਇਸ ਹਮਲੇ 'ਚ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਈ। ਦੋਵੇਂ ਵਿਦਿਆਰਥਣਾਂ ਅਜੇ ਇਕ ਨਿੱਜੀ ਹਸਪਤਾਲ 'ਚ ਜ਼ਿੰਦਗੀ ਅਤੇ ਮੌਤ ਵਿਚਾਲੇ ਜੂਝ ਰਹੀਆਂ ਹਨ। ਇਸ ਘਟਨਾ ਮਗਰੋਂ ਸਕੂਲ ਕੰਪਲੈਕਸ 'ਚ ਭਾਜੜਾਂ ਪੈ ਗਈਆਂ। ਹਮਲਾ ਹੁੰਦੇ ਹੀ ਵਿਦਿਆਰਥੀ ਅਤੇ ਅਧਿਆਪਕ ਆਪਣੀ ਜਾਨ ਬਚਾਉਣ ਲਈ ਇੱਧਰ-ਉੱਧਰ ਭੱਜਣ ਲੱਗੇ। ਹਮਲਾਵਰ ਦੇ ਦੌੜ ਜਾਣ ਮਗਰੋਂ ਅਧਿਆਪਕਾਂ ਨੇ ਪੁਲਸ ਨੂੰ ਸੂਚਨਾ ਦਿੱਤੀ ਅਤੇ ਤੁਰੰਤ ਐਂਬੂਲੈਂਸ ਬੁਲਾਈ। ਇਸ ਤੋਂ ਬਾਅਦ ਦੋਵੇਂ ਜ਼ਖ਼ਮੀ ਵਿਦਿਆਰਥਣਾਂ ਨੂੰ ਐਮਰਜੈਂਸੀ ਇਲਾਜ ਲਈ ਕੋਲ ਦੇ ਹਸਪਤਾਲ ਲਿਜਾਇਆ ਗਿਆ। ਇਸ ਘਟਨਾ ਤੋਂ ਬਾਅਦ ਵਿਦਿਆਰਥੀਆਂ ਅਤੇ ਸਟਾਫ਼ ਵਿਚਾਲੇ ਡਰ ਦਾ ਮਾਹੌਲ ਬਣ ਗਿਆ। ਇਸ ਵਿਚ ਪੀੜਤਾਂ ਦੇ ਪਰਿਵਾਰਾਂ ਅਤੇ ਹੋਰ ਵਿਦਿਆਰਥੀਆਂ ਦੇ ਮਾਪੇ ਸਕੂਲ ਦੀ ਸੁਰੱਖਿਆ ਵਿਵਸਥਾ 'ਤੇ ਸਵਾਲ ਚੁੱਕ ਰਹੇ ਹਨ। ਉਨ੍ਹਾਂ ਪੁੱਛਿਆ ਕਿ ਆਰੀ ਲੈ ਕੇ ਕੋਈ ਵਿਅਕਤੀ ਸਕੂਲ ਕੰਪਲੈਕਸ 'ਚ ਕਿਵੇਂ ਆ ਸਕਦਾ ਹੈ, ਬਿਲਡਿੰਗ ਦੇ ਅੰਦਰ ਕਿਵੇਂ ਜਾ ਸਕਦਾ ਹੈ ਅਤੇ ਬਿਨਾਂ ਕਿਸੇ ਸੁਰੱਖਿਆ ਕਰਮਚਾਰੀ ਜਾਂ ਸਕੂਲ ਸਟਾਫ਼ ਦੀ ਨਜ਼ਰ 'ਚ ਆਏ ਜਾਂ ਰੋਕੇ ਗਏ, ਸਿੱਧੇ ਕਲਾਸਰੂਮ ਤੱਕ ਕਿਵੇਂ ਪਹੁੰਚ ਸਕਦਾ ਹੈ? ਕੁਝ ਮੀਡੀਆ ਰਿਪੋਰਟਾਂ ਅਨੁਸਾਰ ਸਕੂਲ 'ਚ ਮੁਰੰਮਤ ਦਾ ਕੰਮ ਚੱਲ ਰਿਹਾ ਸੀ। ਇਸ ਦੌਰਾਨ ਦੋਸ਼ੀ ਨੂੰ ਮਜ਼ਦੂਰ ਸਮਝ ਕੇ ਸਕੂਲ 'ਚ ਐਂਟਰੀ ਦਿੱਤੀ ਗਈ।

ਜ਼ਮੀਨਾਂ ਖ਼ਰੀਦਣ ਦੀ ਲੱਗੀ ਦੌੜ , ਅਫ਼ਸਰ ਵੱਡੇ ਸ਼ਹਿਰਾਂ 'ਚ ਖ਼ਰੀਦ ਰਹੇ ਫਲੈਟ

ਕੌਮੀ ਪਤ੍ਰਿਕਾ


ਬਿਜ਼ਨੈੱਸ ਡੈਸਕ 10 ਨਵੰਬਰ। ਦੇਸ਼ ਦੇ ਜੈਪੁਰ ਸ਼ਹਿਰ 'ਚ ACS ਸ਼ਿਖਰ ਅਗਰਵਾਲ ਅਤੇ ਉਨ੍ਹਾਂ ਦੀ ਪਤਨੀ 147 ਡਾ. ਪ੍ਰਸ਼ਾਖਾ ਮਾਥੁਰ ਦੀ ਜਾਇਦਾਦ ਵਿਵਾਦ ਦਾ ਮਾਮਲਾ ਭੱਖਣ ਤੋਂ ਬਾਅਦ, ਹੋਰ ਸੀਨੀਅਰ IAS ਅਤੇ IPS ਅਧਿਕਾਰੀਆਂ ਦੀ ਅਚੱਲ ਜਾਇਦਾਦ ਦੇ ਵੇਰਵੇ ਵੀ ਸੁਰਖੀਆਂ 'ਚ ਹਨ। ਕੇਂਦਰ ਸਰਕਾਰ ਦੁਆਰਾ ਪਿਛਲੇ ਸਾਲ ਜਾਰੀ ਕੀਤੇ ਗਏ ਅਧਿਕਾਰੀਆਂ ਦੇ ਜਾਇਦਾਦ ਵੇਰਵਿਆਂ ਦੀ ਜਾਂਚ ਵਿੱਚ ਹੈਰਾਨੀਜਨਕ ਖੁਲਾਸੇ ਹੋਏ ਹਨ। ਬਹੁਤ ਸਾਰੇ ਅਧਿਕਾਰੀਆਂ ਨੇ ਪਿਛਲੇ ਸਾਲ ਜੈਪੁਰ, ਉਦੈਪੁਰ, ਗੁਰੂਗ੍ਰਾਮ ਅਤੇ ਹੋਰ ਸ਼ਹਿਰਾਂ ਵਿੱਚ ਫਲੈਟ, ਘਰ, ਪਲਾਟ, ਵਿਲਾ ਅਤੇ ਖੇਤੀਬਾੜੀ ਯੋਗ ਜ਼ਮੀਨਾਂ ਦੀ ਭਾਰੀ ਖਰੀਦਦਾਰੀ ਕੀਤੀ ਹੈ। ਕੁਝ ਅਧਿਕਾਰੀਆਂ ਕੋਲ ਕਈ ਰਿਹਾਇਸ਼ੀ ਜਾਇਦਾਦਾਂ ਹਨ, ਜਦੋਂ ਕਿ ਹੋਰਾਂ ਨੇ ਰਿਜ਼ੋਰਟ ਅਤੇ ਹੋਟਲਾਂ ਵਿੱਚ ਵੀ ਨਿਵੇਸ਼ ਕੀਤਾ ਹੋਇਆ ਹੈ। ਘੋਸ਼ਿਤ ਮੁੱਲਾਂਕਣਾਂ ਅਨੁਸਾਰ, ਸ਼ਿਖਰ ਅਗਰਵਾਲ ਜੋੜੇ ਨੇ ਪਿਛਲੇ 10 ਸਾਲਾਂ ਵਿੱਚ ਕਈ ਜਾਇਦਾਦਾਂ ਖਰੀਦੀਆਂ ਹਨ। ਮੁੱਖ ਸਕੱਤਰ ਵੀ. ਸ਼੍ਰੀਨਿਵਾਸ ਅਤੇ ACS ਕੁਲਦੀਪ ਰੰਕਾ ਨੇ ਪਿਛਲੇ 10 ਸਾਲਾਂ ਵਿੱਚ ਕੋਈ ਜਾਇਦਾਦ ਨਹੀਂ ਖਰੀਦੀ ਹੈ। ਏਸੀਐਸ ਅਖਿਲ ਅਰੋੜਾ ਅਤੇ ਅਪਰਨਾ ਅਰੋੜਾ ਨੇ ਵੀ ਇਸ ਸਮੇਂ ਦੌਰਾਨ ਕੋਈ ਜਾਇਦਾਦ ਨਹੀਂ ਖਰੀਦੀ, ਹਾਲਾਂਕਿ ਅਪਰਨਾ ਅਰੋੜਾ ਨੇ ਜੈਪੁਰ ਦੇ ਬਾਪੂ ਨਗਰ ਅਪਾਰਟਮੈਂਟ ਵਿੱਚ ਆਪਣੇ ਪਿਤਾ ਤੋਂ ਤੋਹਫ਼ੇ ਵਜੋਂ ਇੱਕ ਫਲੈਟ ਪ੍ਰਾਪਤ ਕਰਨ ਦੀ ਰਿਪੋਰਟ ਦਿੱਤੀ ਹੈ। ਡੀਜੀਪੀ ਸਪੈਸ਼ਲ ਆਪ੍ਰੇਸ਼ਨ ਆਨੰਦ ਕੁਮਾਰ ਸ਼੍ਰੀਵਾਸਤਵ ਨੇ ਇਹ ਵੀ ਕਿਹਾ ਕਿ ਉਨ੍ਹਾਂ ਕੋਲ ਕੋਈ ਜਾਇਦਾਦ ਨਹੀਂ ਹੈ। ਏਸੀਐਸ ਸ਼ਿਖਰ ਅਗਰਵਾਲ ਅਤੇ ਉਨ੍ਹਾਂ ਦੀ ਪਤਨੀ, ਏਡੀਜੀ ਡਾ. ਪ੍ਰਸ਼ਾਖਾ ਮਾਥੁਰ ਕੋਲ ਉਦੈਪੁਰ, ਜੈਪੁਰ ਅਤੇ ਅਲਵਰ ਵਿੱਚ ਪਲਾਟ, ਫਾਰਮ ਹਾਊਸ, ਹੋਟਲ ਅਤੇ ਰਿਜ਼ੋਰਟ ਸਮੇਤ ਕੁੱਲ 14 ਯੂਨਿਟ ਹਨ। ਪਿਛਲੇ 10



ਸਾਲਾਂ ਵਿੱਚ ਖਰੀਦੀਆਂ ਗਈਆਂ ਜਾਇਦਾਦਾਂ ਵਿੱਚ ਜੈਪੁਰ ਦੇ ਗੁਣਾਵਤਾ ਵਿੱਚ ਸਾਲ 2019 ਵਿੱਚ ਲਗਭਗ 50 ਲੱਖ ਵਿੱਚ 6,067-ਵਰਗ-ਯਾਰਡ ਦੇ ਦੋ ਫਾਰਮ ਹਾਊਸ ਸ਼ਾਮਲ ਹਨ। ਸਤੰਬਰ 2023 ਵਿੱਚ ਉਦੈਪੁਰ ਦੇ ਭੂਜਦਾ ਪਿੰਡ ਵਿੱਚ ਅਨੰਤਾ ਹੋਟਲ ਅਤੇ ਰਿਜ਼ੋਰਟ ਵਿਚ ਸ਼ਿਖਰ ਅਗਰਵਾਲ ਤੇ ਡਾ. ਪ੍ਰਸ਼ਾਖਾ ਨੇ 1.5 ਕਰੋੜ ਵਿੱਚ 10 ਕਾਟੇਜ ਖਰੀਦੇ। ਅਕਤੂਬਰ 2023 ਵਿੱਚ, ਉਸਨੇ ਜੈਪੁਰ ਦੇ ਵੈਸ਼ਾਲੀ ਨਗਰ ਵਿੱਚ ਗੋਮਸ ਡਿਫੈਂਸ ਕਲੋਨੀ ਵਿੱਚ 2.85 ਕਰੋੜ ਵਿੱਚ ਇੱਕ 452.59 ਵਰਗ ਗਜ਼ ਦਾ ਪਲਾਟ ਖਰੀਦਿਆ। ਉਸਨੇ ਜੈਪੁਰ ਟੈਕਸਟਾਈਲ ਮਾਰਕੀਟ ਵਿੱਚ 80 ਲੱਖ ਵਿੱਚ ਇੱਕ 937.50 ਵਰਗ ਫੁੱਟ ਦੀ ਦੁਕਾਨ, ਅਲਵਰ ਦੇ ਗੁਵਾੜਾ ਕੁੰਡਲ ਪਿੰਡ ਵਿੱਚ ਅਨੰਤ ਸਪਾ ਅਤੇ ਰਿਜ਼ੋਰਟ ਵਿੱਚ ਚਾਰ ਵਿਲਾ 66 ਲੱਖ ਵਿੱਚ ਅਤੇ ਜੈਪੁਰ ਦੇ ਜਵੇਲ ਆਫ ਇੰਡੀਆ ਵਿੱਚ 2.07 ਕਰੋੜ ਵਿੱਚ ਇੱਕ 2933.41 ਵਰਗ ਫੁੱਟ ਦਾ ਅਪਾਰਟਮੈਂਟ ਵੀ ਖਰੀਦਿਆ। ਇਨ੍ਹਾਂ ਜਾਇਦਾਦਾਂ ਦੀ ਕੁੱਲ ਘੋਸ਼ਿਤ ਖਰੀਦ ਕੀਮਤ ਲਗਭਗ 8.38 ਕਰੋੜ ਰੁਪਏ ਹੈ। ਰਾਸ਼ਟਰੀ ਤਕਨੀਕੀ ਖੋਜ ਸੰਗਠਨ ਦੇ ਪ੍ਰਧਾਨ ਰਾਜੇਸ਼ ਆਰੀਆ ਕੋਲ ਜੈਪੁਰ ਵਿੱਚ ਇੱਕ ਘਰ ਅਤੇ ਦੋ ਪਲਾਟ ਜ਼ਮੀਨ ਅਤੇ ਦੇਹਰਾਦੂਨ ਵਿੱਚ ਇੱਕ ਦੋ ਮੰਜ਼ਿਲਾ ਘਰ ਹੈ। ਕੁੱਲ ਖਰੀਦ ਕੀਮਤ 1.70 ਕਰੋੜ ਦੱਸੀ ਜਾ ਰਹੀ ਹੈ। ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਦੇ ਡਾਇਰੈਕਟਰ ਜਨਰਲ ਗੋਵਿੰਦ ਗੁਪਤਾ ਦੇ ਜੈਪੁਰ ਵਿੱਚ ਦੋ ਫਲੈਟ ਅਤੇ ਦੋ ਪਲਾਟ ਹਨ। ਉਨ੍ਹਾਂ ਦੀ ਖਰੀਦ ਕੀਮਤ 1.61 ਕਰੋੜ ਦੱਸੀ ਗਈ ਹੈ। ਯੂਨੀਅਨ ਸਕੱਤਰ ਸੁਧਾਂਸ਼ ਪੰਤ ਨੈਨੀਤਾਲ, ਗੁਰੂਗ੍ਰਾਮ ਅਤੇ ਜੈਪੁਰ ਵਿੱਚ ਜਾਇਦਾਦਾਂ ਦੇ ਮਾਲਕ ਹਨ। ਪਿਛਲੇ 10 ਸਾਲਾਂ ਵਿੱਚ, ਉਸਨੇ ਜੈਪੁਰ ਵਿੱਚ 2018 ਵਿੱਚ 1.94 ਕਰੋੜ ਅਤੇ 2022 ਵਿੱਚ 94.26 ਲੱਖ ਵਿੱਚ ਜਾਇਦਾਦਾਂ ਖਰੀਦੀਆਂ। ਉਸਨੇ 2013 ਅਤੇ 2017 ਦੇ ਵਿਚਕਾਰ ਗੁਰੂਗ੍ਰਾਮ ਵਿੱਚ 68.9 ਲੱਖ ਵਿੱਚ ਇੱਕ ਫਲੈਟ ਖਰੀਦਿਆ। ਇਹਨਾਂ ਜਾਇਦਾਦਾਂ ਦੀ ਕੁੱਲ ਘੋਸ਼ਿਤ ਖਰੀਦ ਕੀਮਤ ਲਗਭਗ 3.57 ਕਰੋੜ ਹੈ। ਡੀਜੀਪੀ ਰਾਜੀਵ ਕੁਮਾਰ ਸ਼ਰਮਾ ਕੋਲ ਜੈਪੁਰ ਵਿੱਚ 13,39,678 ਵਿੱਚ ਖਰੀਦੀਆਂ ਗਈਆਂ ਦੋ ਜ਼ਮੀਨਾਂ ਦੇ ਵੇਰਵੇ ਹਨ। ਰਾਜੇਸ਼ ਨਿਰਵਾਣ ਇੰਦੌਰ ਵਿੱਚ ਇੱਕ ਪਲਾਟ ਅਤੇ ਜੈਪੁਰ ਵਿੱਚ ਤਿੰਨ ਪਲਾਟ ਦੇ ਮਾਲਕ ਹਨ। ਉਨ੍ਹਾਂ ਦੀ ਕੁੱਲ ਖਰੀਦ ਕੀਮਤ 19,75,576 ਰੁਪਏ ਦੱਸੀ ਗਈ ਹੈ। ਡੀਜੀ ਜੇਲ੍ਹ ਅਸ਼ੋਕ ਕੁਮਾਰ ਰਾਠੌਰ (1994 ਬੈਚ) ਕੋਲ ਜੈਪੁਰ ਵਿੱਚ ਤਿੰਨ ਰਿਹਾਇਸ਼ੀ ਪਲਾਟ ਅਤੇ ਇੱਕ ਦੁਕਾਨ, ਉਦੈਪੁਰ ਵਿੱਚ ਇੱਕ ਰਿਹਾਇਸ਼ੀ ਪਲਾਟ ਅਤੇ ਰਾਜਸਮੰਦ ਵਿੱਚ ਦੋ ਬੰਜਰ ਜ਼ਮੀਨਾਂ ਹਨ। ਉਨ੍ਹਾਂ ਦੀ ਕੁੱਲ ਖਰੀਦ ਕੀਮਤ 3.37 ਕਰੋੜ ਦੱਸੀ ਗਈ ਹੈ। ਡੀਜੀ-ਰੈਂਕ ਆਈਪੀਐਸ ਅਧਿਕਾਰੀ ਸੰਜੇ ਕੁਮਾਰ ਅਗਰਵਾਲ ਨੇ ਜੈਪੁਰ ਵਿੱਚ 8.10 ਬਿਘਾ ਖੇਤੀਬਾੜੀ ਜ਼ਮੀਨ, ਇੱਕ ਪਲਾਟ, ਇੱਕ ਫਲੈਟ ਅਤੇ ਇੱਕ ਘਰ ਖਰੀਦਿਆ। ਕੁੱਲ ਖਰੀਦ ਮੁੱਲ 6.39 ਕਰੋੜ ਰੁਪਏ ਦੱਸਿਆ ਗਿਆ ਹੈ। ਇਨ੍ਹਾਂ ਵਿੱਚੋਂ ਇੱਕ ਜਾਇਦਾਦ ਜੱਦੀ ਹੈ। ਮਾਲਿਨੀ ਅਗਰਵਾਲ ਨੇ ਜੈਪੁਰ ਵਿੱਚ ਇੱਕ ਉੱਚ ਪੱਧਰੀ ਘਰ, ਇੱਕ ਫਲੈਟ, ਦੋ ਪਲਾਟ ਜ਼ਮੀਨ, 2.79 ਬਿਘਾ ਖੇਤੀਬਾੜੀ ਜ਼ਮੀਨ ਅਤੇ ਜੋਧਪੁਰ ਵਿੱਚ ਇੱਕ ਪਲਾਟ ਜ਼ਮੀਨ ਖਰੀਦੀ। ਕੁੱਲ ਖਰੀਦ ਮੁੱਲ 5.49 ਕਰੋੜ ਰੁਪਏ ਦੱਸਿਆ ਗਿਆ ਹੈ। ਡੀਜੀਪੀ ਸਿਖਲਾਈ ਅਤੇ ਟ?ਰੈਫਿਕ ਅਨਿਲ ਪਾਲੀਵਾਲ ਫਲੋਦੀ ਵਿੱਚ ਇੱਕ ਘਰ ਦੇ ਮਾਲਕ ਹਨ। ਉਨ੍ਹਾਂ ਕੋਲ 55.43 ਬਿਘਾ ਜੱਦੀ ਜਾਇਦਾਦ ਵੀ ਹੈ।

ਚਾਂਦੀ 50 ਹਜ਼ਾਰ ਤੇ ਸੋਨਾ 13 ਹਜ਼ਾਰ ਰੁਪਏ ਹੋਇਆ ਸਸਤਾ !

ਨਵੀਂ ਦਿੱਲੀ 10 ਨਵੰਬਰ। ਮਿਡਲ ਈਸਟ 'ਚ ਚੱਲ ਰਹੇ ਤਣਾਅ ਅਤੇ ਕੱਚੇ ਤੇਲ ਦੀਆਂ ਕੀਮਤਾਂ 'ਚ ਚੱਲ ਰਹੀ ਤੇਜ਼ੀ ਦਰਮਿਆਨ ਤਿਉਹਾਰੀ ਸੀਜ਼ਨ 'ਚ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ 'ਚ ਲਗਾਤਾਰ ਗਿਰਾਵਟ ਦਾ ਰੁਖ ਜਾਰੀ ਹੈ। ਵਾਅਦਾ ਬਾਜ਼ਾਰ 'ਚ ਦਸੰਬਰ ਗੋਲਡ ਵਾਅਦਾ ਦੀਆਂ ਕੀਮਤਾਂ 'ਚ ਸ਼ੁੱਕਰਵਾਰ ਨੂੰ ਭਾਰੀ ਗਿਰਾਵਟ ਦੇਖਣ ਨੂੰ ਮਿਲੀ ਅਤੇ ਸ਼ੁੱਕਰਵਾਰ ਨੂੰ ਇਸ ਦੀਆਂ ਕੀਮਤਾਂ ਡਿੱਗ ਕੇ 1 ਲੱਖ 38 ਹਜ਼ਾਰ ਤੱਕ ਟੁੱਟ ਗਈਆਂ। ਸ਼ੁੱਕਰਵਾਰ ਸ਼ਾਮ MCX 'ਤੇ ਸੋਨਾ 1 ਲੱਖ 38 ਹਜ਼ਾਰ 249 ਰੁਪਏ ਤੱਕ ਡਿੱਗ ਕੇ 1 ਲੱਖ 39 ਹਜ਼ਾਰ 180 ਰੁਪਏ 'ਤੇ ਕਾਰੋਬਾਰ ਕਰ ਰਿਹਾ ਸੀ ਜਦਕਿ ਚਾਂਦੀ ਦੀ ਦਸੰਬਰ ਵਾਅਦਾ ਦੀ ਕੀਮਤ ਡਿੱਗ ਕੇ 1 ਲੱਖ 78 ਹਜ਼ਾਰ 876 ਰੁਪਏ ਤੱਕ ਪਹੁੰਚ ਗਈ ਅਤੇ ਸ਼ਾਮ ਨੂੰ ਇਹ 1 ਲੱਖ 81 ਹਜ਼ਾਰ 494 ਰੁਪਏ 'ਤੇ ਕਾਰੋਬਾਰ ਕਰ ਰਹੀ ਸੀ। 6 ਅਕਤੂਬਰ ਨੂੰ ਦਸੰਬਰ ਵਾਅਦਾ ਦੀ ਚਾਂਦੀ ਦੀ ਸਭ ਤੋਂ ਉੱਚੀ ਕੀਮਤ 2 ਲੱਖ 28 ਹਜ਼ਾਰ ਰੁਪਏ ਸੀ ਅਤੇ ਇਸੇ ਮਹੀਨੇ 'ਚ ਚਾਂਦੀ ਦੀਆਂ ਕੀਮਤਾਂ ਉੱਪਰਲੇ ਪੱਧਰਾਂ ਤੋਂ 50 ਹਜ਼ਾਰ ਰੁਪਏ ਟੁੱਟ ਗਈਆਂ ਹਨ, ਜਦਕਿ ਸੋਨੇ ਦੇ ਦਸੰਬਰ ਵਾਅਦਾ



ਦੀ ਇਸ ਮਹੀਨੇ ਦੀ ਸਭ ਤੋਂ ਉੱਚੀ ਕੀਮਤ 1 ਲੱਖ 51 ਹਜ਼ਾਰ 700 ਰੁਪਏ ਸੀ ਅਤੇ ਇਸ ਹਿਸਾਬ ਨਾਲ ਸੋਨੇ ਦੀਆਂ ਕੀਮਤਾਂ ਆਪਣੇ ਸਭ ਤੋਂ ਉੱਚੇ ਪੱਧਰ ਤੋਂ ਲੱਗਭਗ 13 ਹਜ਼ਾਰ ਰੁਪਏ ਦੀ ਡਿੱਗ ਚੁੱਕੀਆਂ ਹਨ। ਇਸ ਤੋਂ ਪਹਿਲਾਂ ਸਤੰਬਰ 'ਚ ਵੀ ਸੋਨੇ ਦੀਆਂ ਕੀਮਤਾਂ 'ਚ ਸਭ ਤੋਂ ਉੱਚੇ ਪੱਧਰ ਤੋਂ ਲੱਗਭਗ 8 ਹਜ਼ਾਰ ਰੁਪਏ ਦੀ ਗਿਰਾਵਟ ਦੇਖਣ ਨੂੰ ਮਿਲੀ ਸੀ ਅਤੇ ਸਤੰਬਰ 'ਚ ਸੋਨਾ ਆਪਣੀ ਸਭ ਤੋਂ ਉੱਚੀ ਕੀਮਤ 1 ਲੱਖ 57 ਤੋਂ ਡਿੱਗ ਕੇ 1 ਲੱਖ 49 ਹਜ਼ਾਰ ਤੱਕ ਪਹੁੰਚ ਗਿਆ ਸੀ, ਇਸੇ ਤਰ੍ਹਾਂ ਚਾਂਦੀ ਦੀਆਂ ਕੀਮਤਾਂ 'ਚ ਵੀ ਸਤੰਬਰ 'ਚ 22 ਹਜ਼ਾਰ ਰੁਪਏ ਦੀ ਗਿਰਾਵਟ ਦੇਖਣ ਨੂੰ ਮਿਲੀ ਸੀ ਅਤੇ ਚਾਂਦੀ 2 ਲੱਖ 45 ਹਜ਼ਾਰ ਤੋਂ ਟੁੱਟ ਕੇ 2 ਲੱਖ 23 ਹਜ਼ਾਰ ਤੱਕ ਪਹੁੰਚ ਗਈ ਸੀ। ਅਸਲ 'ਚ ਕੱਚੇ ਤੇਲ ਦੀਆਂ ਕੀਮਤਾਂ 'ਚ ਲਗਾਤਾਰ ਆ ਰਹੀ ਤੇਜ਼ੀ ਦੇ ਕਾਰਨ ਪੂਰੀ ਦੁਨੀਆ 'ਚ ਮਹਿੰਗਾਈ ਦੀ ਦਰ ਉੱਚੀ ਰਹਿਣ ਦਾ ਖਦਸ਼ਾ ਬਣਿਆ ਹੋਇਆ ਹੈ, ਜਿਸ ਕਾਰਨ ਨਿਵੇਸ਼ਕਾਂ ਦਾ ਰੁਝਾਨ ਜ਼ਿਆਦਾ ਸੁਰੱਖਿਅਤ ਮੰਨੇ ਜਾਣ ਵਾਲੇ ਅਮਰੀਕਾ ਦੇ 10 ਸਾਲ ਦੇ ਬਾਂਡ ਅਤੇ ਡਾਲਰ ਵੱਲ ਵਧ ਰਿਹਾ ਹੈ। ਅਮਰੀਕਾ 'ਚ 10 ਸਾਲ ਦੀ ਬਾਂਡ ਯੀਲਡ ਲਗਾਤਾਰ 5 ਫੀਸਦੀ ਦੇ ਆਸ-ਪਾਸ ਚੱਲ ਰਹੀ ਹੈ, ਜਦਕਿ ਡਾਲਰ ਇੰਡੈਕਸ ਵੀ 102 ਦੇ ਨੇੜੇ ਬਣਿਆ ਹੋਇਆ ਹੈ। ਜਿਸ ਕਾਰਨ ਪਿਛਲੇ ਕੁਝ ਹਫ਼ਤਿਆਂ ਤੋਂ ਲਗਾਤਾਰ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ 'ਚ ਦਬਾਅ ਦੇਖਣ ਨੂੰ ਮਿਲ ਰਿਹਾ ਹੈ।

ਬ੍ਰਾਊਨ ਸ਼ੂਗਰ ਸਣੇ 8 ਨੌਜਵਾਨ ਗ੍ਰਿਫ਼ਤਾਰ

ਰਾਂਚੀ 10 ਨਵੰਬਰ। ਝਾਰਖੰਡ ਦੇ ਲੋਹਰਦਗਾ ਜ਼ਿਲ੍ਹੇ ਵਿੱਚ ਪੁਲਸ ਨੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਵਿਰੁੱਧ ਇੱਕ ਵੱਡੀ ਕਾਰਵਾਈ ਕਰਦਿਆਂ 8 ਨੌਜਵਾਨਾਂ ਨੂੰ ਲਗਭਗ 98 ਗ੍ਰਾਮ ਬ੍ਰਾਊਨ ਸ਼ੂਗਰ ਸਮੇਤ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਮੌਕੇ ਤੋਂ ਇੱਕ ਕਾਲੇ ਰੰਗ ਦੀ ਮਹਿੰਦਰਾ ਥਾਰ ਗੱਡੀ ਵੀ ਜ਼ਬਤ ਕੀਤੀ ਹੈ। ਗ੍ਰਿਫ਼ਤਾਰ ਕੀਤੇ ਗਏ 6 ਰਾਂਚੀ ਅਤੇ 2 ਲਾਤੇਹਾਰ ਜ਼ਿਲ੍ਹੇ ਦੇ ਹਨ। ਪੁਲਸ ਸੂਤਰਾਂ ਨੇ ਅੱਜ ਇੱਥੇ ਦੱਸਿਆ ਕਿ 30 ਅਕਤੂਬਰ ਦੀ ਰਾਤ ਨੂੰ, ਲੋਹਰਦਗਾ ਦੇ ਪੁਲਸ ਸੁਪਰਡੈਂਟ ਨੂੰ ਇੱਕ ਸੂਚਨਾ ਮਿਲੀ ਸੀ ਕਿ ਚੰਦਵਾ-ਕੁਡੂ ਰੋਡ 'ਤੇ ਇੱਕ ਕਾਲੇ ਰੰਗ ਮਹਿੰਦਰਾ ਥਾਰ ਗੱਡੀ ਵਿੱਚ ਬ੍ਰਾਊਨ ਸ਼ੂਗਰ ਨੂੰ ਵੇਚਣ ਅਤੇ ਖਰੀਦਣ ਲਈ ਲਿਜਾਇਆ ਜਾ ਰਿਹਾ ਹੈ। ਜਾਣਕਾਰੀ ਦੇ ਆਧਾਰ 'ਤੇ, ਤਸਦੀਕ ਅਤੇ ਕਾਰਵਾਈ ਲਈ ਇੱਕ ਵਿਸ਼ੇਸ਼ ਛਾਪੇਮਾਰੀ ਟੀਮ ਬਣਾਈ ਗਈ ਸੀ। ਜਦੋਂ ਪੁਲਸ ਟੀਮ ਕੇਰਵਾੜੀ ਮੋੜ ਦੇ ਨੇੜੇ ਪਹੁੰਚੀ, ਤਾਂ ਉਨ੍ਹਾਂ ਨੇ ਚੰਦਵਾ ਤੋਂ ਆ ਰਹੀ ਇੱਕ ਸ਼ੱਕੀ ਥਾਰ ਗੱਡੀ ਦੇਖੀ। ਦੋ ਵਿਅਕਤੀਆਂ ਨੇ ਸੜਕ ਕਿਨਾਰੇ ਆਪਣੀ ਗੱਡੀ ਰੋਕੀ ਅਤੇ ਉਸਾਰੀ ਅਧੀਨ ਇਕ ਘਰ ਵੱਲ ਜਾਂਦੇ ਦਿਸੇ। ਇਸ ਤੋਂ ਬਾਅਦ ਪੁਲਸ ਨੇ ਘਰ ਨੂੰ ਘੇਰ ਲਿਆ। ਤਲਾਸ਼ੀ ਦੌਰਾਨ, ਉੱਥੇ ਕੁੱਲ 8 ਨੌਜਵਾਨ ਮਿਲੇ। ਪੁਲਸ ਨੇ ਸਾਰਿਆਂ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ ਐਲੂਮੀਨੀਅਮ ਫੁਆਇਲ ਵਿੱਚ ਪੈਕ ਬ੍ਰਾਊਨ ਸ਼ੂਗਰ ਵਰਗਾ ਪਦਾਰਥ ਬਰਾਮਦ ਹੋਇਆ। ਇਸ ਤੋਂ ਬਾਅਦ ਪੁਲਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਰਾਂਚੀ ਦੇ ਰਹਿਣ ਵਾਲੇ ਪੰਕਜ ਕੁਮਾਰ, ਅਭੈ ਕੁਮਾਰ, ਅਲਤਮਸ ਅੰਸਾਰੀ, ਵਹੀਦ ਅੰਸਾਰੀ, ਸੰਦੀਪ ਕੁਮਾਰ ਯਾਦਵ ਅਤੇ ਆਰੀਅਨ ਰਾਜ ਚੌਧਰੀ ਵਜੋਂ ਕੀਤੀ ਗਈ ਹੈ। ਉੱਥੇ ਹੀ ਲਾਤੇਹਾਰ ਜ਼ਿਲ੍ਹੇ ਦੇ ਰਿਤੁਰਾਜ ਜੈਸਵਾਲ ਉਰਫ਼ ਰਿਤੁਰਾਜ ਕੁਮਾਰ ਅਤੇ ਸੋਨੂੰ ਰਾਜ ਕੁਮਾਰ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ।

ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਦੇਸ਼ ਦੀ ਪਹਿਲੀ 'ਡਾ. ਨਰਿੰਦਰ ਸਿੰਘ ਕਪਾਨੀ ਰਿਸਰਚ ਚੇਅਰ ਦੀ ਸਥਾਪਨਾ'

ਕੌਮੀ ਪਤ੍ਰਿਕਾ

ਮੋਹਾਲੀ 10 ਨਵੰਬਰ। 'ਫਾਈਬਰ ਆਪਟਿਕਸ ਦੇ 'ਖੋਜੀ' ਵਜੋਂ ਜਾਣੇ ਜਾਂਦੇ ਮਹਾਨ ਭਾਰਤੀ ਵਿਗਿਆਨੀ ਡਾ. ਨਰਿੰਦਰ ਸਿੰਘ ਕਪਾਨੀ ਦੀ 100 ਵੀਂ ਵਰ੍ਹੇਗੰਢ ਨੂੰ ਸਮਰਪਿਤ ਕਰਦਿਆਂ ਹੋਇਆ ਚੰਡੀਗੜ੍ਹ ਯੂਨੀਵਰਸਿਟੀ ਨੇ ਭਾਰਤ ਦੀ ਪਹਿਲੀ 'ਡਾ ਨਰਿੰਦਰ ਸਿੰਘ ਕਪਾਨੀ ਰਿਸਰਚ ਚੇਅਰ ਫਾਰ ਐਕਸੀਲੈਂਸ ਇਨ ਸਾਇੰਸਿਜ਼ ਐਂਡ ਇਨੋਵੇਸ਼ਨ' ਸਥਾਪਤ ਕੀਤੀ ਗਈ । ਆਪਟੀਕਲ ਫਾਈਬਰ ਤਕਨਾਲੋਜੀ ਦੇ ਖੇਤਰ 'ਚ ਡਾ. ਕਪਾਨੀ ਦੀ ਕ੍ਰਾਂਤੀਕਾਰੀ ਖੋਜ ਨੇ ਵਿਸ਼ਵ ਦੂਰਸੰਚਾਰ ਪ੍ਰਣਾਲੀ ਨੂੰ ਨਵੀਂ ਦਿਸ਼ਾ ਦਿੱਤੀ ਹੈ ਅਤੇ ਅੱਜ ਦੇ ਡਿਜ਼ੀਟਲ ਯੁੱਗ ਦੀ ਨੀਂਹ ਰੱਖਣ 'ਚ ਅਹਿਮ ਭੂਮਿਕਾ ਨਿਭਾਈ ਹੈ, ਇਸ ਰਿਸਰਚ ਚੇਅਰ ਦੀ ਸਥਾਪਨਾ ਦੇ ਨਾਲ ਨਾਲ ਵਿਗਿਆਨਕ ਖੋਜ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰਨ ਦੇ ਲਈ 1 ਕਰੋੜ ਰੁਪਏ ਦੀ ਸਲਾਨਾ ਖੋਜ ਗ੍ਰਾਂਟ ਵੀ ਦਿੱਤੀ ਜਾਵੇਗੀ। ਇਹ ਪਹਿਲ ਡਾ.ਕਪਾਨੀ ਦੀ ਵਿਗਿਆਨਕ ਵਿਰਾਸਤ ਨੂੰ ਸਨਮਾਨ ਦੇਣ ਦੇ ਨਾਲ ਨਾਲ ਭਵਿੱਖ ਦੀਆਂ ਪੀੜ੍ਹੀਆਂ ਨੂੰ ਵਿਗਿਆਨ, ਖੋਜ ਅਤੇ ਨਵੀਨਤਾ ਦੇ ਖੇਤਰ 'ਚ ਨਵੀਆਂ ਉਚਾਈਆਂ ਨੂੰ ਛੂਹਣ ਲਈ ਪ੍ਰੇਰਿਤ ਕਰੇਗੀ । ਇਸ ਪਹਿਲਕਮਦਮੀ ਦੇ ਤਹਿਤ ਚੰਡੀਗੜ੍ਹ ਯੂਨੀਵਰਸਿਟੀ ਨੇ ਵਿਗਿਆਨਕ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਉਨ੍ਹਾਂ ਦੇ ਬੇਮਿਸਾਲ ਯੋਗਦਾਨ ਨੂੰ ਮਾਨਤਾ ਦਿੰਦਿਆਂ ਹੋਇਆ ਮਹਾਨ ਵਿਗਿਆਨ ਡਾ. ਨਰਿੰਦਰ ਸਿੰਘ ਕਪਾਨੀ ਦੇ ਨਾਮ 'ਤੇ ਭਾਰਤ ਦੀ ਪਹਿਲੀ ਰਿਸਰਚ ਚੇਅਰ ਸਥਾਪਤ ਕੀਤੀ ਗਈ । ਇਸ ਲਈ ਇਹ ਪਹਿਲਕਦਮੀ ਮਹਾਨ ਵਿਗਿਆਨੀ ਨੂੰ ਇੱਕ ਵਿਸ਼ੇਸ ਸੰਸਥਾਗਤ ਸ਼ਰਧਾਜਲੀ ਹੈ। ਇਸ ਉਪਰਾਲੇ ਦਾ ਮੁੱਖ ਉਦੇਸ਼ ਵਿਗਿਆਨਕ ਖੋਜ, ਨਵੀਨਤਾ ਅਤੇ ਨੌਜਵਾਨ ਵਿਗਿਆਨਕ ਪ੍ਰਤੀਭਾਵਾਂ ਨੂੰ ਉਤਸ਼ਾਹਿਤ ਕਰਨ ਦੇ ਲਈ ਨਿਰੰਤਰ ਨਿਵੇਸ਼ ਦੇ ਰਾਂਹੀ ਡਾ. ਕਪਾਨੀ ਦੀ ਵਿਰਾਸਤ ਨੂੰ ਅੱਗੇ ਵਧਾਉਣਾ ਹੈ। ਇਸ ਰਿਸਰਚ ਚੇਅਰ ਦੇ ਰਾਹੀ ਉੱਭਰਦੇ ਹੋਏ ਵਿਗਿਆਨੀਆਂ ਨੂੰ ਮਾਰਗਦਰਸ਼ਨ, ਸਲਾਹ ਅਤੇ ਖੋਜ ਵਿੱਚ ਮਦਦ ਮਿਲੇਗੀ, ਤਾਂ ਜੋ ਉਹ ਆਪਣੇ ਨਵੇਂ ਅਤੇ ਨਵੀਨਤਮ ਵਿਚਾਰਾਂ 'ਤੇ ਕੰਮ ਕਰ ਸਕਣ ਅਤੇ ਉੱਚ ਪੱਧਰੀ ਖੋਜ ਕਰ ਸਕਣ ਅਤੇ ਇਸ ਦੇ ਨਾਲ ਹੀ ਵਿਗਿਆਨਕ ਖੋਜਾਂ ਨਾਲ ਸਮਾਜ ਅਤੇ ਮੁੰਨਖਤਾ ਦੇ ਲਈ ਲਾਹੇਵੰਦ ਤਕਨਾਲੋਜੀਆਂ 'ਚ ਤਬਦੀਲ ਕਰ ਸਕਣ। ਚੰਡੀਗੜ੍ਹ ਯੂਨੀਵਰਸਿਟੀ ਕੈਂਪਸ ਵਿਖੇ ਡਾ. ਨਰਿੰਦਰ ਸਿੰਘ ਕਪਾਨੀ ਦੀ 100ਵੀਂ ਜਨਮ ਵਰ੍ਹੇਗੰਢ ਨੂੰ ਸਮਰਪਿਤ ਸਮਾਗਮ ਵਿੱਚ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪ੍ਰੋ. (ਡਾ.) ਸਮੀਰ ਕੇ. ਮੌਂਡਲ, ਸਾਇੰਟਿਸਟ-ਜੀ, ਆਪਟਿਕਸ ਐਂਡ ਫੋਟੋਨਿਕਸ ਇੰਸਟਰੂਮੈਂਟੇਸ਼ਨ, ਸੀ.ਐੱਸ.ਆਈ.ਆਰ,ਸੀ.ਐੱਸ.ਆਈ.ਓ, ਚੰਡੀਗੜ੍ਹ ਮੌਜੂਦ ਰਹੇ। ਵਿਸ਼ੇਸ਼ ਮਹਿਮਾਨ ਵਜੋਂ ਨੈਸ਼ਨਲ ਯੂਨੀਵਰਸਿਟੀ ਆਫ ਸਿੰਗਾਪੁਰ ਤੋਂ ਪ੍ਰੋ. (ਡਾ.) ਐਰੋਨ ਡੈਨਰ ਨੇ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਉੱਘੇ ਖੋਜਕਾਰ ਡਾ. ਅਜੋਏ ਘੋਸ਼, ਪ੍ਰੋਫੈਸਰ ਐਮਰੀਟਸ, ਆਈ.ਆਈ.ਟੀ. ਦਿੱਲੀ ਨੇ ਵਰਚੁਅਲ ਮਾਧਿਅਮ ਰਾਹੀਂ ਸਮਾਗਮ ਵਿੱਚ ਹਿੱਸਾ ਲਿਆ। ਇਸ ਮੌਕੇ ਚੰਡੀਗੜ੍ਹ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਸਹਿਗਲ ਸਮੇਤ ਹੋਰ ਕਈ ਪ੍ਰਮੁੱਖ ਸ਼ਖ਼ਸੀਅਤਾਂ ਵੀ ਮੌਜੂਦ ਰਹੀਆਂ। ਇਸ ਮੌਕੇ ਨੂੰ ਸੰਬੋਧਨ ਕਰਦਿਆਂ ਸੀਐੱਸਆਈਆਰ-ਸੀਐੱਸਆਈਓ, ਚੰਡੀਗੜ੍ਹ ਦੇ ਆਪਟਿਕਸ ਐਂਡ ਫੋਟੋਨਿਕਸ ਇੰਸਟਰੂਮੈਂਟੇਸ਼ਨ ਵਿਭਾਗ ਦੇ ਸਾਇੰਟਿਸਟ-ਜੀ ਪ੍ਰੋ. (ਡਾ.) ਸਮੀਰ



ਕੇ. ਮੰਡਲ ਨੇ ਕਿਹਾ,"ਪ੍ਰੋਫੈਸਰ ਕਪਾਨੀ ਦਾ ਆਪਟੀਕਲ ਸਾਇੰਸ ਦੇ ਖੇਤਰ ਵਿੱਚ ਯੋਗਦਾਨ ਉਨ੍ਹਾਂ ਦੀ ਪਤਲੀਆਂ ਅਤੇ ਲਚਕਦਾਰ ਕੱਚ ਦੀਆਂ ਤਾਰਾਂ (ਗਲਾਸ ਫਾਈਬਰਜ਼) ਸਬੰਧੀ ਖੋਜ ਨਾਲ ਸ਼ੁਰੂ ਹੋਇਆ। ਉਨ੍ਹਾਂ ਨੇ ਪਹਿਲੀ ਵਾਰ ਇਹ ਸਾਬਤ ਕੀਤਾ ਕਿ ਆਪਟੀਕਲ ਫਾਈਬਰਾਂ ਦੇ ਗੁੱਛਿਆਂ ਰਾਹੀਂ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਤਸਵੀਰਾਂ ਭੇਜੀਆਂ ਜਾ ਸਕਦੀਆਂ ਹਨ। ਪ੍ਰੋਫੈਸਰ ਕਪਾਨੀ ਨੇ ਪਤਲੀਆਂ ਅਤੇ ਲਚਕਦਾਰ ਕੱਚ ਦੀਆਂ ਤਾਰਾਂ ਵਿਕਸਿਤ ਕੀਤੀਆਂ ਅਤੇ ਉਨ੍ਹਾਂ ਰਾਹੀਂ ਸਫਲਤਾਪੂਰਵਕ ਤਸਵੀਰਾਂ ਦਾ ਸੰਚਾਰ ਕਰਕੇ ਆਧੁਨਿਕ ਫਾਈਬਰ ਆਪਟਿਕਸ ਦੀ ਨੀਂਹ ਰੱਖੀ। ਉਨ੍ਹਾਂ ਨੇ 'ਆਪਟੀਕਲ ਫਾਈਬਰ' ਸ਼ਬਦ ਵੀ ਘੜਿਆ ਅਤੇ ਫਾਈਬਰਸਕੋਪ ਵਿਕਸਿਤ ਕੀਤਾ, ਜੋ ਬਾਅਦ ਵਿੱਚ ਐਂਡੋਸਕੋਪੀ ਵਰਗੀਆਂ ਤਕਨੀਕਾਂ ਦੇ ਵਿਕਾਸ ਦਾ ਆਧਾਰ ਬਣਿਆ। ਉਨ੍ਹਾਂ ਦੀ ਖੋਜ ਨੇ ਇਹ ਸਾਬਤ ਕੀਤਾ ਕਿ ਆਪਟੀਕਲ ਫਾਈਬਰਾਂ ਰਾਹੀਂ ਜਾਣਕਾਰੀ ਦਾ ਸੰਚਾਰ ਵੀ ਕੀਤਾ ਜਾ ਸਕਦਾ ਹੈ, ਜਿਸ ਨਾਲ ਤਸਵੀਰਾਂ ਦੇ ਸੰਚਾਰ ਤੋਂ ਅੱਗੇ ਵਧਦਿਆਂ ਆਵਾਜ਼ ਅਤੇ ਡਾਟਾ ਸੰਚਾਰ ਦੀਆਂ ਨਵੀਆਂ ਸੰਭਾਵਨਾਵਾਂ ਖੁੱਲ੍ਹੀਆਂ।"ਪ੍ਰੋ. ਮੰਡਲ ਨੇ ਅੱਗੇ ਕਿਹਾ "ਭਾਰਤੀ ਵਿਗਿਆਨੀਆਂ ਨੂੰ ਮਿਲਣ ਵਾਲੀ ਮਾਨਤਾ ਦਾ ਮੁੱਦਾ ਵੀ ਬਹੁਤ ਮਹੱਤਵਪੂਰਨ ਹੈ। ਵਿਗਿਆਨਕ ਯੋਗਦਾਨਾਂ ਨੂੰ ਹਮੇਸ਼ਾ ਉਹ ਮਾਨਤਾ ਨਹੀਂ ਮਿਲਦੀ ਜਿਸ ਦੇ ਉਹ ਹੱਕਦਾਰ ਹੁੰਦੇ ਹਨ ਅਤੇ ਨੋਬਲ ਪੁਰਸਕਾਰ ਪ੍ਰਾਪਤ ਕਰਨ ਦੀ ਪ੍ਰਕਿਰਿਆ ਵੀ ਕਈ ਪੱਖਾਂ ਤੋਂ ਗੁੰਝਲਦਾਰ ਹੈ। ਇਸ ਸੰਦਰਭ ਵਿੱਚ ਮੈਂ ਐੱਸ.ਐੱਨ. ਬੋਸ ਦੀ ਉਦਾਹਰਨ ਦਿੱਤੀ, ਜਿਨ੍ਹਾਂ ਦੇ ਕੰਮ ਦਾ ਭੌਤਿਕ ਵਿਗਿਆਨ ਉੱਤੇ ਸਥਾਈ ਪ੍ਰਭਾਵ ਰਿਹਾ ਹੈ ਅਤੇ ਜਿਨ੍ਹਾਂ ਦੀ ਖੋਜ ਕਈ ਨੋਬਲ ਪੁਰਸਕਾਰ ਜੇਤੂ ਵਿਗਿਆਨਕ ਵਿਕਾਸਾਂ ਨਾਲ ਜੁੜੀ ਹੋਈ ਹੈ, ਪਰ ਉਨ੍ਹਾਂ ਨੂੰ ਖੁਦ ਕਦੇ ਨੋਬਲ ਪੁਰਸਕਾਰ ਨਹੀਂ ਮਿਲਿਆ। ਇਸੇ ਤਰ੍ਹਾਂ ਪ੍ਰੋਫੈਸਰ ਕਪਾਨੀ ਦਾ ਆਪਟੀਕਲ ਫਾਈਬਰ ਤਕਨਾਲੋਜੀ ਵਿੱਚ ਯੋਗਦਾਨ ਵੀ ਸਦਾ ਯਾਦ ਰੱਖਣ ਅਤੇ ਅੱਗੇ ਵਧਾਉਣ ਯੋਗ ਹੈ। ਦੁਨੀਆ ਦੀ ਕੁੱਲ ਆਬਾਦੀ ਦਾ ਛੇਵਾਂ ਹਿੱਸਾ ਸਾਡੀ ਨੁਮਾਇੰਦਗੀ ਕਰਦਾ ਹੈ। ਅਜਿਹੇ ਦੂਰਦਰਸ਼ੀ ਵਿਗਿਆਨੀਆਂ ਦੀ ਵਿਗਿਆਨਕ ਵਿਰਾਸਤ ਨੂੰ ਅੱਗੇ ਲਿਜਾਣਾ ਨੋਬਲ ਪੁਰਸਕਾਰ ਪ੍ਰਾਪਤ ਕਰਨ ਜਿੰਨਾ ਹੀ ਮਹੱਤਵਪੂਰਨ ਹੈ। ਸਾਨੂੰ ਆਪਣੇ ਨੌਜਵਾਨ ਖੋਜਕਰਤਾਵਾਂ ਨੂੰ ਇਨ੍ਹਾਂ ਮਹਾਨ ਵਿਗਿਆਨੀਆਂ ਦੇ ਕੰਮ ਨੂੰ ਅੱਗੇ ਵਧਾਉਣ ਅਤੇ ਵਿਗਿਆਨ ਤੇ ਤਕਨਾਲੋਜੀ ਦੇ ਨਵੇਂ ਖੇਤਰਾਂ ਵਿੱਚ ਖੋਜ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸ ਮੌਕੇ 'ਤੇ ਗੱਲਬਾਤ ਕਰਦਿਆਂ ਹੋਇਆ "ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਕਿਹਾ, "ਡਾ. ਨਰਿੰਦਰ ਸਿੰਘ ਕਪਾਨੀ ਨੇ ਆਪਟੀਕਲ ਫਾਈਬਰ ਤਕਨਾਲੋਜੀ ਦੇ ਖੇਤਰ ਵਿੱਚ ਆਪਣੀਆਂ ਬੇਮਿਸਾਲ ਵਿਗਿਆਨਕ ਪ੍ਰਾਪਤੀਆਂ ਅਤੇ ਕ੍ਰਾਂਤੀਕਾਰੀ ਖੋਜਾਂ ਰਾਹੀਂ ਭਾਰਤ ਅਤੇ ਪੰਜਾਬ ਦਾ ਨਾਮ ਪੂਰੀ ਦੁਨੀਆ ਵਿੱਚ ਰੌਸ਼ਨ ਕੀਤਾ। ਅੱਜ ਸਮੁੱਚਾ ਵਿਸ਼ਵ ਉਨ੍ਹਾਂ ਦੀ ਉਸ ਇਤਿਹਾਸਕ ਦੇਣ ਦਾ ਲਾਭ ਉਠਾ ਰਿਹਾ ਹੈ, ਜਿਸ ਨੇ ਹਾਈ-ਸਪੀਡ ਇੰਟਰਨੈੱਟ ਅਤੇ ਆਧੁਨਿਕ ਡਿਜੀਟਲ ਸੰਚਾਰ ਪ੍ਰਣਾਲੀ ਨੂੰ ਸੰਭਵ ਬਣਾਇਆ। ਡਾ. ਕਪਾਨੀ ਵੱਲੋਂ ਆਪਟੀਕਲ ਫਾਈਬਰ ਦੇ ਖੇਤਰ ਵਿੱਚ ਕੀਤੀ ਗਈ ਖੋਜ ਤੋਂ ਬਿਨਾਂ ਦੁਨੀਆ ਹਾਈ-ਸਪੀਡ ਡਾਟਾ ਟਰਾਂਸਮਿਸ਼ਨ ਅਤੇ ਡਿਜੀਟਲ ਸੰਚਾਰ ਦੇ ਖੇਤਰ ਵਿੱਚ ਅਜਿਹੀ ਸ਼ਾਨਦਾਰ ਤਰੱਕੀ ਨਹੀਂ ਕਰ ਸਕਦੀ ਸੀ, ਜਿਸ ਨੇ ਮਨੁੱਖੀ ਸਭਿਅਤਾ ਨੂੰ ਨਵੀਂ ਦਿਸ਼ਾ ਦਿੱਤੀ ਹੈ। ਅੱਜ ਅਤੇ ਭਵਿੱਖ ਦੀਆਂ ਤਕਨਾਲੋਜੀਆਂ, ਜਿਨ੍ਹਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ, ਡਾਟਾ ਸੈਂਟਰ, ਹਾਈ-ਸਪੀਡ ਇੰਟਰਨੈੱਟ ਅਤੇ ਮਹਾਂਦੀਪਾਂ ਦਰਮਿਆਨ ਜਾਣਕਾਰੀ ਦਾ ਨਿਰਵਿਘਨ ਆਦਾਨ-ਪ੍ਰਦਾਨ ਸ਼ਾਮਲ ਹੈ, ਸਭ ਦੀ ਬੁਨਿਆਦ ਆਪਟੀਕਲ ਫਾਈਬਰ ਤਕਨਾਲੋਜੀ 'ਤੇ ਟਿਕੀ ਹੋਈ ਹੈ। ਡਾ. ਕਪਾਨੀ ਦੀ ਖੋਜ ਨੇ ਮਨੁੱਖਤਾ ਲਈ ਡਿਜੀਟਲ ਯੁੱਗ ਵਿੱਚ ਪ੍ਰਵੇਸ਼ ਕਰਨ ਦਾ ਰਾਹ ਪੱਧਰਾ ਕੀਤਾ ਅਤੇ ਦੁਨੀਆ ਭਰ ਵਿੱਚ ਤਕਨੀਕੀ ਤਰੱਕੀ ਦੀ ਰਫ਼ਤਾਰ ਨੂੰ ਤੇਜ਼ ਕਰਨ ਵਿੱਚ ਪਰਿਵਰਤਨਕਾਰੀ ਭੂਮਿਕਾ ਨਿਭਾਈ। "ਭਾਰਤ ਦੀ ਪਹਿਲੀ ਡਾ. ਨਰਿੰਦਰ ਸਿੰਘ ਕਪਾਨੀ ਰਿਸਰਚ ਚੇਅਰ ਦੀ ਸਥਾਪਨਾ ਦੇ ਨਾਲ ਸਾਲਾਨਾ ਖੋਜ ਗ੍ਰਾਂਟ ਅਤੇ ਵਿਸ਼ੇਸ਼ ਸਨਮਾਨ ਪੁਰਸਕਾਰਾਂ ਦੀ ਸ਼ੁਰੂਆਤ ਕਰਨਾ, ਚੰਡੀਗੜ੍ਹ ਯੂਨੀਵਰਸਿਟੀ ਭਾਰਤ ਦੇ ਸਭ ਤੋਂ ਮਾਣਮੱਤੇ ਵਿਗਿਆਨਕ ਦਿਮਾਗਾਂ ਵਿੱਚੋਂ ਇੱਕ ਦੀ ਵਿਰਾਸਤ ਨੂੰ ਅੱਗੇ ਵਧਾਉਣ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਪਹਿਲਕਦਮੀ ਰਾਹੀਂ ਚੰਡੀਗੜ੍ਹ ਯੂਨੀਵਰਸਿਟੀ ਦਾ ਉਦੇਸ਼ ਉੱਭਰਦੇ ਖੋਜਕਰਤਾਵਾਂ ਲਈ ਨਵੇਂ ਮੌਕੇ ਪੈਦਾ ਕਰਨਾ, ਵਿਗਿਆਨ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲੀਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕਰਨਾ ਅਤੇ ਭਾਰਤੀ ਵਿਗਿਆਨੀਆਂ ਦੀ ਅਗਲੀ ਪੀੜ੍ਹੀ ਨੂੰ ਨਵੀਆਂ ਤੇ ਕ੍ਰਾਂਤੀਕਾਰੀ ਖੋਜਾਂ ਅਤੇ ਨਵੀਨਤਾਵਾਂ ਲਈ ਪ੍ਰੇਰਿਤ ਕਰਨਾ ਹੈ।